Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20* Issue 174 | Friday, September 03, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਅੰਦਰ ਪੜ੍ਹੋ

ਪੰਜਾਬ ਵਿੱਚ ਚੋਣਾਂ ਤੋਂ ਪਹਿਲਾਂ ਹਿੰਸਾ ਸ਼ੁਰੂ, ਮੋਗਾ ਵਿੱਚ ਅਕਾਲੀ ਰੈਲੀ ਵਿੱਚ ਪਥਰਾਅ



ਪੰਨਾ 05

## ਜਗਮੀਤ ਸਿੰਘ ਦੇ ਟਰੱਕ ਦਾ ਟਾਇਰ ਲੱਥਿਆ, ਈਵੈਂਟ ਲਈ ਹੋਏ ਲੇਟ

ਮਾਂਟਰੀਅਲ, 2 ਸਤੰਬਰ (ਪੋਸਟ ਬਿਊਰੋ) : ਅੱਜ ਸਵੇਰੇ ਮਾਂਟਰੀਅਲ ਵਿੱਚ ਹੋਣ ਵਾਲੇ ਈਵੈਂਟ ਵਿੱਚ ਬਹਿਸ ਤੋਂ ਪਹਿਲਾਂ ਜਗਮੀਤ ਸਿੰਘ ਨੂੰ ਫੋਟੋ-ਓਪ ਲਈ ਲਿਜਾਂਦੇ ਸਮੇਂ ਉਦੋਂ ਅੜਿੱਕਾ ਪੈ ਗਿਆ ਜਦੋਂ ਉਨ੍ਹਾਂ ਦੇ ਕਸਟਮ ਟਰੱਕ ਦਾ ਇੱਕ ਟਾਇਰ ਹੀ ਲਹਿ ਗਿਆ। ਐਨਡੀਪੀ ਨੂੰ ਮਜਬੂਰਨ ਦੋ ਘੰਟੇ ਲੇਟ ਇਸ ਈਵੈਂਟ ਉੱਤੇ




ਜਗਮੀਤ ਸਿੰਘ ਨੂੰ ਲਿਜਾਣਾ ਪਿਆ। ...ਬਾਕੀ ਪੰਨਾ 6 'ਤੇ

## ਫਰੈਂਚ ਭਾਸ਼ਾ ਦੀ ਬਹਿਸ ਵਿਚ ਓਟੂਲ ਨੇ ਖਾਤਾ ਖੋਲ੍ਹਿਆ, ਟਰੂਡੋ ਚੋਣਾਂ ਕਰਵਾਉਣ ਲਈ ਸਫਾਈ ਦਿੰਦੇ ਆਏ ਨਜ਼ਰ



ਓਟਵਾ, 2 ਸਤੰਬਰ (ਪੋਸਟ ਬਿਊਰੋ) : ਕਿਊਬਿਕ ਵਿੱਚ ਵੋਟਾਂ ਜਿੱਤਣ ਦੇ ਇਰਾਦੇ ਨਾਲ ਵੀਰਵਾਰ ਨੂੰ ਹੋਈ ਪਹਿਲੀ ਫਰੈਂਚ ਭਾਸ਼ਾ ਦੀ ਬਹਿਸ ਵਿੱਚ ਦੋਵੇਂ ਮੁੱਖ ਵਿਰੋਧੀ ਨਿੱਤਰੇ।

ਟੀਵੀਏ ਦੀ ਇਸ ਬਹਿਸ ਵਿੱਚ ਪਹਿਲਾ ਸਵਾਲ ਹੀ ਕੋਵਿਡ-19 ਮਹਾਂਮਾਰੀ ਦੇ ਨਾਲ ਸਬੰਧਤ ਪੁੱਛਿਆ ਗਿਆ। ਬਲਾਕ ਕਿਊਬਿਕੁਆ ਦੇ ਆਗੂ ਯਵੇਸ ਫਰੈਂਕੋਇਸ ਬਲਾਂਸ਼ੇ ਨੇ ਲਿਬਰਲ ਆਗੂ ਜਸਟਿਨ ਟਰੂਡੋ ਨੂੰ ਪੁੱਛਿਆ ਕਿ ਅਜਿਹਾ ਕੀ ਕਾਰਨ ਸੀ ਕਿ ਉਨ੍ਹਾਂ ਨੂੰ ਕੋਵਿਡ-19 ਦੀ ਚੌਥੀ ਵੇਵ ਦਰਮਿਆਨ ਚੋਣਾਂ ਦਾ ਸੱਦਾ ਦੇਣਾ ਪਿਆ? ਇਸ ਦੇ ਜਵਾਬ ਵਿੱਚ ਟਰੂਡੋ ਨੇ ਆਖਿਆ ਕਿ ਹੁਣ ਫੈਡਰਲ ਸਰਕਾਰ ਕੋਲ ਵੱਡੇ ਫੈਸਲੇ ਲੈਣ ਦਾ ਸਮਾਂ ਹੈ ਤੇ ਕੈਨੇਡੀਅਨਾਂ ਨੂੰ ਇਸ ਬਾਰੇ ਆਪਣੀ ਰਾਇ ਪ੍ਰਗਟਾਉਣੀ ਚਾਹੀਦੀ ਹੈ।

ਕੰਜ਼ਰਵੇਟਿਵ ਆਗੂ ਐਰਿਨ ਓਟੂਲ ਤੇ ਐਨਡੀਪੀ ਆਗੂ ਜਗਮੀਤ ਸਿੰਘ ਵੀ ਇਸ ਬਹਿਸ ਵਿੱਚ ਹਿੱਸਾ ਲੈ ਰਹੇ ਹਨ। ਪਰ ਗ੍ਰੀਨ ਪਾਰਟੀ ਦੀ ਆਗੂ ਅਨੇਮੀ ਪਾਲ ਤੇ ਪੀਪਲਜ਼ ਪਾਰਟੀ ਦੇ ਆਗੂ ਮੈਕਸਿਮ ਬਰਨੀਅਰ ਨੂੰ ਇਸ ਬਹਿਸ ਵਿੱਚ ਹਿੱਸਾ ਲੈਣ ਦਾ ਸੱਦਾ ਨਹੀਂ ਦਿੱਤਾ ਗਿਆ।

...ਬਾਕੀ ਪੰਨਾ 6 'ਤੇ

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

## ਜਨਵਰੀ ਤੋਂ ਲਾਪਤਾ ਵਿਅਕਤੀ ਦਾ ਪਿੰਜਰ ਕੂੜਾ ਸੁੱਟਣ ਵਾਲੀ ਥਾਂ ਤੋਂ ਮਿਲਿਆ

ਓਨਟਾਰੀਓ, 2 ਸਤੰਬਰ (ਪੋਸਟ ਬਿਊਰੋ) : ਕਈ ਮਹੀਨਿਆਂ ਤੋਂ ਲਾਪਤਾ ਵਿਅਕਤੀ ਦਾ ਪਿੰਜਰ ਮਿਲਣ ਤੋਂ ਬਾਅਦ ਉਸ ਦੀ ਭਾਲ ਦਾ ਕੰਮ ਆਖਿਰਕਾਰ ਬੰਦ ਕਰ ਦਿੱਤਾ ਗਿਆ ਹੈ। ਜਾਂਚਕਾਰਾਂ ਨੂੰ 57 ਸਾਲਾ ਨਥਾਨੀਅਲ ਬ੍ਰੈਟਲ ਦਾ ਪਿੰਜਰ ਲੰਡਨ, ਓਨਟਾਰੀਓ ਵਿੱਚ ਕੂੜਾ ਸੁੱਟਣ ਵਾਲੀ ਥਾਂ ਤੋਂ ਮਿਲਿਆ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ ਉਹ ਪਿਛਲੇ ਕਈ ਮਹੀਨਿਆਂ ਤੋਂ ਇਸ ਥਾਂ ਉੱਤੇ ਜਾਂਚ ਕਰ ਰਹੀ ਸੀ ਤੇ ਆਖਿਰਕਾਰ ਉਨ੍ਹਾਂ ਨੂੰ ਬ੍ਰੈਟਲ ਦਾ ਪਿੰਜਰ ਮਿਲ ਹੀ ਗਿਆ। ਬ੍ਰੈਟਲ ਦੀ ਪਛਾਣ ਉਸ ਦੇ ਫਿੰਗਰਪ੍ਰਿੰਟਸ ਤੋਂ ਹੋਈ। 21 ਜਨਵਰੀ, 2021 ਨੂੰ ਆਪਣੇ ਟੋਰਾਂਟੋ ਸਥਿਤ ਘਰ ਤੋਂ



ਲਾਪਤਾ ਹੋਣ ਤੋਂ ਬਾਅਦ ਬ੍ਰੈਟਲ ਦੀ ਭਾਲ ਸ਼ੁਰੂ ਹੋਈ। ਜਾਂਚ ਦੌਰਾਨ ਪਹਿਲੀ ਫਰਵਰੀ ਨੂੰ ਪੁਲਿਸ ਬ੍ਰੈਟਲ ਦੇ ਰੌਇਲ ਯੌਰਕ ਬੋਲੀਵੀਆਰਡ ਤੇ ਲਾਅਰੈਂਸ ਐਵਨਿਊ ਵੈਸਟ ਸਥਿਤ ਏਰੀਆ ਸਥਿਤ ਉਸ ਦੇ ਘਰ ਪਹੁੰਚੀ। ...ਬਾਕੀ ਪੰਨਾ 6 'ਤੇ

## ਪੁਲਿਸ ਨੂੰ 552 ਕਿੱਲੋ ਕੋਕੀਨ ਮਿਲਣ ਦਾ ਸ਼ੱਕ, ਦੋ ਵਿਅਕਤੀ ਹਿਰਾਸਤ ਵਿੱਚ

ਹੈਲੀਫੈਕਸ, 2 ਸਤੰਬਰ (ਪੋਸਟ ਬਿਊਰੋ) : ਨੋਵਾ ਸਕੋਸ਼ੀਆ ਦੇ ਤੱਟ ਤੋਂ ਇੱਕ ਬਲਦੀ ਹੋਈ ਸੇਲਬੋਟ ਤੋਂ ਪੁਲਿਸ ਨੂੰ ਕਥਿਤ ਤੌਰ ਉੱਤੇ 552 ਕਿੱਲੋ ਕੋਕੀਨ ਮਿਲੀ ਹੈ। ਇਸ ਸਬੰਧ ਵਿੱਚ ਪੁਲਿਸ ਨੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਵਿੱਚੋਂ ਇੱਕ ਫੈਡਰਲ ਜਾਂਚ ਦੇ ਮਾਮਲੇ ਵਿੱਚ ਵੀ ਵਾਂਟਿਡ ਹੈ। ...ਬਾਕੀ ਪੰਨਾ 6 'ਤੇ



## ਬਜ਼ੁਰਗ ਨੂੰ ਕੁੱਟ ਕੇ ਮਾਰਨ ਵਾਲੇ ਦੋ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੁਲਿਸ

ਟੋਰਾਂਟੋ, 2 ਸਤੰਬਰ (ਪੋਸਟ ਬਿਊਰੋ) : ਕਈ ਹਫਤੇ ਪਹਿਲਾਂ ਈਸਟ ਯੌਰਕ ਵਿੱਚ ਇੱਕ ਹਮਲੇ ਵਿੱਚ ਜ਼ਖ਼ਮੀ ਹੋਏ ਸੀਨੀਅਰ ਸਿਟੀਜ਼ਨ ਦੀ ਹਸਪਤਾਲ ਵਿੱਚ ਮੌਤ ਹੋ ਜਾਣ ਤੋਂ ਬਾਅਦ ਟੋਰਾਂਟੋ ਪੁਲਿਸ ਹੁਣ ਕਤਲ ਦੇ ਮਾਮਲੇ ਦੀ ਜਾਂਚ ਕਰ ਰਹੀ ਹੈ। ...ਬਾਕੀ ਪੰਨਾ 6 'ਤੇ

NOW HIRING !!!
ALLKIND INSURANCE
Life Insurance • Super Visa Insurance
Critical illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI 416.994.7272
www.allkindinsurance.com

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
Raj & Gulshan Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

SUPER VISA INSURANCE EXPERTS
Punjab Insurance Inc
Super Visa Monthly plans available
Disability Insurance
Mortgage Insurance
Life Insurance
Visitor Insurance
Travel Insurance
RESP(Education Plan)
Critical Illness Insurance
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor

INSURANCE
Home • Auto • Business • Trucking • Life Insurance • Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

REXDALE BODY SHOP USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਲਿਬਰਲਾਂ ਨੇ 2021 ਲਈ ਜਾਰੀ ਕੀਤਾ ਆਪਣਾ ਪਲੇਟਫਾਰਮ

***ਮਹਾਂਮਾਰੀ ਤੋਂ ਬਾਅਦ ਕੈਨੇਡਾ ਨੂੰ ਸੰਵਾਰਨ ਉੱਤੇ 78 ਬਿਲੀਅਨ ਡਾਲਰ ਖਰਚਣ ਦਾ ਕੀਤਾ ਵਾਅਦਾ**




ਓਟਵਾ, 2 ਸਤੰਬਰ (ਪੋਸਟ ਬਿਊਰੋ) : ਬੁੱਧਵਾਰ ਨੂੰ ਫੈਡਰਲ ਲਿਬਰਲਾਂ ਨੇ ਦੇਸ਼ ਨੂੰ ਕੋਵਿਡ-19 ਮਹਾਂਮਾਰੀ ਤੋਂ ਬਾਹਰ ਕੱਢਣ ਲਈ ਪੂਰੀ ਯੋਜਨਾ ਦਾ ਖੁਲਾਸਾ ਕੀਤਾ। ਇਸ ਦੇ ਨਾਲ ਹੀ 2021 ਲਈ ਜਾਰੀ ਕੀਤੇ ਗਏ ਪਲੇਟਫਾਰਮ ਵਿੱਚ ਨਵੀਂ ਫੰਡਿੰਗ, ਕਿਫਾਇਤ ਤੇ ਸਮਾਨਤਾ ਵਰਗੇ ਮੁੱਦਿਆਂ ਸਬੰਧੀ ਵਾਅਦੇ ਕੀਤੇ ਗਏ।

ਟੋਰਾਂਟੋ ਵਿੱਚ ਕਰਵਾਏ ਗਏ ਇੱਕ ਈਵੈਂਟ ਵਿੱਚ ਲਿਬਰਲ ਆਗੂ ਜਸਟਿਨ ਟਰੂਡੋ ਨੇ 82 ਪੰਨਿਆਂ ਦਾ ਦਸਤਾਵੇਜ਼ ਜਾਰੀ ਕਰਦਿਆਂ ਯੰਗ ਕੈਨੇਡੀਅਨਜ਼, ਪਰਿਵਾਰਾਂ ਤੇ ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਅਤੇ ਮੁੜ ਆਪਣੇ ਪੈਰਾਂ ਉੱਤੇ ਖੜ੍ਹਾਂ ਹੋਣ ਦੀ ਕੋਸ਼ਿਸ਼ ਕਰਨ ਵਾਲੇ ਬਿਜ਼ਨਸਾਂ ਨੂੰ ਰਿਆਇਤਾਂ ਦੇਣ ਦਾ ਵਾਅਦਾ ਕੀਤਾ। ਟਰੂਡੋ ਨੇ ਆਖਿਆ ਕਿ ਇਨ੍ਹਾਂ ਚੋਣਾਂ ਵਿੱਚ ਤੁਹਾਡੇ ਕੋਲ ਇਹ ਤੈਅ ਕਰਨ ਦਾ ਮੌਕਾ ਹੋਵੇਗਾ ਕਿ ਤੁਹਾਡੇ ਅਗਲੇ 18 ਮਹੀਨੇ ਜਾਂ ਅਗਲੇ 18 ਸਾਲ ਕਿਹੋ ਜਿਹੇ ਹੋਣਗੇ। ਉਨ੍ਹਾਂ ਆਖਿਆ ਕਿ ਅਸੀਂ ਸਾਰਿਆਂ ਨੂੰ ਚੰਗੀ ਸਿਹਤ , ਕਿਫਾਇਤੀ ਘਰ, ਚਾਈਲਡਕੇਅਰ ਤੇ ਕਲਾਈਮੇਟ ਲਈ ਯੋਜਨਾ ਮੁਹੱਈਆ ਕਰਾਵਾਂਗੇ।

ਤਿੰਨ ਮੁੱਖ ਫੈਡਰਲ ਪਾਰਟੀਆਂ ਵਿੱਚ ਲਿਬਰਲ ਹੀ ਹਨ ਜਿਹੜੇ ਪਲੇਟਫਾਰਮ ਜਾਰੀ ਕਰਨ ਵਾਲੇ ਆਖਰੀ ਹਨ। ਇਹ ਪਲੇਟਫਾਰਮ ਟੀਵੀਏ ਵੱਲੋਂ ਫਰੈਂਚ ਵਿੱਚ ਹੋਣ ਵਾਲੀ ਆਗੂਆਂ ਦੀ ਪਹਿਲੀ ਬਹਿਸ ਤੋਂ ਇੱਕ ਦਿਨ ਪਹਿਲਾਂ ਜਾਰੀ ਕੀਤਾ ਗਿਆ ਹੈ। ਇਸ ਵਿੱਤੀ ਵਰ੍ਹੇ ਵਿੱਚ ਲਿਬਰਲਾਂ ਨੇ 13 ਬਿਲੀਅਨ ਡਾਲਰ ਖਰਚਣ ਦਾ ਵਾਅਦਾ ਕੀਤਾ ਹੈ ਤੇ ਅਗਲੇ ਪੰਜ ਸਾਲਾਂ ਵਿੱਚ 78 ਬਿਲੀਅਨ ਡਾਲਰ ਖਰਚਣ ਦਾ ਵਾਅਦਾ ਕੀਤਾ ਹੈ।

ਲਿਬਰਲਾਂ ਨੇ ਮਹਾਂਮਾਰੀ ਤੋਂ ਬਾਅਦ ਅਰਥਚਾਰੇ, ਹੈਲਥ ਰਿਕਵਰੀ ਲਈ ਹੋਰ ਖਰਚਾ ਕਰਨ ਦਾ ਤਹੱਈਆ ਪ੍ਰਗਟਾਇਆ ਹੈ। ਇਸ ਤੋਂ ਇਲਾਵਾ ਅਗਲੇ ਕੁੱਝ ਸਾਲਾਂ ਵਿੱਚ ਅਫਗਾਨਿਸਤਾਨ ਤੋਂ ਰਫਿਊਜੀਆਂ ਦੀ ਗਿਣਤੀ ਅਗਲੇ ਕੁੱਝ ਸਾਲਾਂ ਵਿੱਚ ਵਧਾਉਣ ਲਈ 350 ਮਿਲੀਅਨ ਡਾਲਰ ਖਰਚਣ ਦਾ ਕਰਾਰ ਵੀ ਕੀਤਾ ਹੈ। ਇਸ ਦੇ ਨਾਲ ਹੀ ਨਵੇਂ ਗੰਨ ਕੰਟਰੋਲ ਦੀ ਸੀਰੀਜ਼ ਨੂੰ ਲਾਗੂ ਕਰਨ ਲਈ ਵੀ ਕੰਮ ਕਰਨ ਦਾ ਵਾਅਦਾ ਕੀਤਾ ਗਿਆ ਹੈ।

ਇਹ ਪਲੇਟਫਾਰਮ ਛੇ ਮੁੱਖ ਵੰਨਗੀਆਂ ਵਿੱਚ ਵੰਡਿਆ ਗਿਆ ਹੈ ਮਹਾਂਮਾਰੀ, ਹਾਊਸਿੰਗ, ਹੈਲਥ ਕੇਅਰ, ਅਰਥਚਾਰਾ, ਕਲਾਈਮੇਟ ਚੇਂਜ ਤੇ ਸੁਲ੍ਹਾ। ਲਿਬਰਲਾਂ ਨੇ ਅਗਲੇ ਪੰਜ ਸਾਲਾਂ ਵਿੱਚ ਰੈਜ਼ੀਡੈਂਸ਼ੀਅਲ ਸਕੂਲਜ਼ ਦੇ ਮੁੱਦੇ ਨੂੰ ਸਾਂਭਣ ਲਈ ਸੱਚ, ਨਿਆਂ ਤੇ ਮਲ੍ਹਮ ਲਾਉਣ ਦੀਆ ਪਹਿਲਕਦਮੀਆਂ ਕਰਨ ਲਈ 2 ਬਿਲੀਅਨ ਡਾਲਰ ਖਰਚਣ ਦਾ ਵਾਅਦਾ ਕੀਤਾ। ਲਿਬਰਲਾਂ ਨੇ ਆਪਣੇ ਪਲੇਟਫਾਰਮ ਵਿੱਚ ਆਖਿਆ ਕਿ ਫੈਡਰਲ ਪੱਧਰ ਉੱਤੇ ਰੈਗੂਲੇਟ ਕੀਤੇ ਜਾਣ ਵਾਲੇ ਸੈਕਟਰ ਵਿੱਚ ਵਰਕਰਜ਼ ਲਈ ਪੰਜ ਦਿਨਾਂ ਦੀ ਪੇਡ ਲੀਵ ਦੀ ਵੀ ਪੇਸ਼ਕਸ਼ ਕੀਤੀ ਹੈ। ਲਿਬਰਲਾਂ ਨੇ ਇਹ ਵੀ ਆਖਿਆ ਕਿ ਉਹ ਘੱਟ ਤੋਂ ਘੱਟ ਟੈਕਸ ਰੂਲ ਵੀ ਲਿਆਉਣਾ ਚਾਹੁੰਦੇ ਹਾਂ।

# ਸਾਰਿਆਂ ਨੂੰ ਨਾਲ ਲੈ ਕੇ ਅੱਗੇ ਵਧਣਾ ਹੀ ਹੈ ਟੀਮ ਟਰੂਡੋ ਦਾ ਅਸਲੀ ਪਲੈਨ : ਰੂਬੀ ਸਹੋਤਾ

ਬਰੈਂਪਟਨ, 2 ਸਤੰਬਰ (ਪੋਸਟ ਬਿਊਰੋ) : ਅੱਜ ਰੂਬੀ ਸਹੋਤਾ ਤੇ ਲਿਬਰਲ ਪਾਰਟੀ ਆਫ ਕੈਨੇਡਾ ਵੱਲੋਂ ਕੈਨੇਡਾ ਨੂੰ ਅੱਗੇ ਲਿਜਾਣ ਲਈ ਆਪਣੇ ਪਲੈਨ ਦਾ ਖੁਲਾਸਾ ਕੀਤਾ ਗਿਆ।

ਬਰੈਂਪਟਨ ਨੌਰਥ ਤੋਂ ਲਿਬਰਲ ਉਮੀਦਵਾਰ ਰੂਬੀ ਸਹੋਤਾ ਨੇ ਆਖਿਆ ਕਿ ਪਿਛਲੇ 18 ਮਹੀਨਿਆਂ ਤੋਂ ਕੈਨੇਡੀਅਨਜ਼ ਨੂੰ ਇਸ ਸਦੀ ਦੇ ਸੱਭ ਤੋਂ ਵੱਡੇ ਸੰਕਟ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਵੱਲੋਂ ਮਾਸਕ ਪਾਏ ਗਏ ਤੇ ਇੱਕ ਦੂਜੇ ਨੂੰ ਸੁਰੱਖਿਅਤ ਰੱਖਣ ਲਈ ਖੁਦ ਨੂੰ ਘਰਾਂ ਵਿੱਚ ਬੰਦ ਕੀਤਾ ਗਿਆ। ਉਨ੍ਹਾਂ ਘਰਾਂ ਤੋਂ ਕੰਮ ਕੀਤਾ ਤੇ ਉਨ੍ਹਾਂ ਦੇ ਬੱਚਿਆਂ ਨੇ ਵਰਚੂਅਲ ਤੌਰ ਉੱਤੇ ਪੜ੍ਹਾਈ ਕੀਤੀ।
ਹੁਣ ਉਹ ਜ਼ਿੰਦਗੀ ਨੂੰ ਪਹਿਲਾਂ ਵਾਂਗ ਲੀਹ ਉੱਤੇ ਲਿਆਉਣ ਲਈ ਟੀਕਾਕਰਣ ਵੀ ਕਰਵਾ ਰਹੇ ਹਨ। ਕੋਵਿਡ-19 ਮਹਾਂਮਾਰੀ ਨੂੰ ਖ਼ਤਮ ਕਰਨ ਲਈ ਕੈਨੇਡੀਅਨਜ਼ ਆਪਣੇ ਇਰਾਦੇ ਉੱਤੇ ਦ੍ਰਿੜ ਰਹੇ ਤੇ ਹੁਣ ਉਨ੍ਹਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ, ਮੱਧ ਵਰਗ ਦਾ ਵਿਕਾਸ ਕਰਨ ਤੇ ਭਵਿੱਖ ਦੇ ਨਿਰਮਾਣ ਦਾ ਸਮਾਂ ਆ ਗਿਆ ਹੈ।

ਸਾਰਿਆਂ ਨੂੰ ਅੱਗੇ ਲਿਜਾਣਾ ਹੀ ਲਿਬਰਲ ਪਾਰਟੀ ਦਾ ਪਲੈਨ ਹੈ ਤੇ ਸਿਰਫ ਸਾਡੀ ਪਾਰਟੀ ਕੋਲ ਹੀ ਅਜਿਹੀ ਟੀਮ ਹੈ ਜਿਹੜੀ ਕੋਵਿਡ-19 ਖਿਲਾਫ ਲੜਾਈ ਖ਼ਤਮ ਕਰ ਸਕਦੀ ਹੈ ਤੇ ਕੈਨੇਡਾ ਨੂੰ ਪਹਿਲਾਂ ਵਾਂਗ ਰਹਿਣ ਲਈ ਬਿਹਤਰ ਥਾਂ ਬਣਾ ਸਕਦੀ ਹੈ। ਕੈਨੇਡੀਅਨਜ਼ ਨੇ ਰਲ ਕੇ ਹੁਣ ਤੱਕ ਇਸ ਸੰਕਟ ਦਾ ਸਾਹਮਣਾ ਕੀਤਾ ਹੈ ਤੇ ਅੱਗੇ ਵੀ ਅਸੀਂ ਅਜਿਹਾ ਹੀ ਕਰਾਂਗੇ ਤੇ ਲਿਬਰਲ ਪਾਰਟੀ ਇਸ ਦੌਰਾਨ ਕੈਨੇਡੀਅਨਜ਼ ਦੇ ਨਾਲ ਰਹੀ ਹੈ ਤੇ ਅੱਗੇ ਵੀ ਰਹੇਗੀ। ਸਾਨੂੰ ਰਲ ਕੇ ਕੋਵਿਡ-19 ਖਿਲਾਫ ਲੜਾਈ ਨੂੰ ਖ਼ਤਮ ਕਰਨਾ ਹੋਵੇਗਾ। ਅਸੀਂ ਸਾਰਿਆਂ ਨਾਲ ਰਲ ਕੇ ਅੱਗੇ ਵਧਣ ਵਿੱਚ ਯਕੀਨ ਰੱਖਦੇ ਹਾਂ।



ਲਿਬਰਲ ਪਲੇਟਫਾਰਮ ਕੈਨੇਡੀਅਨਜ਼ ਨੂੰ ਮਹਾਂਮਾਰੀ ਤੋਂ ਬਾਹਰ ਕੱਢਣ ਲਈ ਤਿਆਰ ਕੀਤਾ ਗਿਆ ਹੈ ਤੇ ਅਸੀਂ ਰਲ ਕੇ ਹੇਠ ਲਿਖੇ ਕੰਮ ਕਰਾਂਗੇ :

* ਕੈਨੇਡੀਅਨਜ਼ ਨੂੰ ਆਪਣਾ ਘਰ ਲੱਭਣ ਵਿੱਚ ਮਦਦ ਕਰਾਂਗੇ, ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਨੂੰ 30,000 ਡਾਲਰ ਤੱਕ ਦੀ ਬਚਤ ਹੋਵੇਗੀ, 1·4 ਮਿਲੀਅਨ ਪਰਿਵਾਰਾਂ ਕੋਲ ਆਪਣਾ ਘਰ ਹੋਵੇਗਾ, ਕੈਨੇਡੀਅਨਜ਼ ਦੇ ਅਧਿਕਾਰਾਂ ਦੀ ਰਾਖੀ ਕਰਾਂਗੇ ਤੇ ਸੱਟੇਬਾਜ਼ਾਂ ਖਿਲਾਫ ਕਾਰਵਾਈ ਕਰਾਂਗੇ।
* ਚਾਈਲਡਕੇਅਰ ਲਈ ਦਿਨ ਦੇ 10 ਡਾਲਰ ਫੀਸ ਯਕੀਨੀ ਬਣਾਵਾਂਗੇ
* ਵੈਕਸੀਨੇਸ਼ਨ ਸਬੰਧੀ ਦਸਤਾਵੇਜ਼ਾਂ ਦਾ ਸਬੂਤ ਲਾਗੂ ਕਰਕੇ ਤੇ ਜਹਾਜ਼ਾਂ ਤੇ ਰੇਲਗੱਡੀਆਂ ਵਿੱਚ ਸਫਰ ਕਰਨ ਵਾਲੇ ਲੋਕਾਂ ਲਈ ਵੈਕਸੀਨੇਸ਼ਨ ਲਾਜ਼ਮੀ ਕਰਕੇ ਕੋਵਿਡ-19 ਖਿਲਾਫ ਲੜਾਈ ਨੂੰ ਖ਼ਤਮ ਕਰਾਂਗੇ
* ਯੂਨੀਵਰਸਲ, ਪਬਲਿਕ ਹੈਲਥ ਕੇਅਰ ਸਿਸਟਮ, ਪ੍ਰਾਇਮਰੀ ਕੇਅਰ, ਲਾਂਗ ਟਰਮ ਕੇਅਰ ਤੇ ਮੈਂਟਲ ਹੈਲਥ ਵਿੱਚ ਨਿਵੇਸ਼ ਕਰਕੇ ਕੈਨੇਡੀਅਨਜ਼ ਨੂੰ ਸਿਹਤਮੰਦ ਰੱਖਾਂਗੇ
* ਨਵੀਂਆਂ ਗ੍ਰੀਨ ਜੌਬਜ਼ ਸਿਰਜ ਕੇ, ਤੇਲ ਤੇ ਗੈਸ ਸੈਕਟਰ ਵਿੱਚ ਪ੍ਰਦੂਸ਼ਣ ਘਟਾ ਕੇ ਤੇ ਜ਼ੀਰੋ ਰਿਸਾਅ ਵਾਲੀਆਂ ਗੱਡੀਆਂ ਲਿਆ ਕੇ ਆਪਣੀਆਂ ਕਮਿਊਨਿਟੀਜ਼ ਨੂੰ ਸਾਫ ਸੁਥਰਾ ਬਣਾ ਕੇ ਅਸੀਂ ਕਲਾਈਮੇਟ ਚੇਂਜ ਖਿਲਾਫ ਸੰਘਰਸ਼ ਤੇਜ਼ ਕਰਾਂਗੇ
* ਹਰ ਕਿਸੇ ਨੂੰ ਉਸ ਦਾ ਜਾਇਜ਼ ਹਿੱਸਾ ਅਦਾ ਕਰਨਾ ਯਕੀਨੀ ਬਣਾਵਾਂਗੇ, ਇਨ੍ਹਾਂ ਵਿੱਚ ਵੱਡੇ ਬੈਂਕ ਤੇ ਅਮੀਰ ਕੈਨੇਡੀਅਨਜ਼ ਵੀ ਸ਼ਾਮਲ ਕੀਤੇ ਜਾਣਗੇ
* ਪਾਬੰਦੀਸ਼ੁਦਾ ਹਥਿਆਰਾਂ ਸਬੰਧੀ ਕਾਨੂੰਨ ਹੋਰ ਸਖ਼ਤ ਕਰਕੇ ਤੇ ਹੈਂਡਗੰਨਜ਼ ਉੱਤੇ ਪਾਬੰਦੀਆਂ ਨੂੰ ਲਾਗੂ ਕਰਨ ਲਈ ਪ੍ਰੋਵਿੰਸਾਂ ਤੇ ਟੈਰੇਟਰੀਜ਼ ਦੀ ਮਦਦ ਕਰਕੇ ਕਮਿਊਨਿਟੀਜ਼ ਨੂੰ ਹੋਰ ਸੁਰੱਖਿਅਤ ਕਰਾਂਗੇ
* ਨਸਲਵਾਦ ਤੇ ਪੱਖਪਾਤ ਦੇ ਨਾਲ ਨਾਲ ਹਰ ਕਿਸਮ ਦੀ ਨਫਰਤ ਨੂੰ ਖ਼ਤਮ ਕਰਕੇ ਬਿਹਤਰ ਕੈਨੇਡਾ ਦਾ ਨਿਰਮਾਣ ਕਰਾਂਗੇ
* ਬਸਤੀਵਾਦ ਤੇ ਰੈਜ਼ੀਡੈਂਸ਼ੀਅਲ ਸਕੂਲਾਂ ਦੀ ਵਿਰਾਸਤ ਸਬੰਧੀ ਕਾਰਵਾਈ ਕਰਕੇ, ਸਾਫ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਦੂਰ ਕਰਕੇ ਤੇ ਮੂਲਵਾਸੀ ਲੋਕਾਂ ਖਿਲਾਫ ਹੈਲਥ ਕੇਅਰ ਸਮੇਤ ਹੋਰਨਾਂ ਖੇਤਰਾਂ ਵਿੱਚ ਹੋਣ ਵਾਲੇ ਨਸਲਵਾਦ ਨੂੰ ਖ਼ਤਮ ਕਰਕੇ ਸੁਲ੍ਹਾ ਦਾ ਰਾਹ ਅਖ਼ਤਿਆਰ ਕਰਾਂਗੇ।

# ਹੈਲਥ ਕੈਨੇਡਾ ਨੇ ਕੋਵਿਡ-19 ਦੇ ਇਲਾਜ ਲਈ ਐਂਟੀਪੈਰਾਸਾਈਟਿਕ ਦਵਾਈ ਨਾ ਖਾਣ ਦੀ ਦਿੱਤੀ ਸਲਾਹ

ਟੋਰਾਂਟੋ, 2 ਸਤੰਬਰ (ਪੋਸਟ ਬਿਊਰੋ) : ਕੋਵਿਡ-19 ਦੇ ਇਲਾਜ ਲਈ ਜਾਂ ਇਸ ਤੋਂ ਬਚਣ ਲਈ ਲੋਕਾਂ ਵੱਲੋਂ ਐਂਟੀਪੈਰਾਸਾਈਟਿਕ ਦਵਾਈ, ਜਿਹੜੀਆਂ ਪਸ਼ੂਆਂ ਲਈ ਕੰਮ ਆਉਂਦੀ ਹੈ, ਆਇਵਰਮੈਕਟਿਨ ਦੀ ਵਰਤੋਂ ਕਰਨ ਦੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਹੈਲਥ ਕੈਨੇਡਾ ਵੱਲੋਂ ਮੰਗਲਵਾਰ ਰਾਤੀਂ ਇੱਕ ਐਲਰਟ ਜਾਰੀ ਕਰਕੇ ਕੈਨੇਡੀਅਨਜ਼ ਨੂੰ ਅਜਿਹਾ ਨਾ ਕਰਨ ਦੀ ਸਲਾਹ ਦਿੱਤੀ ਗਈ ਹੈ। ਹੈਲਥ ਕੈਨੇਡਾ ਦਾ ਕਹਿਣਾ ਹੈ ਕਿ ਜਾਨਵਰਾਂ ਲਈ ਵਰਤੀ ਜਾਣ ਵਾਲੀ ਇਸ ਦਵਾਈ ਨਾਲ ਮਨੁੱਖਾਂ ਨੂੰ ਗੰਭੀਰ ਖਤਰਾ ਹੋ ਸਕਦਾ ਹੈ ਇਸ ਲਈ ਇਸ ਦੀ ਵਰਤੋਂ ਨਹੀਂ ਕਰਨੀ ਚਾਹੀਦੀ।



ਏਜੰਸੀ ਵੱਲੋਂ ਇਹ ਸਲਾਹ ਦਿੱਤੀ ਗਈ ਹੈ ਕਿ ਇਸ ਦਵਾਈ ਦੇ ਨਾ ਤਾਂ ਮਨੁੱਖੀ ਜਾਂ ਪਸ਼ੂਆਂ ਵਾਲੇ ਸੰਸਕਰਣ ਨੂੰ ਕੋਵਿਡ-19 ਦੇ ਇਲਾਜ ਵਜੋਂ ਵਰਤਿਆ ਜਾਣਾ ਚਾਹੀਦਾ ਹੈ। ਏਜੰਸੀ ਦਾ ਕਹਿਣਾ ਹੈ ਕਿ ਇਸ ਦਾ ਕੋਈ ਸਬੂਤ ਨਹੀਂ ਹੈ ਕਿ ਇਹ ਦਵਾਈ ਇਸ ਮਕਸਦ ਲਈ ਸੇਫ ਜਾਂ ਪ੍ਰਭਾਵਸ਼ਾਲੀ ਹੈ। ਆਇਵਰਮੈਕਟਿਨ ਦੇ ਮਨੁੱਖੀ ਸੰਸਕਰਣ ਨੂੰ ਕੈਨੇਡਾ ਵਿੱਚ ਸਿਰਫ ਪੈਰਾਸਾਈਟਿਕ (ਪਰਜੀਵੀਆਂ) ਕੀੜਿਆਂ ਸਬੰਧੀ ਸੰਕ੍ਰਮਣ ਦੇ ਇਲਾਜ ਲਈ ਵਰਤਿਆ ਜਾਂਦਾ ਹੈ। ਇਸੇ ਤਰ੍ਹਾਂ ਵੈਟਨਰੀ ਆਇਵਰਮੈਕਟਿਨ ਦੀ ਵਰਤੋਂ ਜਾਨਵਰਾਂ ਵਿੱਚ ਪਰਜੀਵੀਆਂ ਦੇ ਇਲਾਜ ਲਈ ਕੀਤੀ ਜਾਂਦੀ ਹੈ।

ਇਸ ਦੀ ਹਾਈ ਡੋਜ਼ ਮਨੁੱਖਾਂ ਲਈ ਖਤਰਨਾਕ ਹੈ। ਇਸ ਨਾਲ ਉਲਟੀਆਂ ਲੱਗ ਸਕਦੀਆਂ ਹਨ, ਦਸਤ ਲੱਗ ਸਕਦੇ ਹਨ, ਬਲੱਡ ਪ੍ਰੈਸ਼ਰ ਲੋਅ ਰਹਿ ਸਕਦਾ ਹੈ, ਐਲਰਜੀ ਹੋ ਸਕਦੀ ਹੈ, ਥਕੇਵਾਂ ਹੋ ਸਕਦਾ ਹੈ, ਦੌਰੇ ਪੈ ਸਕਦੇ ਹਨ ਤੇ ਇੱਥੋਂ ਤੱਕ ਕਿ ਮੌਤ ਵੀ ਹੋ ਸਕਦੀ ਹੈ।

# ਓਨਟਾਰੀਓ ਨੇ ਵੈਕਸੀਨ ਪਾਸਪੋਰਟ ਸਿਸਟਮ ਦਾ ਕੀਤਾ ਖੁਲਾਸਾ

ਟੋਰਾਂਟੋ, 2 ਸਤਬੰਰ (ਪੋਸਟ ਬਿਊਰੋ) : ਓਨਟਾਰੀਓ ਵਿੱਚ ਗੈਰ ਜ਼ਰੂਰੀ ਬਿਜ਼ਨਸਿਸ, ਜਿਵੇਂ ਕਿ ਜਿੰਮਜ਼, ਇੰਡੋਰ ਰੈਸਟੋਰੈਂਟਸ, ਮੂਵੀ ਥਿਏਟਰ ਤੇ ਕੰਸਰਟ ਹਾਲਜ਼ ਤੱਕ ਪਹੁੰਚ ਕਰਨ ਲਈ ਕੋਵਿਡ-19 ਵੈਕਸੀਨੇਸ਼ਨ ਦਾ ਸਬੂਤ ਦੇਣਾ ਹੋਵੇਗਾ। ਇਹ ਸੱਭ ਪ੍ਰੋਵਿੰਸ ਦੇ ਨਵੇਂ ਵੈਕਸੀਨ ਸਰਟੀਫਿਕੇਸ਼ਨ ਪ੍ਰੋਗਰਾਮ, ਜੋ ਕਿ 22 ਸਤੰਬਰ ਤੋਂ ਸ਼ੁਰੂ ਹੋ ਰਿਹਾ ਹੈ, ਲਈ ਹੋ ਰਿਹਾ ਹੈ।



ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਬੁੱਧਵਾਰ ਨੂੰ ਨਿਊਜ਼ ਕਾਨਫਰੰਸ ਵਿੱਚ ਇਹ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਡੈਲਟਾ ਵੇਰੀਐਂਟ ਕਾਰਨ ਚੌਥੀ ਵੇਵ ਮੁੜ ਸਿਰ ਚੁੱਕ ਰਹੀ ਹੈ ਤੇ ਇਸ ਦੇ ਮੱਦੇਨਜ਼ਰ ਗੈਰ ਜ਼ਰੂਰੀ ਕਾਰੋਬਾਰਾਂ ਤੇ ਫੈਸਿਲਿਟੀਜ਼ ਨੂੰ ਖੁੱਲ੍ਹਾ ਰੱਖਣ ਲਈ ਸਰਟੀਫਿਕੇਟ ਜ਼ਰੂਰੀ ਹੈ। ਫੋਰਡ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਆਪਣੇ ਮੈਡੀਕਲ ਮਾਹਿਰਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਅਸੀਂ ਵੈਕਸੀਨ ਸਰਟੀਫਿਕੇਟ ਪਾਲਿਸੀ ਲੈ ਕੇ ਆ ਰਹੇ ਹਾਂ। ਬਾਇਲਾਅ ਅਧਿਕਾਰੀਆਂ ਵੱਲੋਂ ਇਸ ਨੂੰ ਲਾਗੂ ਕਰਵਾਉਣ ਦਾ ਫੈਸਲਾ ਜਾਇਜ਼ ਹੈ ਤੇ ਇਹ ਲੋਕਾਂ ਤੇ ਕਾਰੋਬਾਰੀਆਂ ਵੱਲੋਂ ਸਹੀ ਢੰਗ ਨਾਲ ਕੰਮ ਕਰਨ ਲਈ ਵੀ ਜ਼ਰੂਰੀ ਹੈ। ਯੋਗ ਲੋਕ ਉਹ ਹੋਣਗੇ ਜਿਨ੍ਹਾਂ ਨੇ ਕੋਵਿਡ-19 ਵੈਕਸੀਨ ਦੀਆਂ ਦੋ ਡੋਜ਼ਾਂ ਲਵਾਈਆਂ ਹੋਣਗੀਆਂ ਤੇ ਉਨ੍ਹਾਂ ਕੋਲ ਪ੍ਰੋਵਿੰਸ ਵੱਲੋਂ ਜਾਰੀ ਕੀਤਾ ਗਿਆ ਸਰਟੀਫਿਕੇਟ ਹੋਵੇਗਾ ਜਿਸ ਸਦਕਾ ਉਹ ਕੈਸੀਨੋਜ਼, ਬਿੰਗੋ ਹਾਲਜ਼, ਕੰਸਰਟ ਵੈਨਿਊ, ਥਿਏਟਰਜ਼, ਸਿਨੇਮਾਜ਼, ਸਪੋਰਟਸ ਫੈਸਿਲਿਟੀਜ਼ ਤੇ ਈਵੈਂਟਸ, ਬੈਂਕੁਏਟ ਹਾਲਜ਼, ਕਨਵੈਨਸ਼ਨ ਸੈਂਟਰਜ਼ ਜਾ ਸਕਣਗੇ ਤੇ ਇੰਡੋਰ ਖਾ ਪੀ ਸਕਣਗੇ।

ਅਧਿਕਾਰੀਆਂ ਨੇ ਦੱਸਿਆ ਕਿ ਰੀਟੇਲ ਸ਼ਾਪਿੰਗ, ਸੈਲੋਂ, ਬੈਂਕਜ਼, ਪੂਜਾ ਵਾਲੀਆਂ ਥਾਂਵਾਂ, ਅਸੈਂਸ਼ੀਅਲ ਸੇਵਾਵਾਂ, ਕੰਮ ਵਾਲੀਆਂ ਥਾਂਵਾਂ ਜਾਂ ਪੈਟੀਓਜ਼ ਤੇ ਹੋਰ ਆਊਟਡੋਰ ਥਾਂਵਾਂ ਲਈ ਨਹੀਂ ਹੋਵੇਗਾ। ਇਹ ਨਵਾਂ ਨਿਯਮ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੇ ਅਜਿਹੇ ਲੋਕਾਂ ਜਿਨ੍ਹਾਂ ਨੂੰ ਮੈਡੀਕਲ ਕਾਰਨਾਂ ਕਰਕੇ ਟੀਕਾ ਲਵਾਉਣ ਤੋਂ ਛੋਟ ਹੈ, ਉੱਤੇ ਲਾਗੂ ਨਹੀਂ ਹੋਵੇਗਾ।

# ਟਰੂਡੋ ਤੇ ਓਟੂਲ ਓਨਟਾਰੀਓ ਵਿੱਚ, ਜਗਮੀਤ ਸਿੰਘ ਕਿਊਬਿਕ ਵਿੱਚ ਕਰਨਗੇ ਚੋਣ ਪ੍ਰਚਾਰ

ਓਨਟਾਰੀਓ, 2 ਸਤੰਬਰ (ਪੋਸਟ ਬਿਊਰੋ) : ਫੈਡਰਲ ਚੋਣ ਕੈਂਪੇਨ ਦੇ 18ਵੇਂ ਦਿਨ ਤਿੰਨਾਂ ਪਾਰਟੀਆਂ ਦੇ ਆਗੂਆਂ ਨੇ ਓਨਟਾਰੀਓ ਤੇ ਕਿਊਬਿਕ ਵਿੱਚ ਹੀ ਰਹਿਣ ਦਾ ਫੈਸਲਾ ਕੀਤਾ ਹੈ।




ਲਿਬਰਲ ਆਗੂ ਜਸਟਿਨ ਟਰੂਡੋ ਆਪਣੇ ਦਿਨ ਦੀ ਸ਼ੁਰੂਆਤ ਟੋਰਾਂਟੋ ਵਿੱਚ ਐਲਾਨ ਨਾਲ ਕਰਨਗੇ। ਕੰਜ਼ਰਵੇਟਿਵ ਆਗੂ ਐਰਿਨ ਓਟੂਲ ਵੀ ਓਨਟਾਰੀਓ ਵਿੱਚ ਹੀ ਚੋਣ ਪ੍ਰਚਾਰ ਕਰਨ ਉੱਤੇ ਧਿਆਨ ਕੇਂਦਰਿਤ ਕਰਨਗੇ। ਉਹ ਓਟਵਾ ਦੇ ਹੋਟਲ ਵਿੱਚ ਇੱਕ ਐਲਾਨ ਤੋਂ ਦਿਨ ਦੀ ਸ਼ੁਰੂਆਤ ਕਰਨਗੇ। ਇਸ ਹੋਟਲ ਨੂੰ ਉਹ ਆਪਣੀ ਕੈਂਪੇਨ ਲਈ ਮੁੱਖ ਬੇਸ ਵਜੋਂ ਵਰਤ ਰਹੇ ਹਨ। ਇਸ ਦੌਰਾਨ ਐਨਡੀਪੀ ਆਗੂ ਜਗਮੀਤ ਸਿੰਘ ਹਾਊਸਿੰਗ ਸਬੰਧੀ ਐਲਾਨ ਲਈ ਕਿਊਬਿਕ ਦੇ ਮਾਂਟਰੀਅਲ ਵਿੱਚ ਹਨ। ਉਹ ਸ਼ਾਮ ਸਮੇਂ ਵਰਚੂਅਲ ਟਾਊਨ ਹਾਲ ਵੀ ਕਰਨਗੇ।

ਮੰਗਲਵਾਰ ਨੂੰ ਅਰਥਚਾਰੇ ਦੇ ਨਾਲ ਨਾਲ ਸਾਰੇ ਆਗੂਆਂ ਵੱਲੋਂ ਮੁੱਖ ਤੌਰ ਉੱਤੇ ਕਿਫਾਇਤ ਦਾ ਮੁੱਦਾ ਉਠਾਉਣ ਦੀ ਸੰਭਾਵਨਾ ਹੈ। ਸਟੈਟੇਸਟਿਕ ਕੈਨੇਡਾ ਦੀ ਰਿਪੋਰਟ ਅਨੁਸਾਰ ਅਪਰੈਲ ਤੇ ਜੂਨ ਦਰਮਿਆਨ ਅਰਥਚਾਰਾ 1·1 ਫੀ ਸਦੀ ਸਾਲਾਨਾ ਦਰ ਦੇ ਹਿਸਾਬ ਨਾਲ ਸੁੰਗੜਿਆ ਹੈ ਤੇ ਇਸ ਤੋਂ ਇਲਾਵਾ ਜੁਲਾਈ ਵਿੱਚ ਕੁੱਲ ਘਰੇਲੂ ਉਤਪਾਦ (ਜੀਡੀਪੀ) ਵਿੱਚ ਵੀ ਗਿਰਾਵਟ ਦਰਜ ਕੀਤੀ ਗਈ ਹੈ।

# ਛੁਰੇਬਾਜ਼ੀ ਮਗਰੋਂ ਇੱਕ ਵਿਅਕਤੀ ਹਸਪਤਾਲ ਵਿੱਚ, ਇੱਕ ਹਿਰਾਸਤ ਵਿੱਚ

ਸੇਂਟ ਕੈਥਰੀਨਜ਼, 2 ਸਤੰਬਰ (ਪੋਸਟ ਬਿਊਰੋ) : ਬੁੱਧਵਾਰ ਦੁਪਹਿਰ ਨੂੰ ਸੇਂਟ ਕੈਥਰੀਨਜ਼ ਵਿੱਚ ਛੁਰੇਬਾਜ਼ੀ ਦੀ ਇੱਕ ਘਟਨਾ ਮਗਰੋਂ ਗੁੱਸੇ ਨਾਲ ਹਮਲਾ ਕਰਨ ਦੇ ਮਾਮਲੇ ਹੇਠ ਇੱਕ 50 ਸਾਲਾ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ।




ਪੁਲਿਸ ਨੂੰ ਦੁਪਹਿਰੇ 1:00 ਵਜੇ ਦੇ ਨੇੜੇ ਤੇੜੇ ਜਨੇਵਾ ਤੇ ਚਰਚ ਸਟਰੀਟ ਏਰੀਆ ਵਿੱਚ ਸੱਦਿਆ ਗਿਆ ਜਿੱਥੇ ਇੱਕ 33 ਸਾਲਾ ਵਿਅਕਤੀ ਜ਼ਖ਼ਮੀ ਪਾਇਆ ਗਿਆ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਦੋ ਵਿਅਕਤੀਆਂ ਦਰਮਿਆਨ ਬਹਿਸ ਤੋਂ ਗੱਲ ਵੱਧ ਗਈ ਤੇ ਦੋਵੇਂ ਹੱਥੋਪਾਈ ਉੱਤੇ ਉਤਰ ਆਏ। ਇਸ ਤੋਂ ਬਾਅਦ ਗੁੱਸੇ ਵਿੱਚ ਆਏ ਵਿਅਕਤੀ ਨੇ ਛੋਟੀ ਉਮਰ ਦੇ ਵਿਅਕਤੀ ਉੱਤੇ ਹਮਲਾ ਕਰ ਦਿੱਤਾ।

ਜ਼ਖ਼ਮੀ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਵੀਰਵਾਰ ਨੂੰ ਮਸ਼ਕੂਕ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ, ਜਿੱਥੇ ਉਸ ਦੀ ਜ਼ਮਾਨਤ ਸਬੰਧੀ ਸੁਣਵਾਈ ਹੋਵੇਗੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਕਰਨਾਲ ਮੁੱਦੇ ਉਤੇ ਕਿਸਾਨਾਂ ਦੀ ਮਹਾ ਪੰਚਾਇਤ ਵਿੱਚ ਹਰਿਆਣਾ ਸਰਕਾਰ ਨੂੰ 7 ਸਤੰਬਰ ਤੱਕ ਦਾ ਅਲਟੀਮੇਟਮ

ਚੰਡੀਗੜ੍ਹ, 2 ਸਤੰਬਰ, (ਪੋਸਟ ਬਿਊਰੋ)-ਹਰਿਆਣਾ ਵਿੱਚ ਹੋਈ ਕਿਸਾਨਾਂ ਦੀ ਮਹਾ ਪੰਚਾਇਤ ਦੌਰਾਨ ਤਿੰਨ ਵੱਡੇ ਫ਼ੈਸਲੇ ਲਏ ਗਏ ਹਨ, ਜਿਨ੍ਹਾਂ ਵਿੱਚ ਕਿਸਾਨਾਂ ਉੱਤੇ ਲਾਠੀਚਾਰਜ ਕਰਨ ਵਾਲੇ ਅਧਿਕਾਰੀਆਂ ਉੱਤੇਕੇਸ ਦਰਜ ਕਰਨ ਦੀ ਮੰਗ ਸ਼ਾਮਲ ਹੈ।ਇਸ ਮੌਕੇ ਕਿਸਾਨ ਮਹਾ ਪੰਚਾਇਤਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਲਾਠੀਚਾਰਜ ਦੌਰਾਨ ਮਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਨੂੰ 25 ਲੱਖ ਰੁਪਏ ਮੁਆਵਜ਼ਾ ਤੇ ਇਕ ਵਿਅਕਤੀ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਕਿਸਾਨਾਂ ਨੇ ਸਰਕਾਰ ਨੂੰ ਮੰਗਾਂ ਪੂਰੀਆਂ ਕਰਨ ਲਈ 6 ਸਤੰਬਰ ਤਕ ਦਾ ਸਮਾਂ ਦਿੱਤਾ ਅਤੇ ਇਸ ਉੱਤੇ ਐਕਸ਼ਨ ਨਾ ਹੋਣ ਦੀ ਸਥਿਤੀਵਿੱਚ ਏਥੇ ਵੀ ਅਗਲਾ ਕਿਸਾਨ ਅੰਦੋਲਨ ਕਰਨ ਦੀ ਚੇਤਾਵਨੀ ਦੇ ਦਿੱਤੀ ਹੈ।

ਵਰਣਨ ਯੋਗ ਹੈ ਕਿ ਕਿਸਾਨਾਂ ਉੱਤੇ ਲਾਠੀਚਾਰਜ ਦਾ ਹੁਕਮ ਦੇਣ ਵਾਲੇ ਅਫਸਰਾਂਵਿਰੁੱਧ ਕਿਸਾਨਾਂ ਦਾ ਗੁੱਸਾ ਘੱਟ ਨਹੀਂ ਹੋ ਰਿਹਾ। ਮਹਾ ਪੰਚ-ਾਇਤ ਵਿੱਚ ਕਿਸਾਨਾਂ ਨੇ ਲਾਠੀਚਾਰਜ ਦਾ ਹੁਕਮ ਦੇਣ ਵਾਲੇ ਅਫਸਰਾਂ ਦੇ ਖਿਲਾਫ ਸਰਕਾਰ ਤੋਂ ਕਾਰਵਾਈ ਦੀ ਮੰਗ ਕੀਤੀ ਹੈ।ਉਨ੍ਹਾਂ ਕਿਹਾ ਕਿ ਹੁਕਮ ਦੇਣ ਵਾਲੇ ਅਧਿਕਾਰੀਆਂ ਉੱਤੇਕੇਸ ਦਰਜ ਕਰਨਾ ਚਾਹੀਦਾ ਹੈ। ਮਹਾਪੰਚ-ਾਇਤ ਨੇ ਸਰਕਾਰ ਨੂੰ ਲਾਠੀਚਾਰਜ ਦੌਰਾਨ ਮਾਰੇ ਗਏ ਕਿਸਾਨਾਂ ਦੇ ਵਾਰਸਾਂ ਨੂੰ 25 ਲੱਖ ਰੁਪਏ ਮੁਆਵਜ਼ੇ ਵਜੋਂ ਦੇਣ ਤੇ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦੀ ਵੀ ਮੰਗ ਕੀਤੀ ਹੈ।

# ਕਾਲਜ ਤੇ ਯੂਨੀਵਰਸਿਟੀਜ਼ ਵਿੱਚ ਫਿਜ਼ੀਕਲ ਡਿਸਟੈਂਸਿੰਗ ਜਾਂ ਕਲਾਸਾਂ ਦੇ ਆਕਾਰ ਵਧਾਉਣ ਦੀ ਸ਼ਰਤ ਨਹੀਂ ਮੰਨਣੀ ਹੋਵੇਗੀ

ਓਨਟਾਰੀਓ, 2 ਸਤੰਬਰ (ਪੋਸਟ ਬਿਊਰੋ) : ਓਨਟਾਰੀਓ ਵਿੱਚ ਹੁਣ ਕਾਲਜ ਤੇ ਯੂਨੀਵਰਸਿਟੀਜ਼ ਖੁੱਲ੍ਹਣ ਮਗਰੋਂ ਫਿਜ਼ੀਕਲ ਡਿਸਟੈਂਸਿੰਗ ਜਾਂ ਕਲਾਸਾਂ ਦੇ ਆਕਾਰ ਵਧਾਉਣ ਵਾਲੀ ਸ਼ਰਤ ਨੂੰ ਅਮਲ ਵਿੱਚ ਨਹੀਂ ਲਿਆਂਦਾ ਜਾਵੇਗਾ।

ਕਾਲਜ ਤੇ ਯੂਨੀਵਰਸਿਟੀਜ਼ ਨੂੰ ਭੇਜੇ ਗਏ ਮੀਮੋ ਵਿੱਚ ਇਹ ਆਖਿਆ ਗਿਆ ਹੈ ਕਿ ਇਸ ਸਬੰਧ ਵਿੱਚ ਮੌਜੂਦਾ ਕਾਨੂੰਨ, ਜਿਸ ਵਿੱਚ ਕਲਾਸਾਂ ਦੀ ਸਮਰੱਥਾ 50 ਫੀ ਸਦੀ ਕਰਨ ਤੇ ਫਿਜ਼ੀਕਲ ਡਿਸਟੈਂਸਿੰਗ ਲਾਜ਼ਮੀ ਕਰਨ ਦੀ ਗੱਲ ਆਖੀ ਗਈ ਸੀ, ਵਿੱਚ ਬਦਲਾਵ ਕੀਤੇ ਗਏ ਹਨ। ਇਸ ਕਾਨੂੰਨ ਵਿੱਚ 7 ਸਤੰਬਰ ਨੂੰ ਸੋਧ ਕੀਤੀ ਜਾਵੇਗੀ।




ਡਿਪਟੀ ਮਨਿਸਟਰ ਆਫ ਕਾਲੇਜਿਜ਼ ਐਂਡ ਯੂਨੀਵਰਸਿਟੀਜ਼ ਸ਼ੈਲੀ ਟੈਪ ਨੇ ਇਸ ਮੀਮੋ ਵਿੱਚ ਆਖਿਆ ਕਿ ਇਹ ਨਿਯਮ ਇੰਡੋਰ ਇੰਸਟ੍ਰਕਸ਼ਨਲ ਥਾਂਵਾਂ ਲਈ ਹੀ ਲਾਗੂ ਹੋਵੇਗਾ। ਆਊਟਡਰ ਇੰਸਟ੍ਰਕਸ਼ਨਲ ਥਾਂਵਾਂ ਲਈ ਨਿਯਮ ਪਹਿਲਾਂ ਵਾਂਗ ਹੀ ਜਾਰੀ ਰਹਿਣ-ਗੇ। ਇਸ ਤੋਂ ਇਲਾਵਾ ਇੰਡੋਰ ਵਿੱਚ ਮਾਸਕ ਲਾਉਣ ਸਮੇਤ ਹੋਰ ਨਿਯਮ ਜਾਰੀ ਰਹਿਣਗੇ।

ਪ੍ਰੋਵਿੰਸ ਦਾ ਕਹਿਣਾ ਹੈ ਕਿ 7 ਸਤੰਬਰ ਤੋਂ ਪਹਿਲਾਂ ਸਕੂਲਾਂ ਨੂੰ ਕੋਵਿਡ-19 ਵੈਕਸੀਨੇਸ਼ਨ ਪਾਲਿਸੀ ਲਾਗੂ ਕਰਨੀ ਹੋਵੇਗੀ।

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਅੱਜ ਟੀਵੀ ਉੱਤੇ ਹੋਣ ਵਾਲੀ ਬਹਿਸ ਵਿੱਚ ਹਿੱਸਾ ਲੈਣਗੇ 4 ਆਗੂ

ਕਿਊਬਿਕ, 2 ਸਤੰਬਰ (ਪੋਸਟ ਬਿਊਰੋ) : ਚਾਰ ਆਗੂ ਆਪਣੀ ਫੈਡਰਲ ਚੋਣ ਮੁਹਿੰਮ ਦੇ ਸਬੰਧ ਵਿੱਚ ਅੱਜ ਟੀਵੀ ਉੱਤੇ ਹੋਣ ਵਾਲੀ ਪਹਿਲੀ ਬਹਿਸ ਵਿੱਚ ਹਿੱਸਾ ਲੈਣਗੇ।

ਟੀਵੀਏ, ਜੋ ਕਿ ਕਿਊਬਿਕ ਦਾ ਸੱਭ ਤੋਂ ਵੱਧ ਵੇਖਿਆ ਜਾਣ ਵਾਲਾ ਨੈੱਟਵਰਕ ਹੈ, ਦੀ ਫਰੈਂਚ ਡਿਬੇਟ ਕੈਂਪੇਨ ਦੇ ਮੱਧ ਵਿੱਚ ਆਈ ਹੈ ਤੇ ਇਹ 20 ਸਤੰਬਰ ਨੂੰ ਹੋਣ ਵਾਲੀਆਂ ਚੋਣਾਂ ਦੇ ਨਤੀਜਿਆਂ ਲਈ ਕਾਫੀ ਅਹਿਮ ਹੋ ਸਕਦੀ ਹੈ। ਇਸ ਬਹਿਸ ਵਿੱਚ ਲਿਬਰਲ ਆਗੂ ਜਸਟਿਨ ਟਰੂਡੋ, ਕੰਜ਼ਰਵੇਟਿਵ ਆਗੂ ਐਰਿਨ ਓਟੂਲ, ਬਲਾਕ ਕਿਊਬਿਕੁਆ ਯਵੇਸ ਫਰੈਂਕੋਇਸ ਬਲੈਂਸ਼ੇ ਤੇ ਐਨਡੀਪੀ ਆਗੂ ਜਗਮੀਤ ਸਿੰਘ ਹਿੱਸਾ ਲੈਣਗੇ।

ਗ੍ਰੀਨ ਪਾਰਟੀ ਦੀ ਆਗੂ ਅਨੇਮੀ ਪਾਲ ਤੇ ਪੀਪਲਜ਼ ਪਾਰਟੀ ਦੇ ਮੈਕਸਿਮ ਬਰਨੀਅਰ ਨੂੰ ਇਸ ਬਹਿਸ ਵਿੱਚ ਹਿੱਸਾ ਲੈਣ ਦਾ ਸੱਦਾ ਨਹੀਂ ਦਿੱਤਾ ਗਿਆ ਹੈ। ਟੀਵੀਏ ਬਹਿਸ ਨੂੰ 2019 ਦੀ ਚੋਣ ਵਿੱਚ ਅਹਿਮ ਮੰਨਿਆਂ ਗਿਆ ਸੀ।

## ਬਾਂਹ ਉਤੇ ਚਾਕੂ ਮਾਰ ਕੇ ਲੜਕੀ ਤੋਂ 26 ਹਜ਼ਾਰ ਰੁਪਏ ਖੋਹੇ

ਜਲੰਧਰ, 2 ਸਤੰਬਰ (ਪੋਸਟ ਬਿਊਰੋ)- ਨੈਸ਼ਨਲ ਐਵੇਨਿਊ ਰਾਮਾ ਮੰਡੀ ਵਿੱਚ ਆਪਣੀ ਕਰਿਆਨੇ ਦੀ ਦੁਕਾਨ ਉੱਤੇ ਬੈਠੀ ਲੜਕੀ ਤੋਂ ਉਸਦੀ ਬਾਂਹ ਉਤੇ ਚਾਕੂ ਮਾਰ ਕੇ ਲੁਟੇਰਾ 26 ਹਜ਼ਾਰ ਰੁਪਏ ਖੋਹ ਕੇ ਫਰਾਰ ਹੋ ਗਿਆ ਹੈ।

ਲੁੱਟ ਦਾ ਸ਼ਿਕਾਰ ਹੋਈ ਐਨੀ ਪੁੱਤਰੀ ਰਮੇਸ਼ ਕੁਮਾਰ ਵਾਸੀ ਨੈਸ਼ਨਲ ਐਵੇਨਿਊ ਨੇ ਦੱਸਿਆ ਕਿ ਉਸਦੇ ਮਾਤਾ-ਪਿਤਾ ਕਿਸੇ ਕੰਮ ਬਾਹਰ ਗਏ ਹੋਏ ਸਨ, ਉਹ ਘਰ ਵਿੱਚ ਇਕੱਲੀ ਸੀ ਅਤੇ ਦੁਕਾਨ ਉੱਤੇ ਬੈਠੀ ਹੋਈ ਸੀ। ਇੱਕ ਨੌਜਵਾਨ ਨੇ ਦੁਕਾਨ ਉੱਤੇ ਆ ਕੇ ਕੋਈ ਸਾਮਾਨ ਮੰਗਿਆ। ਜਦੋਂ ਉਹ ਸਾਮਾਨ ਦੇਣ ਲੱਗੀ ਤਾਂ ਨੌਜਵਾਨ ਨੇ ਉਸ ਨੂੰ ਚਾਕੂ ਦਿਖਾ ਕੇ ਦੁਕਾਨ ਦੇ ਗੱਲੇ ਵਿੱਚ ਪਏ ਪੈਸੇ ਲੁੱਟਣ ਦੀ ਕੋਸ਼ਿਸ਼ ਕੀਤੀ।ਉਸਦੇ ਵਿਰੋਧ ਕਰਨ ਉੱਤੇ ਨੌਜਵਾਨ ਨੇ ਉਸਦੀ ਬਾਂਹ ਉਤੇ ਚਾਕੂ ਮਾਰ ਦਿੱਤਾ ਅਤੇ ਦੁਕਾਨ ਵਿੱਚ ਪਈ 26 ਹਜ਼ਾਰ ਰੁਪਏ ਨਕਦੀ ਲੈ ਕੇ ਫ਼ਰਾਰ ਹੋ ਗਿਆ। ਲੜਕੀ ਐਨੀ ਨੇ ਆਪਣੇ ਪਿਤਾ ਨੂੰ ਵਾਰਦਾਤ ਬਾਰੇ ਸੂਚਿਤ ਕੀਤਾ, ਜਿਸ ਦੇ ਤੁਰੰਤ ਬਾਅਦ ਉਹ ਘਰ ਆ ਗਏ। ਪਿਤਾ ਰਮੇਸ਼ ਕੁਮਾਰ ਨੇ ਕਿਹਾ ਕਿ ਲੁਟੇਰਿਆਂ ਦੇ ਡਰ ਕਾਰਨ ਉਨ੍ਹਾਂ ਨੇ ਪੁਲਸ ਵਿੱਚ ਸ਼ਿਕਾਇਤ ਨਹੀਂ ਦਿੱਤੀ।

## ਟਰਾਂਸਪੋਰਟ ਵਿਭਾਗ ਵੱਲੋਂ 1989 ਤੋਂ ਬਾਅਦ ਰਜਿਸਟਰਡ ਕੀਤੇ ਹੋਏ ਵੀ ਆਈ ਪੀ ਨੰਬਰ ਰੱਦ



ਐਸ ਏ ਐਸ ਨਗਰ, 2 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਟਰਾਂਸਪੋਰਟ ਵਿਭਾਗ ਨੇ 12 ਜੂਨ 1989 ਤੋਂ ਬਾਅਦ ਵਾਹਨਾਂ ਦੇ ਰਜਿਸਟਰਡ ਕਰਵਾਏ ਗਏ ਪੁਰਾਣੇ ਵੀ ਆਈ ਪੀ ਨੰਬਰ ਰੱਦ ਕਰਨ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਪ੍ਰਿੰਸੀਪਲ ਸੈਕਟਰੀ ਟਰਾਂਸਪੋਰਟ ਵਿਭਾਗ ਪੰਜਾਬ ਨੇ ਜਾਰੀ ਹੁਕਮਾਂ ਵਿੱਚ ਕਿਹਾ ਹੈ ਕਿ ਇਹ ਵੇਖਣ ਵਿੱਚ ਆਇਆ ਹੈ ਕਿ ਸੂਬੇ ਵਿੱਚ ਕਈ ਵਾਹਨਾਂ ਉੱਤੇ ਰਜਿਸਟਰੇਸ਼ਨ ਨੰਬਰ ਸਿਰਫ਼ ਪੀ ਬੀ ਲਿਖਿਆ ਹੈ, ਜਦਕਿ ਮੌਜੂਦਾ ਸਮੇਂ ਸਟੇਟ ਕੋਡ ਦੇ ਨਾਲ ਸਬੰਧਤ ਰਜਿਸਟ੍ਰਿੰਗ ਅਥਾਰਟੀ ਦਾ ਵੇਰਵਾ ਵੀ ਹੁੰਦਾ ਹੈ। ਇਸ ਲਈ ਅਜਿਹੇ ਪੁਰਾਣੇ ਨੰਬਰ ਲੱਭਣ ਵਿੱਚ ਦਿੱਕਤ ਆਉਂਦੀ ਹੈ ਤੇ ਸੁਰੱਖਿਆ ਪੱਖੋਂ ਇਹ ਉਲਝਣਾਂ ਪੈਦਾ ਕਰ ਸਕਦਾ ਹੈ। ਇਸਦੀ ਪੁਸ਼ਟੀ ਕਰਦਿਆਂ ਆਰ ਟੀ ਏ, ਐਸ ਏ ਐਸ ਨਗਰ ਸੁਖਵਿੰਦਰ ਕੁਮਾਰ ਨੇ ਕਿਹਾ ਕਿ ਸੂਬੇ ਵਿੱਚ ਕਾਫੀ ਗਿਣਤੀ ’ਚ ਵਾਹਨਾਂ ਲਈ ਵੱਖ-ਵੱਖ ਰਜਿਸਟ੍ਰਿੰਗ ਅਥਾਰਟੀਆਂ ਤੋਂ ਮਾਲਕਾਂ ਨੇ ਆਪਣੀਆਂ ਪੁਰਾਣੀਆਂ ਗੱਡੀਆਂ ਲਈ ਵੀ ਆਈ ਪੀ ਨੰਬਰ ਆਪਣੀਆਂ ਨਵੀਆਂ ਗੱਡੀਆਂ ਉੱਤੇ ਮੁੜ ਰਜਿਸਟਰ ਕਰਵਾ ਲਏ ਹਨ, ਪਰ ਸੁਰੱਖਿਆ ਕਾਰਨ ਅਜਿਹੇ ਨੰਬਰਾਂ ਨੂੰ ਰੱਦ ਕਰਨ ਦਾ ਫੈਸਲਾ ਕਰ ਕੇ ਵਿਭਾਗ ਨੇ ਅਜਿਹੇ ਮਾਲਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਬੰਧਤ ਰਜਿਸਟ੍ਰਿੰਗ ਅਥਾਰਟੀ ਵਿਖੇ ਜਾ ਕੇ ਆਪਣੇ ਪੁਰਾਣੇ ਨੰਬਰ ਸਰੰਡਰ ਕਰਕੇ ਨਵੇਂ ਨੰਬਰ ਰਜਿਸਟਰਡ ਕਰਵਾ ਸਕਦੇ ਹਨ, ਜਿਸ ਸਬੰਧੀ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਫੀਸ ਨਹੀਂ ਦੇਣੀ ਪਵੇਗੀ।

# ਫਰਾਡ ਮਾਮਲੇ ਵਿਚਅ 99 ਬੀ ਐਡ ਕਾਲਜ ਯੂਨੀਵਰਸਿਟੀ ਦੇ ਰਾਡਾਰ ਉੱਤੇ, ਰਿਕਾਰਡ ਦੀ ਜਾਂਚ ਕਰਨ ਲਈ ਟੀ ਮਲੱਗੀ

*ਘੋਸਟ ਪਾੜ੍ਹਿਆਂ ਨੂੰ ਠੱਲ੍ਹ ਪਾਉਣ ਦੀ ਤਿਆਰੀ




ਪਟਿਆਲਾ, 2 ਸਤੰਬਰ (ਪੋਸਟ ਬਿਊਰੋ)- ਭਲਾ ਜੇ ਕੋਈ ਪੂਰਾ ਸਾਲ ਪੜ੍ਹਾਈ ਕਰ ਚੁੱਕਾ ਵਿਦਿਆਰਥੀ ਪ੍ਰੀਖਿਆ ਵਿੱਚੋਂ ਗਾਇਬ ਹੋ ਜਾਵੇ ਅਤੇ ਕਾਲਜ ਵਿੱਚ ਨਾ ਹੋ ਕੇ ਟੀਚਰ ਪੂਰਾ ਸਾਲ ਵਿਦਿਆਰਥੀਆਂ ਨੂੰ ਪੜ੍ਹਾ ਜਾਵੇ, ਤਾਂ ਕੀ ਕਿਹਾ ਜਾ ਸਕਦਾ ਹੈ। ਪੰਜਾਬ ਦੇ ਪ੍ਰਾਈਵੇਟ ਕਾਲਜਾਂ ਦੀ ਮਾਨਤਾ ਬਚਾਉਣ ਲਈ ਵਿਦਿਆਰਥੀਆਂ ਜਾਂ ਅਧਿਆਪਕਾਂ ਦੀ ਇਹੋ ਜਿਹੀ ਭਰਤੀ ਨੂੰ ‘ਘੋਸਟ ਐਂਟਰੀ' ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਹ ‘ਭੂਤ ਪ੍ਰਛਾਵਾਂ’ ਪੰਜਾਬੀ ਯੂਨੀਵਰਸਿਟੀ ਦੇ ਕੁਝ ਨਿੰਜੀ ਕਾਲਜਾਂ ਉੱਤੇ ਵੀ ਮੰਡਰਾ ਰਿਹਾ ਹੈ, ਜਿਸ ਨੂੰ ਦੂਰ ਕਰਨ ਲਈ ਸਾਰੇ ਸਿਸਟਮ ਨੂੰ ਕੰਪਿਊਟਰਾਈਜ਼ ਕੀਤਾ ਜਾਵੇਗਾ। ਯੂਨੀਵਰਸਿਟੀ ਹੇਠਲੇ ਸਾਰੇ ਕਾਲਜਾਂ ਵਿੱਚੋਂ ਫਿਲਹਾਲ 99 ਬੀ ਐਡ ਕਾਲਜ ਰਾਡਾਰ ਉੱਤੇ ਹਨ।

ਮਿਲੀ ਜਾਣਕਾਰੀ ਅਨੁਸਾਰ ਯੂਨੀਵਰਸਿਟੀ ਤੋਂ ਬੀ ਐਡ ਕਾਲਜ ਦੀ ਮਾਨਤਾ ਲੈਣ ਲਈ 100 ਵਿਦਿਆਰਥੀਆਂ ਪਿੱਛੇ 15 ਅਧਿਆਪਕ ਲਾਜ਼ਮੀ ਚਾਹੀਦੇ ਹਨ। ਕਾਲਜਾਂ ਦੀ ਮਾਨਤਾ ਬਚਾਉਣ ਲਈ ਕੁਝ ਪ੍ਰਾਈਵੇਟ ਕਾਲਜ ਗਿਣਤੀ ਪੂਰੀ ਕਰਨ ਲਈ ਫਰਜ਼ੀ ਵਿਦਿਆਰਥੀਆਂ ਦਾ ਦਾਖਲਾ ਕਰ ਲੈਂਦੇ ਹਨ ਤੇ ਇਸੇ ਤਰ੍ਹਾਂ ਘਰ ਬੈਠੇ ਫਰਜ਼ੀ ਟੀਚਰ ਦੇ ਨਾਂਅ ਉੱਤੇ ਤਨਖਾਹ ਦਿਖਾਈ ਜਾਂਦੀ ਹੈ। ਅਕਸਰ ਅਜਿਹੇ ਘੋਸਟ ਵਿਦਿਆਰਥੀ ਪ੍ਰੀਖਿਆ ਵਿੱਚੋਂ ਅਤੇ ਘੋਸਟ ਟੀਚਰ ਚੈਕਿੰਗ ਦੌਰਾਨ ਕਾਲਜਾਂ ਵਿੱਚੋਂ ਗੈਰ ਹਾਜ਼ਰ ਹੋ ਜਾਂਦੇ ਹਨ। ਪੰਜਾਬੀ ਯੂਨੀਵਰਸਿਟੀ ਨੇ ਇਸ ਘੋਸਟ ਐਂਟਰੀਨੂੰ ਨੱਥ ਪਾਉਣ ਲਈ ਆਪਣੇ ਹੇਠਲੇ 99 ਬੀ ਐਡ ਕਾਲਜਾਂ ਦਾ ਰਿਕਾਰਡ ਮੰਗ ਲਿਆ ਹੈ ਜਿਸ ਦੀ ਜਾਂਚ ਵਿਸ਼ੇਸ਼ ਟੀਮ ਨੇ ਸ਼ੁਰੂ ਕਰ ਦਿੱਤੀ ਹੈ।

ਪਤਾ ਲੱਗਾ ਹੈ ਕਿ ਪੰਜਾਬੀ ਯੂਨੀਵਰਸਿਟੀ ਵੱਲੋਂ ਬੀ ਐਡ ਕਾਲਜਾਂ ਦੇ ਸਾਰੇ ਰਿਕਾਰਡ ਦੀ ਜਾਂਚ ਤੋਂ ਬਾਅਦ ਇਸ ਨੂੰ ਕੰਪਿਊਟਰਾਈਜ਼ ਕੀਤਾ ਜਾਵੇਗਾ, ਜਿਸ ਵਿੱਚ ਕਾਲਜ ਦੇ ਟੀਚਰਾਂ ਤੇ ਵਿਦਿਆਰਥੀਆਂ ਦੇ ਵੇਰਵੇ ਦਰਜ ਕੀਤੇ ਜਾਣਗੇ ਅਤੇ ਵਿਦਿਆਰਥੀਆਂ ਦਾ ਆਧਾਰ ਕਾਰਡ ਤੇ ਦਾਖਲੇ ਤੋਂ ਲੈ ਕੇ ਪ੍ਰੀਖਿਆ ਤਕ ਦਾ ਵੇਰਵਾ ਦਰਜ ਕੀਤਾ ਜਾਵੇਗਾ। ਟੀਚਰਾਂ ਦੇ ਵੇਰਵੇ ਵਿੱਚ ਆਧਾਰ ਕਾਰਡ ਨਾਲ ਹਰ ਮਹੀਨੇ ਦਿੱਤੀ ਜਾਂਦੀ ਤਨਖਾਹ ਦਾ ਵੇਰਵਾ ਦਰਜ ਹੋਵੇਗਾ। ਕੰਪਿਊਟਰਾਈਜ਼ ਕਰਨ ਪਿੱਛੋਂ ਸਾਰੇ ਵੇਰਵੇ ਆਨਲਾਈਨ ਹੋਣ ਨਾਲ ਹਰ ਵਿਦਿਆਰਥੀ ਤੇ ਟੀਚਰ ਬਾਰੇ ਆਨਲਾਈਨ ਜਾਣਕਾਰੀ ਲਈ ਜਾ ਸਕੇਗੀ। ਇਸ ਤੋਂ ਇਲਾਵਾ ਘੋਸਟ ਐਂਟਰੀ ਰੋਕਣ ਲਈ ਬਾਇਓਮੀਟ੍ਰਿਕ ਹਾਜ਼ਰੀ ਸ਼ੁਰੂ ਕਰਨ ਉੱਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ, ਤਾਂ ਜੋ ਟੀਚਰਾਂ ਤੇ ਵਿਦਿਆਰਥੀਆਂ ਦੀ ਹਾਜ਼ਰੀ ਉੱਤੇ ਨਜ਼ਰ ਰੱਖੀ ਜਾ ਸਕੇ।ਕਾਲਜ ਵਿਕਾਸ ਕੌਂਸਲ ਦੇ ਡੀਨ ਡਾਕਟਰ ਗੁਰਪ੍ਰੀਤ ਸਿੰਘ ਲਹਿਲ ਦੇ ਮੁਤਾਬਕ ਕਾਲਜਾਂ ਦੇ ਰਿਕਾਰਡ ਦੀ ਜਾਂਚ ਚੱਲ ਰਹੀ ਹੈ।

# ਪੰਜਾਬ ਵਿੱਚ ‘ਇਨੋਵੇਸ਼ਨ ਮਿਸ਼ਨ’ ਦੀ ਸ਼ੁਰੂਆਤ



ਚੰਡੀਗੜ੍ਹ, 2 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਇਨੋਵੇਸ਼ਨ ਮਿਸ਼ਨ ਪੰਜਾਬ (ਆਈ ਐਮ ਪੰਜਾਬ) ਦੀ ਸ਼ੁਰੂਆਤ ਕੀਤੀ ਹੈ, ਜਿਹੜਾ ਪੀ ਪੀ ਪੀ (ਪਬਲਿਕ ਪ੍ਰਾਈਵੇਟ ਭਾਈਵਾਲੀ) ਉੱਤੇ ਆਧਾਰਤ ਹੋਵੇਗਾ ਅਤੇ ਜਿਸ ਨਾਲ ਸੂਬੇ ਵਿੱਚ ਦੁਨੀਆ ਭਰ ਤੋਂ ਨਿਵੇਸ਼ਕਾਰਾਂ ਨੂੰ ਖਿੱਚਣ ਅਤੇ ਸਟਾਰਟਅਪਸ ਖੇਤਰ ਨੂੰ ਮਜ਼ਬੂਤ ਕਰਨ ਵਿੱਚ ਮਦਦ ਮਿਲੇਗੀ ਅਤੇ ਪੰਜਾਬ ਇਸ ਖੇਤਰ ਵਿੱਚ ਚੋਟੀ ਦੇ ਤਿੰਨ ਰਾਜਾਂ ਵਿੱਚ ਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਨਿਵੇਕਲੀ ਪਹਿਲ ਨਾਲ ਸੂਬੇ ਦਾ ਅਰਥਚਾਰਾ ਮਜ਼ਬੂਤੀ ਹੋਵੇਗਾ ਤੇ ਨੌਕਰੀਆਂ ਪੈਦਾ ਹੋਣ ਦੇ ਨਾਲ ਵੱਧ ਤੋਂ ਵੱਧ ਨਿਵੇਸ਼ ਸੂਬੇ ਵਿੱਚ ਆਵੇਗਾ। ਉਨ੍ਹਾਂ ਕਿਹਾ ਕਿ ਇਸ ਮਿਸ਼ਨ ਤਹਿਤ ਬਾਜ਼ਾਰ ਤਕ ਪਹੁੰਚ ਬਣਾਉਣ, ਨਿਵੇਸ਼ ਲਈ ਭਾਈਵਾਲ ਤਲਾਸ਼ ਕਰਨ ਅਤੇ ਸਟਾਰਟਅਪਸ ਸ਼ੁਰੂ ਕਰਨ ਦੀ ਜਾਣਕਾਰੀ ਦੇਣ ਲਈ ਹੰਭਲੇ ਮਾਰੇ ਜਾਣਗੇ ਅਤੇ ਇਸ ਉਦਮ ਵਿੱਚ ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਭਾਈਚਾਰੇ ਨੂੰ ਹਿੱਸੇਦਾਰ ਬਣਾਇਆ ਜਾਵੇਗਾ ਅਤੇ ਔਰਤਾਂ ਵਿੱਚ ਉਦਮਤਾ ਦੀ ਭਾਵਨਾ ਨੂੰ ਹੁਲਾਰਾ ਦੇਣ ਲਈ ਵੀ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ। ਉਨ੍ਹਾ ਨੇ ਇਹ ਵੀ ਕਿਹਾ ਕਿ ਸੂਬੇ ਵਿੱਚ 450 ਸਟਾਰਟਅਪਸ ਅਤੇ 20 ਤੋਂ ਵੱਧ ਇਨਕਿਊਬੇਟਰ ਮੌਜੂਦ ਹਨ, ਜਿਨ੍ਹਾਂ ਦੇ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਇਨੋਵੇਸ਼ਨ ਮਿਸ਼ਨ ਪੰਜਾਬ ਵੱਲੋਂ ਇਸ ਨਾਲ ਜੁੜੀਆਂ ਸਭ ਧਿਰਾਂ ਜਿਵੇਂ ਨਿਵੇਸ਼ਕਾਰ, ਅਗਾਂਹ ਵਧੂ ਕਿਸਾਨ, ਮੀਡੀਆ, ਕਾਰਪੋਰੇਟ ਜਗਤ, ਸਰਕਾਰ ਤੇ ਅਕਾਦਮਿਕ ਦੀ ਮਦਦ ਲਈ ਜਾਵੇਗੀ।ਮੁੱਖ ਮੰਤਰੀ ਨੇ ਕਿਹਾ ਕਿ ਇਹ ਨਿਵੇਕਲਾ ਮਿਸ਼ਨ ਸਰਕਾਰੀ ਤੇ ਨਿੰਜੀ ਦੋਵਾਂ ਖੇਤਰਾਂ ਦੀ ਭਾਈਵਾਲੀ ਨਾਲ ਅੱਗੇ ਵਧੇਗਾ ਤੇ ਇਸ ਦੇ ਭਾਈਵਾਲਾਂ ਵਜੋਂ ਖੇਤੀਬਾੜੀ, ਉਦਯੋਗ ਤੇ ਵਣਜ ਵਿਭਾਗ, ਮੰਡੀ ਬੋਰਡ ਅਤੇ ਸਟਾਰ-ਟਅਪ ਪੰਜਾਬ ਵੱਲੋਂ ਪਹਿਲੇ ਤਿੰਨ ਰਾਜਾਂ ਲਈ ਚਾਲੂ ਖਰਚਿਆਂ ਵਜੋਂ ਨਕਦ ਅਤੇ ਹੋਰ ਵਸਤਾਂ ਦੇ ਰੂਪ ਵਿੱਚ ਤੀਹ ਕਰੋੜ ਰੁਪਏ ਤੋਂ ਵੱਧ ਦੀ ਮਦਦ ਦਿੱਤੀ ਜਾਵੇਗੀ।

# ਬਾਲੀਵੁੱਡ ਗਾਇਕ ਉਦਿਤ ਨਾਰਾਇਣ ਜਲੰਧਰ ਅਦਾਲਤ ਵਿੱਚ ਪੇਸ਼

* ਮਾਮਲਾ ਸਾਬਕਾ ਆਈ ਏ ਐਸ ਅਫਸਰ ਵੱਲੋਂ ਹੇਰਾਫੇਰੀ ਦਾ * ਸ਼ਹੀਦ ਭਗਤ ਸਿੰਘ ਦੇ ਸਮਾਗਮ ਬਹਾਨੇ ਫਰਾਡ ਹੋਇਆ ਸੀ

ਜਲੰਧਰ, 2 ਸਤੰਬਰ (ਪੋਸਟ ਬਿਊਰੋ)- ਸਾਲ 2011 ਵਿੱਚ ਨਵਾਂਸ਼ਹਿਰ ਵਿਖੇ ਕਰਵਾਏ ਗਏ ਸ਼ਹੀਦ-ਏ-ਆਜ਼ਮ ਭਗਤ ਸਿੰਘ ਜਨਮ ਸ਼ਤਾਬਦੀ ਸਮਾਗਮ ਵੇਲੇ ਸਰਕਾਰੀ ਫੰਡਾਂਦੀ ਹੇਰਾਫੇਰੀ ਦੇ ਕੇਸ ਵਿੱਚ ਨਾਮਜ਼ਦ ਸਵਰਨ ਸਿੰਘ (ਉਸ ਸਮੇਂ ਦੇ ਡਵੀਜ਼ਨਲ ਕਮਿਸ਼ਨਰ), ਵਿਕਾਸ ਮਹਿਰਾ ਪੁੱਤਰ ਸੁਦਰਸ਼ਨ ਲਾਲ ਵਾਸੀ ਫਰੀਦਾਬਾਦ (ਜੇ ਐਸ ਐਂਟਰਪ੍ਰਾਈਜ਼ਿਸ ਦੇ ਮਾਲਕ), ਸੰਜੇ ਗਹਿਰੇ ਪੁੱਤਰ ਮਨੋਹਰ ਲਾਲ ਵਾਸੀ ਫਰੀਦਾਬਾਦ ਤੇ ਸਤਬੀਰ ਸਿੰਘ ਬਾਜਵਾ ਵਾਸੀ ਚੰਡੀਗੜ੍ਹ ਦੇ ਮਾਮਲੇ ਵਿੱਚ ਬਾਲੀਵੁੱਡ ਦੇ ਮਸ਼ਹੂਰ ਗਾਇਕ ਉਦਿਤ ਨਾਰਾਇਣ ਕੱਲ੍ਹ ਜਲੰਧਰ ਦੇ ਜ਼ਿਲ੍ਹਾ ਤੇ ਸੈਸ਼ਨ ਜੱਜ ਰੂਪਿੰਦਰ ਜੀਤ ਚਹਿਲ ਦੀ ਅਦਾਲਤ ਉੱਤੇ ਪੇਸ਼ ਹੋਏ। ਇਸ ਕੇਸ ਉੱਤੇ ਲੋਕਾਂ ਦੀਆਂ ਨਜ਼ਰਾਂ ਟਿਕੀਆਂ ਹਨ।



ਸੀਨੀਅਰ ਵਕੀਲ ਸੰਜੀਵ ਬਾਂਸਲ ਨੇ ਦੱਸਿਆ ਕਿ ਉਦਿਤ ਨਾਰਾਇਣ ਦੀ ਇਸ ਕੇਸ ਵਿੱਚ ਗਵਾਹੀ ਅੱਜ ਉਨ੍ਹਾਂ ਨੇ ਅਦਾਲਤ ਵਿੱਚ ਪੇਸ਼ ਹੋ ਕੇ ਦਰਜ ਕਰਵਾਈ ਹੈ। ਉਦਿਤ ਨਾਰਾਇਣ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਨੂੰ ਇਸ ਸਮਾਗਮ ਵਿੱਚਆਉਣ ਲਈ 1 ਲੱਖ ਰੁਪਏ ਦੀ ਤੈਅ ਰਕਮ ਦਾ ਚੈਕ ਦਿੱਤਾ ਗਿਆ ਸੀ ਤੇ ਬਾਕੀ 12 ਲੱਖ ਰੁਪਏ ਉਨ੍ਹਾਂ ਦੀ ਟੀਮ ਨੂੰ ਦਿੱਤੇ ਗਏ ਸਨ, ਜੋ ਬਿਲਕੁਲ ਸਹੀ ਹੈ। ਵਕੀਲ ਸੰਜੀਵ ਬਾਂਸਲ ਨੇ ਦੱਸਿਆ ਕਿ ਇਹ ਕੇਸਉਕਤ ਚਾਰਾਂ ਖ਼ਿਲਾਫ਼ ਥਾਣਾ ਵਿਜੀਲੈਂਸ ਬਿਊਰੋ ਵਿਖੇ ਐਸ ਐਸ ਪੀ ਵਿਜੀਲੈਂਸ ਸੁਰਜੀਤ ਸਿੰਘ ਗਰੇਵਾਲ ਦੀ ਸ਼ਿਕਾਇਤ ਉੱਤੇ ਦਰਜ ਹੋਇਆ ਸੀ। ਸੰਜੀਵ ਬਾਂਸਲ ਨੇ ਦੱਸਿਆ ਕਿ ਉਸ ਵੇਲੇ ਨਵਾਂਸ਼ਹਿਰ ਵਿਖੇ ਸ਼ਹੀਦੇ ਆਜ਼ਮ ਭਗਤ ਸਿੰਘ ਦਾ ਜਨਮ ਸ਼ਤਾਬਦੀ ਸਮਾਗਮ ਕਰਵਾਇਆ ਗਿਆ ਅਤੇ ਸਵਰਨ ਸਿੰਘ ਨੇ ਆਪਣੇ ਅਹੁਦੇ ਦਾ ਲਾਭ ਲੈਂਦੇ ਹੋਏ ਸਰਕਾਰੀ ਫੰਡਾਂ ਦੀ ਗਲਤ ਵਰਤੋਂ ਕੀਤੀ ਸੀ ਤੇ ਇਸ ਸਰਕਾਰੀ ਸਮਾਗਮ ਵਿੱਚ ਤਿੰਨ ਕਰੋੜ 15 ਲੱਖ 389 ਰੁਪਏ ਦੀ ਹੇਰਾਫੇਰੀ ਕੀਤੀ ਸੀ, ਜਿਸ ਪਿੱਛੋਂ ਇਨ੍ਹਾਂ ਸਾਰਿਆਂ ਉੱਤੇਕੇਸ ਦਰਜ ਕੀਤਾ ਗਿਆ ਸੀ। ਬਾਂਸਲ ਨੇ ਇਹ ਵੀ ਦੱਸਿਆ ਕਿ ਇਸ ਸਮਾਗਮ ਲਈ ਸਵਰਨ ਸਿੰਘ ਨੇ ਬਾਲੀਵੁੱਡ ਵਿੱਚ ਆਪਣੀ ਪਛਾਣ ਬਣਾਉਣ ਲਈ ਹੋਰ ਵੀ ਕਲਾਕਾਰ ਸੱਦੇ ਸਨਅਤੇ ਇਸ ਦੌਰਾਨ ਇਨ੍ਹਾਂ ਨੂੰ ਘੱਟ ਰਕਮ ਉੱਤੇ ਬੁਲਾ ਕੇ ਕਾਗਜ਼ਾਂ ਵਿੱਚ ਵੱਧ ਰਕਮ ਵਿਖਾ ਕੇ ਘਪਲਾ ਕੀਤਾ ਸੀ। ਇਸ ਕੇਸ ਵਿੱਚ ਆਉਣ ਵਾਲੇ ਦਿਨਾਂ ਵਿੱਚ ਹੋਰ ਕਲਾਕਾਰਾਂ ਤੇ ਗਾਇਕਾਂ ਦੀ ਗਵਾਹੀ ਵੀ ਦਰਜ ਕੀਤੀ ਜਾਵੇਗੀ। ਕੇਸ ਦੀ ਅਗਲੀ ਸੁਣਵਾਈ 29 ਸਤੰਬਰ ਨੂੰ ਹੈ।

## ਬੇਅਦਬੀ ਦੇ ਤੀਸਰੇ ਕੇਸ ਵਿੱਚ ਡੇਰਾ ਮੁਖੀ ਨੂੰ ਰਾਹਤ ਦੀਆਂ ਗੱਲਾਂ ਕੋਰੀ ਅਫਵਾਹ: ਆਈ ਜੀ



ਫ਼ਰੀਦਕੋਟ, 2 ਸਤੰਬਰ (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੌਰਾਨ ਵਾਪਰੇ ਬੇਅਦਬੀ ਕਾਂਡ ਨਾਲ ਜੁੜੇ ਤਿੰਨ ਕੇਸਾਂ; ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰੂ ਘਰ ਵਿੱਚੋਂ ਸਰੂਪ ਚੋਰੀ ਕਰਨ, ਗੁਰਦੁਆਰਾ ਬੁਰਜ ਜਵਾਹਰ ਸਿੰਘ ਵਾਲਾ ਦੇ ਬਾਹਰ ਇਤਰਾਜ਼ਯੋਗ ਸ਼ਬਦਾਵਲੀ ਵਾਲਾ ਪੋਸਟਰ ਲਾਉਣ ਅਤੇ ਬਰਗਾੜੀ ਦੀਆਂ ਗਲੀਆਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਅੰਗਾਂ ਨੂੰ ਖਿਲਾਰਨ ਦੀ ਜਾਂਚ ਕਰ ਰਹੀ ਆਈ ਜੀ, ਐਸ ਪੀ ਐਸ ਪਰਮਾਰ ਦੀ ਅਗਵਾਈ ਹੇਠਲੀ ਐੱਸ ਆਈ ਟੀ ਨੇ ਕੱਲ੍ਹ ਬੁਰਜ ਜਵਾਹਰ ਸਿੰਘ ਵਾਲਾ ਅਤੇ ਆਸ-ਪਾਸ ਦਾ ਦੌਰਾ ਕਰਕੇ ਲੋਕਾਂ ਨੂੰ ਖੁੱਲ੍ਹਾ ਸੱਦਾ ਦਿੱਤਾ ਕਿ ਜਿਸ ਨੂੰ ਵੀ ਇਨ੍ਹਾਂ ਕੇਸਾਂ ਦੀ ਕੋਈ ਅਹਿਮ ਜਾਣਕਾਰੀ ਹੈ, ਉਹ ਸਾਡੇ ਨਾਲ ਸਾਂਝੀ ਕਰੇ ਤਾਂ ਗੁਪਤ ਰੱਖੀ ਜਾਵੇਗੀ।

ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਆਈ ਜੀ ਪਰਮਾਰ ਨੇ ਕਿਹਾ ਕਿ ਐੱਸ ਆਈ ਟੀ ਇਨ੍ਹਾਂ ਤਿੰਨਾਂ ਕੇਸਾਂ ਦੀ ਜਾਂਚ ਮੁਕੰਮਲ ਕਰਨ ਪਿੱਛੋਂ ਕੇਸ ਨੰਬਰ 117 ਅਤੇ 128 ਧਾਰਾ 295-ਏ ਅਤੇ 153-ਏ, ਆਈ ਪੀ ਸੀ ਤਹਿਤ ਛੇ ਦੋਸ਼ੀਆਂ ਵਿਰੁੱਧ ਫ਼ਰੀਦਕੋਟ ਅਦਾਲਤ ਵਿੱਚ ਚਲਾਨ ਪੇਸ਼ ਕਰ ਚੁੱਕੀ ਹੈ, ਜਦਕਿ ਤੀਸਰੇ ਕੇਸ, ਜਿਸ ਵਿੱਚ ਸਰੂਪ ਚੋਰੀ ਕਰਨ ਦੀ ਸਾਜ਼ਿਸ਼ ਵਿੱਚ ਡੇਰਾ ਮੁਖੀ ਨੂੰ ਨਾਮਜ਼ਦ ਕੀਤਾ ਗਿਆ ਹੈ, ਦਾ ਚਲਾਣ ਜਲਦ ਹੀ ਪੇਸ਼ ਕਰ ਦਿੱਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਭਗੌੜੇ ਦੋਸ਼ੀਆਂ ਹਰਸ਼ ਧੂਰੀ ਪੁੱਤਰ ਅਸ਼ੋਕ ਕੁਮਾਰ ਧੂਰੀ, ਸੰਦੀਪ ਬਰੇਟਾ ਪੁੱਤਰ ਓਮ ਪ੍ਰਕਾਸ਼ ਵਾਲੀ ਬਰੇਟਾ ਮੰਡੀ ਤੇ ਪ੍ਰਦੀਪ ਕਲੇਰ ਪੁੱਤਰ ਚਾਂਦੀ ਰਾਮ ਵਾਸੀ ਕਲਾਇਤ ਜ਼ਿਲ੍ਹਾ ਕੈਥਲ ਦੇ ਗ੍ਰਿਫ਼ਤਾਰੀ ਵਾਰੰਟ ਦੇ ਹੋਣ ਬਾਵਜੂਦ ਅਜੇ ਇਨ੍ਹਾਂ ਦੀ ਗ੍ਰਿਫ਼ਤਾਰੀ ਨਹੀਂ ਹੋਈ ਤੇ ਇਨ੍ਹਾਂ ਦੀ ਚੱਲ-ਅਚੱਲ ਜਾਇਦਾਦ ਦਾ ਵੇਰਵਾ ਅਦਾਲਤ ਮੰਗ ਚੁੱਕੀ ਹੈ। ਉਨ੍ਹਾਂ ਕਿਹਾ ਕਿ ਏਦਾਂ ਦੇ ਤੀਸਰੇ ਕੇਸ ਵਿੱਚ ਡੇਰਾ ਸਿਰਸਾ ਮੁਖੀ ਨੂੰ ਰਾਹਤ ਦੇਣ ਦੀਆਂ ਅਫਵਾਹਾਂ ਬਿਲਕੁੱਲ ਨਿਰਾਧਾਰ ਹਨ ਅਤੇ ਇਨ੍ਹਾਂ ਕੇਸਾਂ ਦੇ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ, ਚਾਹੇ ਕੋਈ ਵੀ ਹੋਵੇ।

# ਜਸਟਿਸ ਅਜੇ ਤਿਵਾੜੀ ਨੇ ਡਰੱਗ ਕੇਸ ਦੀ ਸੁਣਵਾਈ ਤੋਂ ਖੁਦ ਨੂੰ ਵੱਖ ਕਰ ਲਿਆ

ਚੰਡੀਗੜ੍ਹ, 2 ਸਤੰਬਰ (ਪੋਸਟ ਬਿਊਰੋ)- ਬਹੁ-ਚਰਚਿਤ ਡਰੱਗ ਕੇਸ ਦੀ ਲੰਮੇ ਸਮੇਂ ਤੋਂ ਸੁਣਵਾਈ ਕਰ ਰਹੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਅਜੇ ਤਿਵਾੜੀ ਨੇ ਇਸ ਸੁਣਵਾਈ ਤੋਂ ਖੁਦ ਨੂੰ ਵੱਖ ਕਰ ਲਿਆ ਹੈ।



ਕੱਲ੍ਹ ਜਸਟਿਸ ਤਿਵਾੜੀ ਨੇ ਇਸ ਕੇਸ ਤੋਂ ਆਪਣੇ ਆਪ ਨੂੰ ਵੱਖ ਕਰਨ ਦੀ ਗੱਲ ਕਹੀ, ਜਿਸ ਤੋਂ ਬਾਅਦ ਜਸਟਿਸ ਰਾਜਨ ਗੁਪਤਾ ਅਤੇ ਜਸਟਿਸ ਅਜੇ ਤਿਵਾੜੀਦੇ ਡਬਲ ਬੈਂਚ ਨੇ ਮਾਮਲੇ ਵਿੱਚ ਆਦੇਸ਼ ਜਾਰੀ ਕਰਦਿਆਂ ਕਿਹਾ ਕਿ ਚੀਫ਼ ਜਸਟਿਸ ਤੋਂ ਆਦੇਸ਼ ਪ੍ਰਾਪਤ ਕਰਨ ਪਿੱਛੋਂ ਕੇਸ ਕਿਸੇ ਹੋਰ ਬੈਂਚ ਕੋਲ ਲਾਇਆ ਜਾਵੇ, ਜਿਸ ਵਿੱਚ ਜਸਟਿਸ ਅਜੇ ਤਿਵਾੜੀ ਮੈਂਬਰ ਨਾ ਹੋਣ। ਇਸ ਤੋਂ ਪਹਿਲਾਂ ਬੀਤੀ 13 ਅਗਸਤ ਨੂੰ ਕੇਸ ਦੀ ਸੁਣਵਾਈ ਵੇਲੇ ਹਾਈ ਕੋਰਟ ਨੇ ਇਹ ਸਪੱਸ਼ਟ ਕੀਤਾ ਸੀ ਕਿ ਕੇਸ ਵਿੱਚ ਅੱਗੇ ਵਧਣ ਤੋਂ ਪਹਿਲਾਂ ਬੀਤੇ ਸਾਲਾਂ ਦੌਰਾਨ ਪੇਸ਼ ਕੀਤੀਆਂ ਜਾਂਚ ਰਿਪੋਰਟਾਂ ਦੀਜਾਂਚ ਕੀਤੀ ਜਾਵੇ। ਜਸਟਿਸ ਰਾਜਨ ਗੁਪਤਾ ਅਤੇ ਜਸਟਿਸ ਅਜੇ ਤਿਵਾੜੀ ਦੇ ਡਬਲ ਬੈਂਚ ਨੇ ਪਹਿਲਾਂ ਹਾਈ ਕੋਰਟ ਦੇ ਰਜਿਸਟਰਾਰ (ਜੁਡੀਸ਼ਲ) ਨੂੰ ਆਦੇਸ਼ ਦਿੱਤੇ ਸਨ ਕਿ ਕੇਸ ਦੀਆਂ ਪਹਿਲਾਂ ਚੈਂਬਰਾਂ ਵਿੱਚ ਰਿਪੋਰਟਾਂ ਪੇਸ਼ ਕੀਤੀਆਂ ਜਾਣ। ਐਡਵੋਕੇਟ ਨਵਕਿਰਨ ਸਿੰਘ ਦੀ ਅਰਜ਼ੀ ਉੱਤੇ ਹਾਈ ਕੋਰਟ ਸੁਣਵਾਈ ਕਰ ਰਹੀ ਸੀ, ਜਿਸ ਵਿੱਚ ਕੇਸ ਦੀ ਸੁਣਵਾਈ ਦੀ ਤਰੀਕ ਨੇੜੇ ਪਾਉਣ ਦੀ ਮੰਗ ਕੀਤੀ ਗਈ ਸੀ। ਬੈਂਚ ਨੇ ਕਿਹਾ ਕਿ ਇਹ ਬੈਂਚ ਨਵੀਂ ਬਣੀ ਹੈ ਅਤੇ ਕਈ ਰਿਪੋਰਟਾਂ 2-3 ਸਾਲ ਪਹਿਲਾਂ ਜਮ੍ਹਾਂ ਹੋਈਆਂ ਸਨ। ਇਸ ਲਈ ਇਨ੍ਹਾਂ ਉੱਤੇ ਗ਼ੌਰ ਕਰਨ ਦੀ ਲੋੜ ਹੈ। ਇਸ ਤੋਂ ਪਹਿਲਾਂ ਐਡਵੋਕੇਟ ਨਵਕਿਰਨ ਸਿੰਘ ਨੇ ਸੀਲਡ ਰਿਪੋਰਟਾਂ ਨੂੰ ਅਦਾਲਤ ਵਿੱਚ ਖੋਲ੍ਹਣ ਦੀ ਮੰਗ ਕੀਤੀ ਅਤੇ ਦਲੀਲ ਦਿੱਤੀ ਸੀ ਕਿ ਕੇਸ ਡਰੱਗ ਮਾਫ਼ੀਆ ਨਾਲ ਜੁੜਿਆ ਹੈ ਤੇ ਇਸ ਦੇ ਅੰਤਰਰਾਸ਼ਟਰੀ ਲਿੰਕ ਹਨ। ਇਸ ਕੇਸ ਨੂੰ ਤੇਜ਼ੀ ਨਾਲ ਸੁਣਨ ਦੀ ਲੋੜ ਹੈ ਕਿਉਂਕਿ ਪੰਜਾਬ ਦੇ ਨੌਜਵਾਨਾਂ ਦੀ ਜ਼ਿੰਦਗੀ ਨੂੰ ਨਸ਼ਾ ਪ੍ਰਭਾਵਤ ਕਰ ਰਿਹਾ ਹੈ। ਇਹ ਸੀਲਡ ਰਿਪੋਰਟਾਂ ਇਨਫੋਰਸਮੈਂਟ ਡਾਇਰੈਕਟੋਰੇਟ ਅਤੇ ਪੰਜਾਬ ਪੁਲਸ ਦੀ ਸਪੈਸ਼ਲ ਟਾਸਕ ਫੋਰਸ ਨੇ ਸੌਂਪੀਆ ਸਨ।

ਮਾਮਲਾ ਝੂਠੇ ਪੁਲਸ ਮੁਕਾਬਲੇ ਦਾ :

# ਦੋਸ਼ੀਆਂ ਤੋਂ ਜੁਰਮਾਨੇ ਵਜੋਂ ਜਮ੍ਹਾਂ ਕਰਵਾਏ ਚਾਰ ਲੱਖ ਰੁਪਏ ਅਦਾਲਤ ਨੇ ਵਿਧਵਾਵਾਂ ਨੂੰ ਸੌਂਪੇ

ਐਸ ਏ ਐਸ ਨਗਰ, 2 ਸਤੰਬਰ (ਪੋਸਟ ਬਿਊਰੋ)- ਫਰਵਰੀ 1993 ਵਿੱਚ ਝੂਠੇ ਪੁਲਸ ਮੁਕਾਬਲੇ ਵਿੱਚ ਕੁਲਦੀਪ ਸਿੰਘ ਤੇ ਗੁਰਮੇਲ ਸਿੰਘ



ਦੀ ਮੌਤ ਦੇ ਕੇਸ ਵਿੱਚ ਸੀ ਬੀ ਆਈ ਅਦਾਲਤ ਨੇ ਪੁਲਸ ਅਧਿਕਾਰੀ ਹਰਜਿੰਦਰਪਾਲ ਸਿੰਘ ਨੂੰ ਉਮਰ ਕੈਦ ਅਤੇ ਤਤਕਾਲੀ ਡੀ ਐਸ ਪੀ ਅਵਤਾਰ ਸਿੰਘ ਤੇ ਸਬ-ਇੰਸਪੈਕਟਰ ਬਚਨ ਦਾਸ ਨੂੰ ਗ਼ਲਤ ਰਿਕਾਰਡ ਤਿਆਰ ਕਰਨ ਦੇ ਦੋਸ਼ ਵਿੱਚ ਸੁਣਵਾਈ 2-2 ਸਾਲਾਂ ਦੀ ਕੈਦ ਅਤੇ ਪੰਜ ਲੱਖ ਪੰਜ ਹਜ਼ਾਰ ਰੁਪਏ ਜੁਰਮਾਨਾ ਕੀਤਾ ਸੀ। ਇਸ ਸਬੰਧ ਵਿੱਚ ਸੀ ਬੀ ਆਈ ਅਦਾਲਤ ਦੇ ਵਿਸ਼ੇਸ਼ ਜੱਜ ਹਰਿੰਦਰ ਕੌਰ ਸਿੱਧੂ ਦੀ ਅਦਾਲਤ ਨੇ ਦੋਸ਼ੀਆਂ ਵੱਲੋਂ ਜਮ੍ਹਾਂ ਕਰਾਏ 2-2 ਲੱਖ ਰੁਪਏ ਵਿੱਚੋਂ ਮ੍ਰਿਤਕ ਕੁਲਦੀਪ ਸਿੰਘ ਦੀ ਵਿਧਵਾ ਕੁਲਵੀਰ ਕੌਰ ਨੂੰ 2 ਲੱਖ ਰੁਪਏ ਮੁਆਵਜੇ ਵਜੋਂ ਸੌਂਪ ਦਿੱਤੇ ਹਨ। ਇਸ ਕੇਸ ਵਿੱਚ ਦੋਸ਼ੀਆਂ ਨੂੰ 27 ਫਰਵਰੀ 2019 ਨੂੰ ਸਜ਼ਾ ਤੇ ਜੁਰਮਾਨਾ ਕੀਤੇ ਜਾਣ ਪਿੱਛੋਂ ਦੋਸ਼ੀ ਪੁਲਸ ਅਫ਼ਸਰਾਂ ਨੇ ਹਾਈ ਕੋਰਟ ਵਿੱਚ ਅਪੀਲ ਕਰਕੇ ਜੁਰਮਾਨੇ ਉੱਤੇ ਸਟੇਅ ਲਾਉਣ ਦੀ ਗੁਹਾਰ ਲਾਈ ਸੀ। ਹਾਈ ਕੋਰਟ ਵੱਲੋਂ ਉਕਤ ਅਪੀਲ ਉੱਤੇ ਸੁਣਵਾਈ ਕਰਦਿਆਂ ਸਿਰਫ਼ 1 ਲੱਖ 5 ਹਜ਼ਾਰ ਰੁਪਏ ਉੱਤੇ ਸਟੇਅ ਲਗਾਈ ਗਈ ਸੀ। ਹਾਈ ਕੋਰਟ ਦੇ ਫ਼ੈਸਲੇ ਤੋਂ ਬਾਅਦ ਮ੍ਰਿਤਕਾਂ ਦੇ ਵਾਰਸਾਂ ਵੱਲੋਂ ਮੁੜ ਮੁਹਾਲੀ ਵਿਚਲੀ ਸੀ ਬੀ ਆਈ ਅਦਾਲਤ ਵਿੱਚ ਮੁਆਵਜ਼ਾ ਦੇਣ ਦੀ ਦਰਖ਼ਾਸਤ ਦਾਇਰ ਕੀਤੀ ਸੀ ਤੇ ਅਦਾਲਤ ਵੱਲੋਂ ਉਕਤ ਦਰਖ਼ਾਸਤ ਦਾ ਨਿਬੇੜਾ ਕਰਦਿਆਂ ਦੋਸ਼ੀਆਂ ਨੂੰ ਚਾਰ ਲੱਖ ਜ਼ੁਰਮਾਨੇ ਦੀ ਰਕਮ ਅਦਾਲਤ ਵਿੱਚ ਜਮ੍ਹਾਂ ਕਰਵਾਉਣ ਦੇ ਹੁਕਮ ਦਿੱਤੇ ਗਏ ਸਨ।

## ਸੁਮੇਧ ਸੈਣੀ ਗ੍ਰਿਫਤਾਰੀ ਦੇ ਡਰੋਂ ਜਾਂਚ ਵਿੱਚ ਸ਼ਾਮਲ ਨਹੀਂ ਹੋਇਆ



ਐਸ ਏ ਐਸ ਨਗਰ (ਮੁਹਾਲੀ), 2 ਸਤੰਬਰ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਕੱਲ੍ਹ ਆਪਣੀ ਗ੍ਰਿਫਤਾਰੀ ਦੇ ਡਰ ਕਾਰਨ ਵਿਜੀਲੈਂਸ ਥਾਣਾ ਮੁਹਾਲੀ ਵਿੱਚ ਆਮਦਨ ਤੋਂ ਵੱਧ ਜਾਇਦਾਦ ਦੇ ਕੇਸ ਦੀ ਜਾਂਚ ਵਿੱਚ ਸ਼ਾਮਲ ਨਹੀਂ ਹੋਏ। ਪਿਛਲੇ ਦਿਨੀਂ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਉਨ੍ਹਾਂ ਨੂੰ ਪਹਿਲੀ ਸਤੰਬਰ ਨੂੰ ਜਾਂਚ ਵਿੱਚ ਸ਼ਾਮਲ ਹੋਣ ਲਈ ਵਿਜੀਲੈਂਸ ਥਾਣੇ ਵਿੱਚ ਤਲਬ ਕੀਤਾ ਗਿਆ ਸੀ। ਸੈਣੀ ਨੇ ਕੱਲ੍ਹ ਸਵੇਰੇ ਹੀ ਆਪਣੇ ਵਕੀਲ ਰਾਹੀਂ ਵਿਜੀਲੈਂਸ ਬਿਊਰੋ ਨੂੰ ਈ-ਮੇਲ ਭੇਜ ਕੇ ਦੱਸਿਆ ਕਿ ਉਹ ਕੱਲ੍ਹ ਕਿਸੇ ਕਾਰਨ ਜਾਂਚ ਵਿੱਚ ਸ਼ਾਮਲ ਨਹੀਂ ਹੋ ਸਕਦੇ, ਇਸ ਲਈ ਉਨ੍ਹਾਂ ਨੂੰ ਘੱਟੋ ਘੱਟ 15 ਦਿਨਾਂ ਦੀ ਮੋਹਲਤ ਦਿੱਤੀ ਜਾਵੇ। ਇਸ ਦੀ ਪੁਸ਼ਟੀ ਵਿਜੀਲੈਂਸ ਦੇ ਇੱਕ ਅਧਿਕਾਰੀ ਨੇ ਕੀਤੀ ਹੈ।

ਸਾਬਕਾ ਡੀ ਜੀ ਪੀ ਸੁਮੇਧ ਸਿੰਘ ਨੇ ਜਾਂਚ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਪੰਜਾਬ ਵਿਜੀਲੈਂਸ ਬਿਊਰੋ ਤੋਂ ਭਰੋਸਾ ਮੰਗਿਆ ਹੈ ਕਿ ਜਦੋਂ ਉਹ ਜਾਂਚ ਵਿੱਚ ਸ਼ਾਮਲ ਹੋਣ ਲਈ ਆਉਣ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਵੇਗਾ। ਵਰਨਣ ਯੋਗ ਹੈ ਕਿ ਹਾਈ ਕੋਰਟ ਨੇ ਆਮਦਨ ਤੋਂ ਵੱਧ ਜਾਇਦਾਦ ਦੇ ਤਾਜ਼ਾ ਮਾਮਲੇ ਵਿੱਚ ਸੁਮੇਧ ਸੈਣੀ ਨੂੰ ਕੁਝ ਦਿਨ ਪਹਿਲਾਂ ਅਗਾਊਂ ਜ਼ਮਾਨਤ ਦਿੰਦਿਆਂ ਉਸ ਨੂੰ ਹਫਤੇ ਦੇ ਅੰਦਰ ਵਿਜੀਲੈਂਸ ਕੋਲ ਜਾਂਚ ਵਿੱਚ ਸ਼ਾਮਲ ਹੋਣ ਨੂੰ ਕਿਹਾ ਸੀ। ਬੀਤੀ 18 ਅਗਸਤ ਨੂੰ ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ ਦੇਰ ਸ਼ਾਮ ਇਸ ਕੇਸ ਦੀ ਜਾਂਚ ਵਿੱਚ ਸ਼ਾਮਲ ਹੋਣ ਲਈ ਵਿਜੀਲੈਂਸ ਦੀ ਟੀਮ ਅੱਗੇ ਪੇਸ਼ ਹੋਏ ਤਾਂ ਪੁੱਛਗਿੱਛ ਦੇ ਬਾਅਦ ਵਿਜੀਲੈਂਸ ਨੇ ਡਬਲਿਯੂ ਡਬਲਿਯੂ ਆਈ ਸੀ ਐਸ ਦੇ ਡਾਇਰੈਕਟਰ ਦਵਿੰਦਰ ਸੰਧੂ ਦੇ ਖਿਲਾਫ ਦਰਜ ਪੁਰਾਣੇ ਕੇਸ ਵਿੱਚ ਨਾਮਜ਼ਦ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਸੀ।

NEED A LAWYER ??

Red Seal NOTARY

KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

## ਅੱਜ ਨਾਮਾ >>

ਜਿਊਣੇ ਮੌੜ ਦੀ ਨਹੀਂ ਆਹ ਮੌੜ ਮੰਡੀ,
ਜਿੱਥੋਂ ਲੜਨੀ ਆ ਚੋਣ ਜਗਮੀਤ ਮੀਆਂ।
ਉਹ ਤਾਂ ਮੌੜ ਆ ਕੋਈ ਸੰਗਰੂਰ ਅੰਦਰ,
ਜੁੜਿਆ ਨਾਲ ਹੈ ਜੀਹਦੇ ਅਤੀਤ ਮੀਆਂ।
ਏਥੇਜੁਰਅੱਤ ਜਿਊਣੇ ਦੀ ਚੱਲਣੀ ਨਹੀਂ,
ਰਾਜਸੀ ਚੱਲੇਗੀ ਨੀਤ-ਬਦਨੀਤ ਮੀਆਂ।
ਰੋਕੂ ਜਾਣੀ ਹੈ ਅੰਦਰ ਤੋਂ ਢਾਹ ਕਿ ਨਹੀਂ,
ਹੋਊਗੀ ਨਾਲ ਇਹਦੇ ਹਾਰ-ਜੀਤ ਮੀਆਂ।
ਹੁੰਦਾ ਜਿਊਣਾ ਤਾਂ ਮੌੜਾਂ ਦਾ ਮੂਡ ਦੱਸਦਾ,
ਉਹ ਸੰਗਰੂਰ ਤੋਂ ਏਧਰ ਫਿਰ ਆ ਜਾਂਦਾ।
ਰਹੋ ਅਣਖ 'ਤੇ ਕਾਇਮ ਬਈ ਭਾਈਬੰਦੋ,
ਸਾਰਿਆਂ ਕੰਨਾਂ ਵਿੱਚ ਮਸ਼ਵਰਾ ਪਾ ਜਾਂਦਾ।

**ਤੀਸ ਮਾਰ ਖਾਂ**

# ਪੰਜਾਬ ਵਿੱਚ ਚੋਣਾਂ ਤੋਂ ਪਹਿਲਾਂ ਹਿੰਸਾ ਸ਼ੁਰੂ, ਮੋਗਾ ਵਿੱਚ ਅਕਾਲੀ ਰੈਲੀ ਵਿੱਚ ਪਥਰਾਅ

*** ਕਿਸਾਨਾਂ ਦੇ ਮੁੱਦੇ ਤੋਂ ਅਕਾਲੀ ਤੇ ਆਪ ਆਗੂ ਮਿਹਣੋ-ਮਿਹਣੀ**

ਮੋਗਾ/ਚੰਡੀਗੜ੍ਹ, 2 ਸਤੰਬਰ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਹਾਲੇ ਛੇ ਮਹੀਨੇ ਤੋਂ ਵੱਧ ਸਮਾਂ ਰਹਿੰਦਾ ਹੈ, ਪਰ ਸਿਆਸੀ ਰੈਲੀਆਂ ਵਿੱਚ ਹਿੰਸਾ ਸ਼ੁਰੂ ਹੋ ਗਈ ਹੈ। ਮੋਗਾ ਵਿੱਚ ਬਾਦਲ ਅਕਾਲੀ ਦਲ ਦੀ ਰੈਲੀ ਦੇ ਦੌਰਾਨ ਕਿਸਾਨਾਂ ਨੇ ਪਥਰਾਅ ਕੀਤਾ ਤਾਂ ਇਸ ਦੇ ਬਾਅਦ ਸਿਆਸੀ ਮਿਹਣਿਆਂ ਦਾ ਦੌਰ ਵੀ ਚੱਲ ਪਿਆ ਹੈ। ਅੱਜ ਵੀਰਵਾਰ ਨੂੰ ਮੋਗਾ ਵਿੱਚਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਰੈਲੀ ਦਾ ਵਿਰੋਧ ਕਰਦੇ ਹੋਏ ਕਿਸਾਨ ਪ੍ਰਦਰਸ਼ਨਕਾਰੀ ਬੇਕਾਬੂ ਹੋਣ ਪਿੱਛੋਂ ਦੋ ਪੁਲਿਸ ਬੈਰੀਕੇਡ ਤੋੜ ਕੇ ਰੈਲੀ ਵਾਲੀ ਥਾਂ ਦੀ ਆਖ਼ਰੀ ਬੈਰੀਕੇਡਿੰਗ ਤਕ ਚਲੇ ਗਏ। ਪੁਲਿਸ ਨੇ ਸਖ਼ਤੀ ਨਾਲ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਕਿਸਾਨ ਹੋਰ ਭੜਕ ਗਏ। ਫਿਰ ਪੁਲਸ ਨੇ ਵਾਟਰ ਕੈਨਨ ਨਾਲਪਾਣੀ ਸੁੱਟਿਆ ਤਾਂ ਪਥਰਾਅ ਕਰ ਦਿੱਤਾ, ਜਿਸ ਵਿੱਚ ਇਕ ਡੀਐੱਸਪੀ, ਦੋ ਇੰਸਪੈਕਟਰ ਅਤੇ ਪੰਜ ਮੁਲਾਜ਼ਮ ਜ਼ਖ਼ਮੀ ਹੋ ਗਏ। ਤਿੰਨ ਪੱਤਰਕਾਰ ਵੀ ਜ਼ਖ਼ਮੀ ਹੋਏ ਹਨ। ਹੋਮਗਾਰਡ ਦੇ ਇੱਕ ਜਵਾਨ ਤੇ ਇਕ ਪੱਤਰਕਾਰ ਦਾ ਸਿਰ ਪਾਟ ਗਿਆ। ਦਾਣਾ ਮੰਡੀ ਦੀ ਸੜਕ ਬਣਨ ਪਿੱਛੋਂ ਓਥੇ ਪਏ ਪੱਥਰਾਂ ਨਾਲ ਕਿਸਾਨਾਂ ਨੇ ਇਕ ਦਰਜ ਤੋਂ ਵੱਧ ਕਾਰਾਂ ਦੇ ਸ਼ੀਸ਼ੇ ਤੋੜ ਦਿੱਤੇ।ਉਨ੍ਹਾਂ ਨੂੰ ਬੇਕਾਬੂ ਹੁੰਏ ਦੇਖ ਕੇ ਪੁਲਿਸ ਨੇ ਹਲਕਾ ਲਾਠੀਚਾਰਜ ਕੀਤਾ ਤਾਂ ਸਥਿਤੀ ਕੰਟਰੋਲ ਹੋਈ। ਜ਼ਖ਼ਮੀ ਪੁਲਿਸ ਮੁਲਾਜ਼ਮਾਂ ਨੂੰ ਮਥੁਰਾਦਾਸ ਸਿਵਲ ਹਸਪਤਾਲਦਾਖ਼ਲ ਕਰਵਾ ਕੇ ਮੁੱਢਲੇ ਇਲਾਜ ਪਿੱਛੋਂ ਛੁੱਟੀ ਦੇ ਦਿੱਤੀ ਗਈ। ਇਸ ਦੌਰਾਨ ਥਾਂ-ਥਾਂ ਕਿਸਾਨਾਂ ਵੱਲੋਂ ਪਿੰਡਾਂ ਵਿਚ ਅਕਾਲੀ ਆਗੂਆਂ ਦੇ ਘਿਰਾਓ ਕਰਨ ਦੇ ਮੁੱਦੇਤੋਂ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਮਿਹਣੇਦੇਣ ਲੱਗੀਆਂ ਹਨ। ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ



ਦੋਸ਼ ਲਾਇਆ ਕਿ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਵਾਉਣ ਦੀ ਸਾਜ਼ਿਸ਼ ਹੇਠ ਕਾਂਗਰਸ ਤੇ ਆਮ ਆਦਮੀ ਪਾਰਟੀ ਦੇ ਵਰਕਰ ਕਿਸਾਨਾਂ ਦੇ ਭੇਸ ਵਿਚ ਅਕਾਲੀ ਆਗੂਆਂ ਦਾ ਘਿਰਾਓ ਕਰ ਰਹੇ ਹਨ। ਮਜੀਠੀਆ ਨੇ ਉਨ੍ਹਾਂ ਦਾ ਘਿਰਾਓ ਕਰਨ ਤੇ ਹਮਲਾ ਕਰਨ ਵਾਲੇ ਕਾਂਗਰਸੀ ਤੇ ਆਮ ਆਦਮੀ ਪਾਰਟੀ ਦੇਕੁਝ ਵਰਕਰਾਂ ਦੀਆਂ ਫੋਟੋ ਸ਼ੇਅਰ ਕੀਤੀਆ ਹਨ, ਜਿਹੜੇਇਨ੍ਹਾਂ ਦੋ ਪਾਰਟੀਆਂ ਦੇ ਵੱਡੇਆਗੂਆਂ ਨਾਲ ਹਨ।ਮਜੀਠੀਆ ਨੇ ਕਿਹਾ ਕਿ ਮਲੋਟ ਵਿਚ ਪ੍ਰਦਰਸ਼ਨ ਦੀ ਅਗਵਾਈ ਵਾਲੇ 'ਕਿਸਾਨ ਆਗੂਆਂ' ਵਿਚਆਮ ਆਦਮੀ ਪਾਰਟੀ ਦਾ ਵਰਕਰ ਲੱਖਾ ਸ਼ਾਮਲ ਸੀ। ਉਨ੍ਹਾ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਪੰਜਾਬ ਪੁਲਿਸ ਇਸ ਸਾਜ਼ਿਸ਼ ਦਾ ਹਿੱਸਾ ਬਣੀ ਹੋਈ ਹੈ, ਪਰ ਕਾਂਗਰਸ ਦੇ ਕਿਸੇ ਸਮਾਗਮ ਵਿਚ ਕੋਈ ਵਿਘਨ ਨਹੀਂ ਪਾਇਆ ਜਾਂਦਾ।

ਬਿਕਰਮ ਸਿੰਘ ਮਜੀਠੀਆ ਦੇ ਜਵਾਬ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕ ਮੀਤ ਹੇਅਰ ਨੇ ਅੱਗੋਂ ਉਨ੍ਹਾ ਨੂੰ ਬੇਤੁਕੀ ਬਿਆਨਬਾਜ਼ੀ ਤੋਂ ਗੁਰੇਜ਼ ਕਰਨ ਦੀ ਸਲਾਹ ਦੇਂਦਿਆਂ ਕਿਹਾ ਕਿ ਲੋਕ ਬਾਦਲ ਪਰਿਵਾਰ ਤੇ ਅਕਾਲੀ ਆਗੂਆਂ ਕੋਲੋਂ ਖੇਤੀ ਕਾਨੂੰਨਾਂ ਦੀ ਹਮਾਇਤਦਾ ਜਵਾਬ ਮੰਗਦੇ ਹਨ। ਮੀਤ ਹੇਅਰ ਨੇ ਮਜੀਠੀਆ ਨੂੰ ਪੁੱਛਿਆ ਕਿ ਕੇਂਦਰ ਸਰਕਾਰ ਵੱਲੋਂ ਖੇਤੀ ਕਾਨੂੰਨਾਂ ਲਈ ਲਿਆਂਦੇ ਆਰਡੀਨੈਂਸ ਉੱਤੇ ਕੈਬਨਿਟ ਮੰਤਰੀ ਵਜੋਂਹਰਸਿਮਰਤ ਕੌਰ ਬਾਦਲ ਦੇ ਦਸਖ਼ਤ ਕੀ ਆਮ ਆਦਮੀ ਪਾਰਟੀ ਨੇ ਕਰਾਏ ਸਨ ਜਾਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲਵੱਲੋਂ ਖੇਤੀ ਕਾਨੂੰਨਾਂ ਦੇ ਹੱਕ ਵਿੱਚ ਜਾਰੀ ਕੀਤੀ ਵੀਡੀਓ ਲਈ ਆਮ ਆਦਮੀ ਪਾਰਟੀਜ਼ਿੰਮੇਵਾਰ ਸੀ ਤੇ ਖੇਤੀ ਕਾਨੂੰਨਾਂ ਬਾਰੇ ਸਰਬ ਪਾਰਟੀ ਮੀਟਿੰਗ ਵਿਚ ਸੁਖਬੀਰ ਸਿੰਘ ਬਾਦਲ ਨੇ ਜਿਵੇਂ ਖੇਤੀ ਕਾਨੂੰਨਾਂ ਦੀ ਜ਼ੋਰਦਾਰ ਵਕਾਲਤ ਕੀਤੀ ਸੀ, ਕੀ ਸਾਡੇ ਕਹਿਣ ਉੱਤੇ ਕੀਤੀ ਸੀ।

# ਹਰੀਸ਼ ਰਾਵਤ ਨੇ ਮੰਨਿਆ, ਪੰਜਾਬ ਕਾਂਗਰਸ ਵਿੱਚ ਹਾਲੇ ਤੱਕ ਆਲ ਇਜ਼ ਵੈੱਲ ਨਹੀਂ

*** ਬਹੁਤ ਸਾਰੇ ਮਸਲੇ ਹੱਲ ਕਰਨ ਵਾਲੇ ਬਾਕੀ ਮੰਨੇ**

ਚੰਡੀਗੜ੍ਹ, 2 ਸਤੰਬਰ, (ਪੋਸਟ ਬਿਊਰੋ)- ਕਾਂਗਰਸ ਹਾਈ ਕਮਾਂਡ ਵੱਲੋਂ ਪੰਜਾਬ ਦੇ ਇੰਚਾਰਜ ਹਰੀਸ਼ ਰਾਵਤ ਨੇ ਮੰਨਿਆ ਹੈ ਕਿ ਪੰਜਾਬ ਕਾਂਗਰਸ ਵਿੱਚ ਆਲ ਇਜ਼ ਵੈੱਲ ਨਹੀਂ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਮਸਲੇ ਅਜੇ ਹੱਲ ਕੀਤੇ ਜਾਣੇ ਹਨ। ਰਾਵਤ ਨੇ ਇਹ ਬਿਆਨ ਉਦੋਂ ਦਿੱਤਾ ਹੈ, ਜਦੋਂ ਉਹ ਪੰਜਾਬ ਕਾਂਗਰਸ ਦਾ ਕਲੇਸ਼ ਖ਼ਤਮ ਕਰਨ ਲਈ ਚੰਡੀਗੜ੍ਹ ਵਿੱਚ ਦੋ ਦਿਨਾਂ ਦੇ ਦੌਰੇ ਪਿੱਛੋਂ ਵਾਪਸ ਜਾਣ ਨੂੰ ਤਿਆਰ ਸਨ। ਇਸ ਦੌਰੇ ਦੌਰਾਨ ਰਾਵਤ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਵੱਖ-ਵੱਖ ਬੈਠਕਾਂ ਕੀਤੀਆਂ ਹਨ। ਆਪਣੇ ਦੋ ਦਿਨਾਂ ਦੌਰੇ ਦੌਰਾਨ ਹਰੀਸ਼ ਰਾਵਤ ਨੇ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਦੋਵਾਂ ਨੂੰ ਉਨ੍ਹਾਂ ਦੇ ਸਤਿਕਾਰ ਦਾ ਯਕੀਨ ਦਿਵਾਉਣ ਦੀ ਕੋਸ਼ਿਸ ਕੀਤੀ। ਉਨ੍ਹਾਂ ਨੇ



ਸਿੱਧੂ ਨੂੰ ਅਨੁਸ਼ਾਸਨ ਦਾ ਪਾਠ ਵੀ ਪੜ੍ਹਾਇਆ ਅਤੇ ਪੰਜਾਬ ਸਰਕਾਰ ਦੇ ਕੰਮ-ਕਾਜ ਨੂੰ ਸਲਾਹਿਆ। ਰਾਵਤ ਨੇ ਕਿਹਾ, ਪੰਜਾਬ ਵਿੱਚ ਕੁਝ ਏਦਾਂ ਦੇ ਕੰਮ ਹੋਏ ਹਨ, ਜਿਨ੍ਹਾਂ ਦੀ ਪ੍ਰਸ਼ੰਸਾ ਹੋਣੀ ਚਾਹੀਦੀ ਸੀ। ਬਰਗਾੜੀ ਬੇਅਦਬੀ ਕਾਂਡ ਤੇ ਨਸ਼ੇ ਵਰਗੇ ਮੁੱਦਿਆਂ ਉੱਤੇ ਸੀਨੀਅਰ ਅਧਿਕਾਰੀਆਂ ਉੱਤੇ ਵੀ ਕਾਰਵਾਈ ਹੋਈ ਹੈ ਅਤੇ ਅਜਿਹੀ ਕਾਰਵਾਈ ਦੇਸ਼ ਦੇ ਹੋਰ ਹਿੱਸਿਆਂ ਵਿੱਚ ਵਿਖਾਈ ਨਹੀਂ ਦਿੰਦੀ।

ਇਸ ਮੌਕੇ ਹਰੀਸ਼ ਰਾਵਤ ਨੇ ਕਿਹਾ ਕਿ ਪੰਜਾਬ ਸਰਕਾਰ ਬੁਰਜ ਜਵਾਹਰ ਸਿੰਘ ਵਾਲਾ ਤੋਂ ਗੁਰੂ ਗ੍ਰੰਥ ਸਾਹਿਬ ਦੀ ਚੋਰੀ ਦਾ ਕੇਸਸੀਬੀਆਈ ਦੇ ਜੁਬਾੜੇ ਵਿੱਚੋਂ ਵਾਪਸ ਲਿਆਈ ਹੈ।ਏਦਾਂ ਕਦੇ ਵੇਖਣ ਨੂੰ ਨਹੀਂ ਮਿ-ਲਿਆ।ਉਨ੍ਹਾ ਦਾ ਇਹ ਬਿਆਨ ਇਸ ਲਈ ਵੀ ਮਹੱਤਵਪੂਰਨ ਹੈ ਕਿ ਨਵਜੋਤ ਸਿੰਘ ਸਿੱਧੂ ਬੇਅਦਬੀ ਦੇ ਕੇਸਾਂ ਬਾਰੇ ਕੈਪਟਨ ਅਮਰਿੰਦਰ ਸਿੰਘ ਨੂੰ ਘੇਰਦੇ ਰਹੇ ਹਨ।ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉੱਤੇ ਬੇਭਰੋਸਗੀਦੱਸਣ ਵਾਲੇ ਚਾਰ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ ਤੇ ਚਰਨਜੀਤ ਸਿੰਘ ਚੰਨੀ ਵੱਲੋਂ ਹਰੀਸ਼ ਰਾਵਤ ਦੇ ਚੰਡੀਗੜ੍ਹ ਦੌਰੇ ਦੌਰਾਨ ਉਨ੍ਹਾਂ ਨੂੰ ਨਾ ਮਿਲਣ ਬਾਰੇ ਰਾਵਤ ਨੇ ਕਿਹਾ, ਚੰਗਾ ਹੋਇਆ ਕਿ ਇਹ ਮੈਨੂੰ ਮਿਲਣ ਨਹੀਂ ਆਏ, ਜੇ ਉਹ ਮੇਰੇ ਕੋਲ ਆਉਂਦੇ ਤਾਂ ਮੇਰਾ ਦੌਰਾ ਉਨ੍ਹਾਂ ਦੇ ਨਾਲ ਜੋੜ ਦਿੱਤਾ ਜਾਣਾ ਸੀ।

**12 ਲੱਖ ਟ੍ਰਾਮਾਡੋਲ ਗੋਲੀਆਂ ਦਾ ਕੇਸ**

# ਸੀ ਬੀ ਆਈ ਨੇ ਜ਼ੋਨਲ ਲਾਇਸੈਂਸ ਅਥਾਰਿਟੀ ਨੂੰ ਦਿੱਲੀ ਤਲਬ ਕੀਤਾ

ਅੰਮ੍ਰਿਤਸਰ, 2 ਸਤੰਬਰ, (ਪੋਸਟ ਬਿਊਰੋ)- ਦਸੰਬਰ 2019 ਵਿੱਚ ਫੜੀਆਂ ਗਈਆਂ 12 ਲੱਖ ਟ੍ਰਾਮਾਡੋਲ ਗੋਲੀਆਂ ਵਾਲੇ ਕੇਸ ਵਿੱਚਜਾਂਚ ਏਜੰਸੀ ਸੀ ਬੀ ਆਈਨੇ ਸਿਹਤ ਵਿਭਾਗ ਦੇ ਜ਼ੋਨਲ ਲਾਇਸੈਂਸ ਅਥਾਰਿਟੀ (ਅਫਸਰ) ਕਰਨ ਸਚਦੇਵਾ ਨੂੰ ਰਿਕ-ਾਰਡ ਨਾਲਦਿੱਲੀਤਲਬ ਕੀਤਾ ਹੈ।ਸੀ ਬੀ ਆਈਇਸ ਕੇਸ ਨਾਲ ਜੁੜੇ ਹਰ ਦਸਤਾਵੇਜ਼ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ। ਸਿਹਤ ਵਿਭਾਗ ਦਾ ਦਾਅਵਾ ਸੀ ਕਿ ਟ੍ਰਾਮਾਡੋਲ ਰੱਖਣ ਵਾਲੀ ਰੇਵਨ ਬਹਿਲ ਫਾਰਮਾਸਿਊਟਿਕਲ ਕੰਪਨੀ ਦਾ ਲਾਇਸੈਂਸ ਤਾਂ ਸੀ, ਪਰ ਉਸ ਕੋਲ ਇਹ ਦਵਾਈ ਰੱਖਣ ਦੀ ਆਗਿਆ ਨਹੀਂ ਸੀ। ਮਿਲੀ ਜਾਣਕਾਰੀ ਅਨੁਸਾਰ ਡਰੱਗ ਵਿਭਾਗ ਵਲੋਂ ਫੜੀਆਂ ਗੋਲੀਆਂ ਨੂੰ ਰਾਮਬਾਗ ਇਲਾਕੇਵਿਚਲੇ ਪੁਰਾਣੇ ਸਿਵਲ ਸਰਜਨ ਦਫ਼ਤਰ ਵਿੱਚ ਰੱਖਿਆ ਗਿਆ ਸੀ।ਡਰੱਗ ਵਿਭਾਗ ਨੇ ਅਦਾਲਤ ਤੋਂ ਕਸਟੱਡੀ ਲੈਣ ਪਿੱਛੋਂ ਇਨ੍ਹਾਂ ਦਵਾਈਆਂ ਨੂੰ ਏਥੇ ਰੱਖਿਆ ਸੀ। ਫਿਰ ਇਹਕੇਸਸੀ ਬੀ ਆਈ ਕੋਲ ਪੁੱਜਾ ਤਾਂ ਇੱਕ ਹਫ਼ਤਾ ਪਹਿਲਾਂ ਅੰਮ੍ਰਿਤਸਰ ਦੇ ਸਿਵਲ ਸਰਜਨ ਦਫ਼ਤਰ ਵਿੱਚ ਜ਼ੋਨਲ ਲਾਇਸੈਂਸ ਅਥਾਰਿਟੀ ਦੇ ਦਫ਼ਤਰ ਵਿੱਚ ਛਾਪਾ ਵੱਜਾ ਤੇ ਟੀਮ ਨੇ ਇਸ ਮੌਕੇ ਦਵਾਈਆਂ ਦੇ ਸਟਾਕ ਦੇ ਨਾਲ ਬੈਚ ਨੰਬਰ ਦੀ ਵੀ ਜਾਂਚ ਕੀਤੀ ਸੀ। ਗੱਤੇ ਦੇ ਕੁੱਲ 123 ਬਕਸਿਆਂ ਵਿੱਚ ਛੋਟੇ ਪੈਕੇਟ ਵਿੱਚ ਦਵਾਈਆਂ ਸਨ, ਪਰ ਇਨ੍ਹਾਂ ਪੈਕੇਟਾਂ ਦੀ ਜਾਂਚ ਕੀਤੀ ਤਾਂ ਕੁਝ ਪੈਕੇਟਾਂ ਵਿੱਚ ਦਸ ਦੀ ਥਾਂ 9 ਪੱਤੇਨਿਕਲੇ ਸਨ।ਸੀ ਬੀ ਆਈਨੇ ਗੋਲੀਆਂ ਕਬਜ਼ੇ ਵਿੱਚਲਈਆਂ ਅਤੇ ਦਿੱਲੀ ਦਫ਼ਤਰਲੈ ਗਈ।ਫਿਰ ਸੀ ਬੀ ਆਈ ਨੇ ਅੰਮ੍ਰਿਤਸਰ 2 ਦਿਨ ਦੀ ਚੈਕਿੰਗ ਦੌਰਾਨ ਕੰਪਨੀ ਦੇ ਦਫ਼ਤਰ ਵਿੱਚ ਵੀ ਜਾਂਚ ਕੀਤੀ ਅਤੇ ਜੋਨਲ ਲਾਇਸੈਂਸ ਅਥਾਰਿਟੀ ਦੇ ਦਫ਼ਤਰਦਾ ਰਿਕਾਰਡ ਵੇਖਿਆ, ਜਿਸ ਕਾਰਨ ਸ਼ੱਕ ਲਗਾਤਾਰ ਵਧਦਾ ਗਿਆ ਸੀ।

ਅਸਲ ਵਿੱਚ ਦਸੰਬਰ 2019 ਵਿੱਚਡਰੱਗ ਵਿਭਾਗ ਨੇ ਰੇਵਨ ਬਹਿਲ ਫਾਰਮਾਸਿਊਟਿਕਲ ਕੰਪਨੀ ਦੇ ਗੋਦਾਮਤੋਂ ਛਾਪਾਮਾਰ ਕੇ 12 ਲੱਖ ਟਰੇਮਾਡੋਲ ਬਰਾਮਦ ਕੀਤੀਆਂ ਸਨ। ਕੰਪਨੀ ਕੋਲ ਲਾਇਸੈਂਸ ਸੀ, ਪਰ ਏਨੀ ਵੱਡੀ ਗਿਣਤੀ ਵਿੱਚ ਟ੍ਰਾਮਾਡੋਲ ਰੱਖਣ ਦੀ ਆਗਿਆ ਨਹੀਂ ਸੀ। ਬਿਨ੍ਹਾਂ ਲਾਇਸੈਂਸ ਅਤੇ ਪਰਮਿਸ਼ਨ ਦੇ ਇਸ ਦਵਾਈ ਨੂੰ ਕੋਈ ਵੀ ਵੇਚ ਨਹੀਂ ਸਕਦਾ।ਡਰੱਗ ਵਿਭਾਗ ਨੇ ਡਰੱਗ ਐਂਡ ਕਾਸਮੈਟਿਕਸ ਐਕਟ ਦੀ ਵਿਭਾਗੀ ਕਾਰਵਾਈ ਕੀਤੀ, ਪਰ ਪੁਲਸ ਨੇ ਇਸ-ਬਾਰੇ ਐਨ ਡੀ ਪੀ ਐਸ ਐਕਟ ਦਾ ਕੇਸ ਦਰਜ ਨਹੀਂ ਸੀ ਕੀਤਾ।ਪੰਜਾਬ ਹਰਿਆਣਾ ਹਾਈਕੋਰਟ ਨੇਇਸ ਦਾ ਨੋਟਿਸ ਲਿਆ ਤੇਸੀ ਬੀ ਆਈ ਜਾਂਚ ਦਾ ਹੁਕਮ ਦੇ ਦਿੱਤਾ ਸੀ। ਹਾਈਕੋਰਟ ਦਾ ਮੰਨਣਾ ਸੀ ਕਿ ਪੰਜਾਬ ਖਾਸ ਤੌਰ ਉੱਤੇ ਅੰਮ੍ਰਿਤਸਰ ਵਿੱਚ ਛੋਟੀ ਮੋਟੀ ਬਰਾਮਦਗੀ ਉੱਤੇ ਐਨ ਡੀ ਪੀ ਐਸ ਐਕਟ ਕੇਸ ਦਰਜ ਹੋ ਜਾਂਦਾ ਹੈ ਤਾਂ 12 ਲੱਖ ਟ੍ਰਾਮਾਡੋਲ ਦੀ ਬਰਾਮਦਗੀ ਉੱਤੇ ਕੇਸ ਦਰਜ ਕਿਉਂ ਨਹੀਂ ਕੀਤਾ ਗਿਆ। ਇਸ ਪਿੱਛੋਂ 3 ਅਗਸਤ ਨੂੰ ਅਦਾਲਤ ਨੇ ਸੀ ਬੀ ਆਈ ਨੂੰ ਇਸ ਦੀ ਜਾਂਚ ਸੌਂਪੀ ਸੀ। ਟ੍ਰਾਮਾਡੋਲ ਨਾਂਅ ਦੀ ਦਵਾਈ ਦੀ ਵਰਤੋਂ ਬਹੁਤ ਜ਼ਿਆਦਾ ਦਰਦ ਰੋਕਣ ਲਈ ਕੀਤੀ ਜਾਂਦੀ ਹੈ, ਪਰ ਕੁਝ ਲੋਕ ਇਸ ਦੀ ਵਰਤੋਂ ਨਸ਼ੇ ਲਈ ਕਰਦੇ ਹਨ।ਇਸ ਕਾਰਨ ਸਰਕਾਰ ਨੇ ਇਸ ਦੀ ਵਿਕਰੀ ਲਈ ਫਾਰਮਾਸਿਊਟਿਕਲ ਕੰਪਨੀਆਂ ਨੂੰ ਲਾਇਸੈਂਸ ਲਾਜ਼ਮੀ ਕੀਤਾ ਹੋਇਆ ਹੈ। ਇਹ ਦਵਾਈ ਡਾਕਟਰ ਵਲੋਂ ਲਿਖੇ ਬਿਨਾਂਕਿਸੇ ਨੂੰ ਨਹੀਂ ਦਿੱਤੀ ਜਾ ਸਕਦੀ।

# ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਝਟਕਾ, ਰਿਵੀਜ਼ਨ ਪਟੀਸ਼ਨ ਅਦਾਲਤ ਵੱਲੋਂ ਰੱਦ

ਲੁਧਿਆਣਾ, 2 ਸਤੰਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਨੂੰ ਝਟਕਾ ਦਿੰਦੇ ਹੋਏ ਉਨ੍ਹਾਂ ਦੀਆਂ ਰਿਵੀਜ਼ਨ ਪਟੀਸ਼ਨਾਂ ਨੂੰ ਐਡੀਸ਼ਨਲ ਸੈਸ਼ਨ ਜੱਜ ਰਾਜ ਕੁਮਾਰ ਗਰਗ ਦੀ ਅਦਾਲਤ ਨੇ ਅੱਜ ਰੱਦ ਕਰ ਦਿੱਤਾ ਹੈ, ਜਿਸ ਨਾਲ ਉਨ੍ਹਾਂ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ।

ਵਰਨਣ ਯੋਗ ਹੈ ਕਿ ਆਮਦਨ ਟੈਕਸ ਵਿਭਾਗ ਦੇ ਕੇਸਾਂ ਵਿੱਚਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂਇਸ ਕੇਸ ਦੇ ਦਸਤਾਵੇਜ਼ ਦੇਖਣ ਲਈ ਦਿੱਤੀਆਂ ਅਰਜ਼ੀਆਂ ਮਨਜ਼ੂਰ ਕਰਨ ਦੇ ਹੇਠਲੀ ਅਦਾਲਤ ਦੇ ਫੈਸਲੇ ਵਿਰੁੱਧਮੁੱਖ ਮੰਤਰੀ ਅਮਰਿੰਦਰ ਸਿੰਘ ਤੇ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘਨੇਰਿਵੀਜ਼ਨ ਅਰਜ਼ੀ ਲਾਈ ਸੀ, ਜਿਸ ਉੱਤੇਐਡੀਸ਼ਨਲ ਸੈਸ਼ਨ ਜੱਜ ਅਤੁਲ ਕਸਾਨਾ ਦੀ ਅਦਾਲਤ ਨੇ ਸੁਣਵਾਈ ਦੌਰਾਨ ਸਟੇਅ ਜਾਰੀ ਕਰ ਦਿੱਤਾ ਸੀ। ਇਸ ਪਿੱਛੋਂ ਈ ਡੀ ਦੀਆਂ ਅਰਜ਼ੀਆਂ ਰੱਦ ਕਰਨ ਪਿੱਛੋਂ ਮੈਜਿਸਟ੍ਰੇਟ ਜਸਬੀਰ ਸਿੰਘ ਦੀ ਅਦਾਲਤ ਨੇ ਈ ਡੀ ਦੇ ਅਸਿਸਟੈਂਟ ਡਾਇਰੈਕਟਰ ਨੂੰ ਬੀਤੀ 28 ਸਤੰਬਰ ਨੂੰ ਅਦਾਲਤ ਦੇ ਅਹਿਲਮਦ ਕੋਲ ਫਾਈਲਾਂ ਦੇਖਣ ਦੀ ਖੁੱਲ੍ਹਦੇ ਦਿੱਤੀ ਸੀ, ਜਿਸ ਵਿਰੁੱਧ ਰਣਇੰਦਰ



ਸਿੰਘਨੇ ਰਿਵੀਜ਼ਨ ਪਟੀਸ਼ਨ ਕੀਤੀ ਤਾਂਉਦੋਂ ਐਡੀਸ਼ਨਲ ਸੈਸ਼ਨ ਜੱਜ ਅਤੁਲ ਕਸਾਨਾ ਦੀ ਕੋਰਟ ਨੇ ਰਣਇੰਦਰ ਸਿੰਘ ਦੇ ਇਕ ਕੇਸ ਵਿੱਚ ਅੰਤ੍ਰਿਮ ਹੁਕਮ ਪਾਸ ਕਰਦੇ ਹੋਏ ਈ ਡੀ ਨੂੰ ਫਾਈਲ ਦੇਖਣ ਤੋਂ ਰੋਕ ਦਿੱਤਾ ਸੀ, ਪਰ ਦੋ ਕੇਸਾਂ ਵਿਚ ਰਿਵੀਜ਼ਨ ਪਟੀਸ਼ਨ ਨਾ ਹੋਣ ਕਾਰਨ ਬੀਤੀ 28 ਸਤੰਬਰ 2020 ਨੂੰ ਈ ਡੀ ਦੇ ਅਫਸਰ ਅਦਾਲਤ ਵਿੱਚ ਫਾਈਲਾਂ ਦੀ ਜਾਂਚ ਕਰਨ ਪੁੱਜ ਗਏ ਸਨ। ਇਸ ਨਾਲ ਹਫੜਾ-ਦਫੜੀ ਵਿਚ ਮੁੱਖ ਮੰਤਰੀ ਅਤੇ ਉਸ ਦੇ ਪੁੱਤਰ ਦੇ ਵਕੀਲ ਨੇ ਈ ਡੀਅਫਸਰਾਂ ਨੂੰ ਫਾਈਲਾਂ ਦੀ ਜਾਂਚ ਕਰਨ ਤੋਂ ਰੋਕਣ ਲਈ ਡਿਊਟੀ ਮੈਜਿਸਟ੍ਰੇਟ ਨੂੰ ਅਰਜ਼ੀ ਦਿੱਤੀ ਸੀ ਤਾਂ ਕਿ ਉਹ ਬਾਕੀ ਦੋ ਕੇਸਾਂ ਵਿਚ ਵੀ ਰਿਵੀਜ਼ਨ ਪਟੀਸ਼ਨ ਪੇਸ਼ ਕਰ ਸਕਣ। ਉਨ੍ਹਾਂ ਅਰਜ਼ੀਆਂ ਪਿੱਛੋਂਈ ਡੀ ਅਫਸਰ ਕੇਸਾਂ ਦੀਆਂ ਫਾਈਲਾਂ ਦੀ ਜਾਂਚ ਨਹੀਂ ਸੀ ਕਰ ਸਕੇ। ਬਾਅਦ ਵਿਚ ਕੈਪਟਨ ਅਮਰਿੰਦਰ ਸਿੰਘਨੇ ਵੀ ਸੈਸ਼ਨ ਕੋਰਟ ਨੂੰਰਿਵੀਜ਼ਨ ਅਰਜ਼ੀਪੇਸ਼ ਕਰ ਦਿੱਤੀ ਸੀ। ਅਮਰਿੰਦਰ ਸਿੰਘ ਤੇ ਰਣਇੰਦਰ ਸਿੰਘ ਦੇ ਖਿਲਾਫ ਆਮਦਨ ਟੈਕਸ ਵਿਭਾਗਨੇ ਤਿੰਨ ਕੇਸ ਦਾਇਰ ਕੀਤੇ ਹਨ ਅਤੇ ਤਿੰਨਾਂ ਵਿਚ ਈ ਡੀ ਨੇ ਦਸਤਾਵੇਜ਼ ਦੇਖਣ ਲਈ ਆਪਣੇ ਵਕੀਲ ਲੋਕੇਸ਼ ਨਾਰੰਗ ਰਾਹੀਂ ਅਰਜ਼ੀਆਂ ਦਿੱਤੀਆਂ ਸਨ ਤੇ ਤਿੰਨਾਂ ਕੇਸਾਂ ਵਿਚ ਅਦਾਲਤ ਨੇ ਅਰਜ਼ੀਆਂ ਮਨਜ਼ੂਰ ਕਰ ਲਈਆਂ ਸਨ, ਜਿਸ ਨੂੰ ਸੈਸ਼ਨ ਕੋਰਟ ਵਿਚ ਚੁਣੌਤੀ ਲਈ ਰਿਵੀਜ਼ਨ ਪਟੀਸ਼ਨਾਂ ਪੇਸ਼ ਕੀਤੀਆਂ ਸਨ। ਆਮਦਨ ਟੈਕਸ ਵਿਭਾਗ ਦੇ ਵਕੀਲ ਰਾਕੇਸ਼ ਕੁਮਾਰ ਗੁਪਤਾ ਨੇ ਦੱਸਿਆ ਕਿ ਵਧੀਕ ਸੈਸ਼ਨ ਜੱਜ ਰਾਜ ਕੁਮਾਰ ਗਰਗ ਨੇ ਦੋਵੇਂ ਧਿਰਾਂ ਦੀ ਬਹਿਸ ਸੁਣਨ ਤੋਂ ਬਾਅਦ ਅੱਜ ਤਿੰਨਾਂਰਿਵੀਜ਼ਨ ਪਟੀਸ਼ਨਾਂ ਨੂੰ ਰੱਦ ਕਰ ਦਿੱਤਾ ਹੈ।

# ਮੀਡੀਆ ਦੇ ਇੱਕ ਹਿੱਸੇ ਵਿੱਚ ਖ਼ਬਰਾਂ ਨੂੰ ਫਿਰਕੂ ਰੰਗ ਦਿੱਤੇ ਜਾਣ ਨਾਲ ਸੁਪਰੀਮ ਕੋਰਟ ਨਾਰਾਜ਼

ਨਵੀਂ ਦਿੱਲੀ, 2 ਸਤੰਬਰ, (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨ ਵਾਇਰਸ ਦੇ ਸ਼ੁਰੂ ਵਿੱਚ ਤਬਲੀਗੀ ਜਮਾਤ ਦੇ ਇਕੱਠ ਬਾਰੇ ਮੀਡੀਆ ਰਿਪੋਰਟਾਂ ਵਿਰੁੱਧ ਇੱਕ ਕੇਸ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਅੱਜ ਸਖ਼ਤ ਟਿੱਪਣੀਆਂ ਕੀਤੀਆਂ ਹਨ। ਮਹਾਂਮਾਰੀ ਦੇ ਪਹਿਲੇ ਮਹੀਨਿਆਂ ਵਿੱਚ ਕੋਵਿਡ ਦੇ ਕੇਸਾਂ ਵਿੱਚ ਤੇਜ਼ੀ ਬਾਰੇ ਅਦਾਲਤ ਨੇ ਨੋਟ ਕੀਤਾ ਕਿ ਮੀਡੀਆ ਦੇ ਇੱਕ ਹਿੱਸੇ ਵਿੱਚ ਦਿਖਾਈਆਂ ਗਈਆਂ ਖ਼ਬਰਾਂਦੀ ਫਿਰਕੂ ਸੁਰ ਨਾਲ ਦੇਸ਼ ਬਦਨਾਮ ਹੋਇਆ ਹੈ।

ਚੀਫ਼ ਜਸਟਿਸ ਐਨਵੀ ਰਮੰਨਾ, ਜਸਟਿਸ ਸੂਰੀਆ ਕਾਂਤ ਅਤੇ ਜਸਟਿਸ ਏਐਸ ਬੋਪੰਨਾ ਦਾ ਬੈਂਚ ਨੇ ਜਮੀਅਤ ਉਲੇਮਾ-ਏ-ਹਿੰਦ ਦੀ ਪਟੀਸ਼ਨ ਸਮੇਤ ਕਈ ਪਟੀਸ਼ਨਾਂ ਉੱਤੇ ਸੁਣਵਾਈ ਕੀਤੀ ਹੈ, ਜਿਸ ਵਿੱਚ ਜਾਅਲੀ ਖ਼ਬਰਾਂ ਪ੍ਰਸਾਰਤ ਕਰਨ ਉੱਤੇ ਪਾਬੰਦੀ ਦੀ ਮੰਗ ਕੀਤੀ ਗਈ ਸੀ। ਜਮੀਅਤ ਉਲੇਮਾ-ਏ-ਹਿੰਦ ਨੇ ਆਪਣੀ ਪਟੀਸ਼ਨ ਵਿੱਚ ਕੇਂਦਰ ਸਰਕਾਰ ਤੋਂ ਨਿਰਦੇਸ਼ ਮੰਗਿਆ ਹੈ ਕਿ ਉਹ ਨਿਜ਼ਾਮੂਦੀਨ ਮਰਕਜ਼ ਵਿਖੇ ਧਾਰਮਿਕ ਇਕੱਠ ਨਾਲ ਜੁੜੀਆਂ ਝੂਠੀਆਂ ਖ਼ਬਰਾਂ ਫੈਲਣ ਨੂੰਰੁਕਵਾਏ ਅਤੇ ਇਸਦੇ ਲਈ ਜ਼ਿੰਮੇਵਾਰ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਕਰੇ।

ਇਸ ਮੌਕੇ ਬੈਂਚ ਨੇ ਪੁੱਛਿਆ, 'ਪ੍ਰਾਈਵੇਟ ਨਿਊਜ਼ ਚੈਨਲਾਂ ਦੇ ਇੱਕ ਹਿੱਸੇ ਵਿੱਚ ਵੇਖੀ ਹਰ ਚੀਜ਼ ਵਿੱਚ ਫਿਰਕੂ ਰੰਗ ਹੁੰਦਾ ਹੈ। ਇਹ ਦੇਸ਼ ਦੇ ਅਕਸ ਨੂੰ ਠੇਸ ਪੁਚਾ ਰਿਹਾ ਹੈ। ਕੀ ਤੁਸਾਂ (ਕੇਂਦਰ) ਨੇ ਕਦੇ ਇਨ੍ਹਾਂ ਨਿੱਜੀ ਚੈਨਲਾਂ ਨੂੰ ਨਿਯਮਤ ਕਰਨ ਦਾ ਯਤਨ ਕੀਤਾ ਹੈ?' ਸੁਪਰੀਮ ਕੋਰਟ ਨੇ ਕਿਹਾ ਕਿ ਸੋਸ਼ਲ ਮੀਡੀਆ ਸਿਰਫ 'ਸ਼ਕਤੀਸ਼ਾਲੀ ਆਵਾਜ਼ਾਂ' ਸੁਣਦਾ ਹੈ ਤੇ ਬਹੁਤ ਸਾਰੀਆਂ ਚੀਜ਼ਾਂ ਜੱਜਾਂ ਤੇ ਸੰਸਥਾਵਾਂ ਵਿਰੁੱਧ ਕਿਸੇ ਜਵਾਬਦੇਹੀ ਬਿਨਾਂ ਲਿਖੀਆਂ ਜਾਂਦੀਆਂ ਹਨ। ਸੁਪਰੀਮ ਕੋਰਟ ਨੇ ਕਿਹਾ, 'ਵੈਬ ਪੋਰਟਲ ਅਤੇ ਯੂਟਿਊਬ ਚੈਨਲਾਂ ਉਤੇ ਜਾਅਲੀ ਖ਼ਬਰਾਂ ਅਤੇ ਬਦਨਾਮੀ ਉੱਤੇ ਕੋਈ ਕੰਟਰੋਲ ਨਹੀਂ ਹੈ। ਜੇ ਤੁਸੀਂ ਯੂਟਿਊਬ ਵੇਖੋ ਤਾਂ ਪਤਾ ਲੱਗੇਗਾ ਕਿ ਜਾਅਲੀ ਖ਼ਬਰਾਂ ਨੂੰ ਅਸਾਨੀ ਨਾਲ ਪ੍ਰਸਾਰਿਤ ਕੀਤਾ ਜਾ ਰਿਹਾ ਹੈ ਤੇ ਕੋਈ ਵੀਯੂਟਿਊਬਉੱਤੇ ਚੈਨਲ ਸ਼ੁਰੂ ਕਰ ਸਕਦਾ ਹੈ।'ਸੁਪਰੀਮ ਕੋਰਟ ਸੋਸ਼ਲ ਮੀਡੀਆ ਅਤੇ ਵੈਬ ਪੋਰਟਲ ਸਮੇਤ ਆਨਲਾਈਨ ਸਮਗਰੀ ਦੇ ਨਿਯਮਾਂ ਲਈ ਲਾਗੂਹੋਏਸੂਚਨਾ ਤਕਨਾਲੋਜੀ ਨਿਯਮਾਂ ਬਾਰੇ ਉੱਤੇ ਵੱਖ-ਵੱਖ ਹਾਈ ਕੋਰਟਾਂ ਤੋਂ ਪਟੀਸ਼ਨਾਂ ਨੂੰ ਤਬਦੀਲ ਕਰਨ ਦੀ ਕੇਂਦਰ ਸਰਕਾਰ ਦੀ ਪਟੀਸ਼ਨ ਉੱਤੇ ਛੇ ਹਫਤੇ ਬਾਅਦ ਸੁਣਵਾਈ ਕਰਨਾਮੰਨ ਗਈ ਹੈ।

# ਉੱਤਰ ਪ੍ਰਦੇਸ਼ ਵਿੱਚ ਨਵਾਂ ਕਹਿਰ, ਵਾਇਰਲ ਬੁਖਾਰ ਨਾਲ 10 ਦਿਨਾਂ ਵਿੱਚ 100 ਮੌਤਾਂ, ਅੱਧੇ ਤੋਂ ਵੱਧ ਬੱਚੇ

ਆਗਰਾ, 2 ਸਤੰਬਰ, (ਪੋਸਟ ਬਿਊਰੋ)- ਪੱਛਮੀ ਉੱਤਰ ਪ੍ਰਦੇਸ਼ ਵਿੱਚ ਪਿਛਲੇ 10 ਦਿਨਾਂ ਤੋਂ ਚੱਲ ਰਹੇ ਭੇਦਭਰੇ ਬੁਖਾਰ ਨੇ ਕਹਿਰ ਢਾਹਿਆ ਪਿਆ ਹੈ। ਸਿਹਤ ਵਿਭਾਗ ਦੇ ਅੰਕੜੇ ਦੱਸਦੇ ਹਨ ਕਿ 10 ਜ਼ਿਲ੍ਹਿਆਂਦੇ ਕਰੀਬ 100 ਲੋਕਾਂ ਦੀ ਮੌਤ ਹੋਈ ਹੈ, ਜਿਨ੍ਹਾਂ ਵਿੱਚ 50 ਫੀਸਦੀ ਬੱਚੇ ਹਨ। ਬੀਤੇ ਤਿੰਨ ਦਿਨਾਂ ਵਿੱਚ 20 ਜ਼ਿਲ੍ਹਿਆਂ ਤਕ ਇਹ ਵਾਇਰਲ ਫੈਲ ਚੁੱਕਾ ਹੈ ਤੇ ਹਰ ਜ਼ਿਲੇ ਵਿੱਚ ਔਸਤਨ ਰੋਜ਼ 500 ਨਵੇਂ ਮਰੀਜ਼ ਆ ਰਹੇ ਹਨ। ਡਾਕਟਰ ਇਸ ਨੂੰ ਇਨਫਲੂਐਂਜ਼ਾ ਵਾਇਰਸ ਦੇ ਰੂਪ ਵਿੱਚ ਬਦਲਾਅ ਦੀ ਸ਼ੰਕਾ ਵਜੋਂ ਵੇਖ ਰਹੇ ਹਨ। ਕਈ ਬੀਮਾਰੀਆਂ ਦੇ ਲੱਛਣ ਇਸ ਵਿਚ ਹੋਣ ਦੇ ਕਾਰਨ ਕੋਰੋਨਾ ਦੀ ਤੀਜੀ ਲਹਿਰ ਦੀ ਸ਼ੰਕਾ ਦੌਰਾਨ ਇਹ ਇਕ ਨਵੀਂ ਚੁਣੌਤੀ ਉਭਰੀ ਹੈ।

ਇਸ ਬਿਮਾਰੀ ਦਾ ਬਹੁਤਾ ਪ੍ਰਭਾਵ ਬੇਸ਼ਕ ਫਿਰੋਜ਼ਾਬਾਦ ਜ਼ਿਲੇ ਵਿੱਚ ਹੈ, ਪਰ ਮਥੁਰਾ, ਕਾਸਗੰਜ, ਆਗਰਾ, ਏਟਾ, ਮੈਨਪੁਰੀ, ਨੋਇਡਾ, ਗਾਜ਼ੀਆਬਾਦ, ਮੁਜ਼ੱਫਰਨਗਰ, ਸ਼ਾਮਲੀ ਅਤੇ ਸਹਾਰਨਪੁਰ ਵਿੱਚ ਵੀਰਵਾਰ ਤਕ



ਬੁਖਾਰ ਨਾਲ ਕਰੀਬ 100 ਲੋਕਾਂ ਦੀ ਮੌਤ ਹੋ ਚੁੱਕੀ ਹੈ। ਸਭ ਤੋਂਵੱਧ 70 ਲੋਕਾਂ ਦੀ ਮੌਤ ਫਿਰੋਜ਼ਾਬਾਦ ਵਿੱਚ ਹੋਈ ਹੈ, ਜਿਨ੍ਹਾਂ ਵਿੱਚ 46 ਬੱਚੇ ਸਨ। ਸਾਰੇ ਕੇਸਾਂ ਵਿੱਚ ਤੇਜ਼ ਬੁਖਾਰ ਦੇ ਨਾਲ ਪਲੇਟਲੇਟਸ ਦੀ ਗਿਣਤੀ ਵਿੱਚ ਭਾਰੀ ਘਾਟ, ਡੀਹਾਈਡ੍ਰੇਸ਼ਨ, ਜੋੜਾਂ ਵਿੱਚ-ਦਰਦ, ਨਜ਼ਲਾ-ਖੰਘ, ਤੇਜ਼ ਬੁਖਾਰ ਦੇ ਲੱਛਣ ਮਿਲੇ ਹਨ। ਮਥੁਰਾ ਵਿੱਚ ਇਸਬੁਖਾਰ ਨਾਲ 9 ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ ਕਾਸਗੰਜ ਵਿੱਚ 3 ਮੌਤਾਂ ਹੋਈਆਂ ਹਨ। ਮਰੀਜ਼ਾਂ ਦੀ ਵਧਦੀ ਗਿਣਤੀ ਨਾਲ ਸਰਕਾਰੀ ਹਸਪਤਾਲਾਂ ਵਿੱਚ ਬਿਸਤਰਿਆਂ ਦੀ ਵੀ ਘਾਟ ਹੋ ਰਹੀ ਹੈ। ਫਿਰੋਜ਼ਾਬਾਦ ਦੇ ਜ਼ਿਲਾ ਹਸਪਤਾਲ ਵਿੱਚ 100 ਤੋਂਵੱਧ ਬੱਚਿਆਂ ਦਾ ਇਲਾਜ਼ ਚੱਲ ਰਿਹਾ ਹੈ। ਸਹਾਰਨ-ਪੁਰ ਦੇ ਇਕੱਲੇ ਟਪਰੀ ਪਿੰਡ ਵਿੱਚ 4 ਲੋਕਾਂ ਦੀ ਮੌਤ ਹੋਈ ਹੈ।







# ਸੰਪਾਦਕੀ

## ਓਪੀਆਇਡ – ਇੱਕ ਅਣਗੌਲਿਆ ਪੈਨਡੈਮਿਕ

# ਕਿੱਥੇ ਖੜ੍ਹੀਆਂ ਨੇ ਸਿਆਸੀ ਪਾਰਟੀਆਂ

ਅਫੀਮ ਆਧਰਿਤ ਨਸ਼ਿਆਂ ਭਾਵ ਓਪੀਆਇਡ (Opioid) ਦਾ ਕੈਨੇਡਾ ਵਿੱਚ ਕਿਹੋ ਜਿਹਾ ਕਹਿਰ ਵਾਪਰ ਰਿਹਾ ਹੈ, ਇਸਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਫੈਡਰਲ ਸਰਕਾਰ ਦੀ ਵੈੱਬਸਾਈਟ ਉੱਤੇ ਸਾਫ਼ ਦਰਜ਼ ਹੈ ਕਿ ਕੈਨੇਡਾ ਇਸ ਵਕਤ ਓਪੀਆਇਡ ਦਰਵਰਤੋਂ ਦੇ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਜਿਵੇਂ ਪਿਛਲੇ ਸਾਲਾਂ ਵਿੱਚ ਫੈਡਰਲ ਲਿਬਰਲ ਸਰਕਾਰ ਨੇ ਮੈਰੀਓਆਨਾ ਨੂੰ ਕਾਨੂੰਨੀ ਬਣਾ ਦਿੱਤਾ ਸੀ, ਬਿਲਕੁਲ ਉਸ ਤਰਜ਼ ਉੱਤੇ 2017 ਵਿੱਚ ਇੱਕ ਐਕਟ 'The Good Samaritan Drug Act' ਪਾਸ ਕਰਕੇ ਆਸ ਕੀਤੀ ਗਈ ਸੀ ਕਿ ਇਸਦੇ ਆਦੀ ਲੋਕਾਂ ਨੂੰ ਪੁਲੀਸ ਦੇ ਭੈਅ ਕਾਰਣ ਮੈਡੀਕਲ ਸਹਾਇਤਾ ਲੈਣ ਵਿੱਚ ਦਿੱਕਤ ਨਾ ਆਵੇ। ਇਸਦੇ ਬਾਵਜੂਦ ਓਪੀਆਇਡ ਕੈਨੇਡਾ ਦੀ ਕੌਮੀ ਸੱਮਸਿਆ ਬਣ ਚੁੱਕਾ ਹੈ। ਦੁੱਖ ਦੀ ਗੱਲ ਇਹ ਕਿ ਸਿਆਸੀ ਪਾਰਟੀਆਂ ਵੋਟਾਂ ਲੈਣ ਦੇ ਚੱਕਰ ਵਿੱਚ ਹਲਕੇ ਹੌਲੇ ਮੁੱਦਿਆਂ ਉੱਤੇ ਲੋੜੋਂ ਵੱਧ ਕੇਂਦਰਿਤ ਹੋ ਰਹੀਆਂ ਹਨ ਪਰ ਇਸ ਗੰਭੀਰ ਮੁੱਦੇ ਦਾ ਹੱਲ ਕੱਢਣ ਬਾਰੇ ਗੱਲ ਕਰਨਾ ਉਹਨਾਂ ਨੂੰ ਸਮੇਂ ਦੀ ਬਰਬਾਦੀ ਜਾਪਦਾ ਹੈ। ਆਖਰ ਨੂੰ 20 ਸਤੰਬਰ ਵਿੱਚ ਕਿੰਨੇ ਕੁ ਦਿਨ ਬਚੇ ਹਨ ਕਿ ਆਪਣਾ ਕੀਮਤੀ ਸਮਾਂ ਉਸ ਸੱਮਸਿਆ ਉੱਤੇ ਖਰਚ ਕੀਤਾ ਜਾਵੇ ਜਿਸਦੇ ਹੱਲ ਲਈ ਸੰਜੀਦਾ ਪਹੁੰਚ ਦੀ ਲੋੜ ਹੈ।

ਆਖਰ ਨੂੰ ਕਿੰਨਾ ਕੁ ਵੱਡਾ ਹੈ ਓਪੀਆਇਡ ਸੱਮਸਿਆ ਦਾ ਪੈਰ ਪਸਾਰਾ! ਕੈਨੇਡੀਅਨ ਪਬਲਿਕ ਹੈਲਥ ਏਜੰਸੀ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਜੇ 2019 ਵਿੱਚ ਓਪੀਆਇਡ ਕਾਰਨ ਕੈਨੇਡਾ ਵਿੱਚ 4000 ਮੌਤਾਂ ਹੋਈਆਂ ਸਨ ਤਾਂ 2020 ਵਿੱਚ ਇਹ ਗਿਣਤੀ ਵੱਧ ਕੇ 6,214 ਹੋ ਗਈ। ਕੋਵਿਡ 19 ਮਹਾਮਾਰੀ ਕਾਰਣ ਲੋਕਾਂ ਵਿੱਚ ਨਸ਼ੇ ਕਰਨ ਦੀ ਫਿਤਰਤ ਵਿੱਚ ਵਾਧਾ ਹੋਇਆ ਹੈ ਜਿਸਦੇ ਸਿੱਟੇ ਵਜੋਂ 2021 ਵਿੱਚ ਓਪੀਆਇਡ ਵਜਹ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਨਾਲ ਪਿਛਲੇ ਸਾਰੇ ਰਿਕਾਰਡ ਟੁੱਟਣ ਦੀ ਆਸ ਹੈ। ਕੈਨੇਡੀਅਨ ਪਬਲਿਕ ਹੈਲਥ ਏਜੰਸੀ ਮੁਤਾਬਕ 2016 ਤੋਂ 2020 ਦੇ ਅਰਸੇ ਦਰਮਿਆਨ ਕੈਨੇਡਾ ਵਿੱਚ 21,174 ਲੋਕੀ ਓਪੀਆਇਡ ਕਾਰਨ ਰੱਬ ਨੂੰ ਪਿਆਰੇ ਹੋ ਚੁੱਕੇ ਹਨ। ਅੰਕੜਾ ਮਾਹਰ ਦੱਸ ਰਹੇ ਹਨ ਕਿ ਇਸ ਮਹਾਮਾਰੀ ਦੇ ਕੁਪ੍ਰਭਾਵਾਂ ਕਾਰਣ ਕੈਨੇਡਾ ਵਿੱਚ ਲੋਕਾਂ ਦੇ ਜੀਵਨ ਦੀ ਔਸਤ ਉਮਰ ਘੱਟ ਹੋ ਰਹੀ ਹੈ। ਇਸਦਾ ਇੱਕ ਵੱਡਾ ਕਾਰਣ ਓਪੀਆਇਡ ਕਾਰਣ ਹੈ ਕਿ ਮਰਨ ਵਾਲੇ ਬਹੁਗਿਣਤੀ ਲੋਕ ਨੌਜਵਾਨ ਹਨ। ਇਸਦੇ ਬਾਵਜੂਦ ਸਾਡੀਆਂ ਸਿਆਸੀ ਪਾਰਟੀਆਂ ਨੇ ਇਸ ਮੁੱਦੇ ਬਾਰੇ ਸੋਚੀ ਸਮਝੀ ਚੁੱਪ ਧਾਰਣ ਕੀਤੀ ਹੋਈ ਹੈ।

ਲਿਬਰਲ ਪਾਰਟੀ ਨੂੰ ਮੈਰੀਉਆਨਾ ਨੂੰ ਕਾਨੂੰਨੀ ਬਣਾਉਣ ਦਾ ਵੱਡਾ ਸ਼ੌਕ ਸੀ ਜੋ ਉਹਨਾਂ ਨੇ ਪੂਰਾ ਵੀ ਕੀਤਾ ਸੀ। ਦੂਜੇ ਪਾਸੇ ਓਪੀਆਇਡ ਬਾਰੇ ਲਿਬਰਲ ਪਲੇਟਫਾਰਮ ਜਾਂ ਪ੍ਰਧਾਨ ਮੰਤਰੀ ਖੁਦ ਲਗਭੱਟ ਚੁੱਪ ਹੀ ਹਨ। ਕਦੇ ਟਰੂਡੋ ਹੋਰਾਂ ਦੇ ਮੰਤਰੀ ਮੰਡਲ ਵਿੱਚ ਜੇਨ ਫਿਲਪੌਟ ਸਿਹਤ ਮੰਤਰੀ ਹੋਇਆ ਕਰਦੀ ਸੀ ਜੋ ਪੇਸ਼ੇ ਵਜੋਂ ਐਮ ਡੀ ਡਾਕਟਰ ਸੀ। ਉਸਨੇ ਟਰੂਡੋ ਹੋਰਾਂ ਨੂੰ ਸਲਾਹ ਦਿੱਤੀ ਸੀ ਕਿ ਭੰਗ ਵਾਗੂੰ ਓਪੀਆਇਡ ਨੂੰ ਵੀ ਕਾਨੂੰਨੀ ਕਰ ਦੇਣਾ ਚਾਹੀਦਾ ਹੈ। ਜੇਨ ਫਿਲਪੌਟ ਦਾ ਦੋਸ਼ ਹੈ ਕਿ ਟਰੂਡੋ ਹੋਰਾਂ ਨੇ ਉਸਨੂੰ ਇਹ ਆਖ ਕੇ ਚੁੱਪ ਕਰਾ ਦਿੱਤਾ ਸੀ, 'ਇਹ ਮੁੱਦਾ ਚੋਣਾਂ ਵਿੱਚ ਚੱਲਣ ਵਾਲਾ ਨਹੀਂ'। ਸੋ ਭੰਗ ਕਾਨੂੰਨੀ ਬਣਾਉਣ ਲਈ ਅਨੇਕ ਵਿਰੋਧਾਂ ਦੇ ਬਾਵਜੂਦ ਫੈਸਲੇ ਲਏ ਗਏ ਕਿਉਂਕਿ ਉਸ ਵੇਲੇ ਭੰਗ ਦਾ ਮੁੱਦਾ ਚੋਣਾਂ ਵਿੱਚ ਵੋਟਾਂ ਦਾ ਦੁੱਧ ਦੇਣ ਵਾਲੀ ਗਾਂ ਬਣ ਚੁੱਕਾ ਸੀ। ਅਰਥ ਇਹ ਹੋਇਆ ਕਿ ਸੁਆਲ ਕੈਨੇਡੀਅਨਾਂ ਦੀ ਸਿਹਤ ਦਾ ਨਹੀਂ ਸਗੋਂ ਚੋਣਾਂ ਦਾ ਹੈ।

ਇਵੇਂ ਹੀ ਕੰਜ਼ਰਵੇਟਿਵ ਪਾਰਟੀ ਆਗੂ ਐਰਿਨ ਓ ਟੂਲ ਨੇ ਨਸ਼ੇ ਦੀ ਟੀਕੇ ਲਾਉਣ ਲਈ ਸੁਰੱਖਿਅਤ ਸਥਾਨ (safe injection sites) ਦੇ ਹੱਕ ਵਿੱਚ ਗੱਲ ਕੀਤੀ ਹੈ ਪਰ ਇਸਤੋਂ ਅੱਗੇ ਕੋਈ ਹੋਰ ਰਣਨੀਤੀ ਪੇਸ਼ ਨਹੀਂ ਕੀਤੀ। ਸਟੀਫਨ ਹਾਰਪਰ ਵੇਲੇ ਕੰਜ਼ਰਵੇਟਿਵ ਸੁਰੱਖਿਅਤ ਸਥਾਨਾਂ ਦੇ ਵੀ ਹੱਕ ਵਿੱਚ ਘੱਟ ਹੀ ਸਨ। ਐਨ ਡੀ ਪੀ ਆਗੂ ਜਗਮੀਤ ਸਿੰਘ ਵੀ ਅਮਰੀਕਾ ਵਿੱਚ ਜੌਹਨਸਨ ਐਂਡ ਜੌਹਨਸਨ ਕੰਪਨੀ ਨੂੰ ਹੋਏ ਜੁਰਮਾਨੇ ਦੀ ਆੜ ਵਿੱਚ ਬਿਆਨ ਜਰੂਰ ਦੇ ਰਹੇ ਹਨ ਪਰ ਐਨ ਡੀ ਪੀ ਦੇ ਪਲੇਟਫਾਰਮ ਵਿੱਚ ਕੋਈ ਸਪੱਸ਼ਟ ਰਣਨੀਤੀ ਵਿਖਾਈ ਨਹੀਂ ਦੇਂਦੀ। ਵਰਨਣਯੋਗ ਹੈ ਕਿ ਬੀਤੇ ਦਿਨੀਂ ਅਮੀਰਕਾ ਓਕਲਾਹੋਮਾ ਸਟੇਟ ਵਿੱਚ ਇੱਕ ਜੱਜ ਨੇ ਜੌਹਨਸਨ ਐਂਡ ਜੌਹਨਸਨ ਨੂੰ 572 ਮਿਲੀਅਨ ਡਾਲਰ ਦਾ ਜੁਰਮਾਨਾ ਕੀਤਾ ਹੈ। ਇਹ ਕੰਪਨੀ ਓਪੀਆਇਡ ਨੂੰ ਦਵਾਈ ਵਜੋਂ ਵਰਤੇ ਜਾਣ ਦੇ ਝੂਠੇ ਗੁਣਗਾਨ ਕਰਕੇ ਡਾਕਟਰਾਂ ਰਾਹੀਂ ਮਰੀਜ਼ਾਂ ਦਾ ਘਾਣ ਕਰਦੀ ਸੀ। ਪਰ ਸਮੁੱਚੇ ਕੈਨੇਡਾ ਦੇ ਕੌਮੀ ਸੰਕਟ ਨੂੰ ਹੱਲ ਕਿਵੇਂ ਕੀਤਾ ਜਾ ਸਕਦਾ ਹੈ, ਇਸ ਬਾਰੇ ਐਨ ਡੀ ਪੀ ਚੁੱਪ ਹੈ।

ਦੋ ਕੁ ਸਾਲ ਪਹਿਲਾਂ ਯੂਨੀਵਰਸਿਟੀ ਆਫ ਅਲਬਰਟਾ ਦੇ ਵਿੱਦਿਆਰਥੀਆਂ ਵੱਲੋਂ ਇੱਕ ਸਟੱਡੀ ਕੀਤੀ ਗਈ। ਇਸ ਸਟੱਡੀ ਮੁਤਾਬਕ ਕੈਨੇਡਾ ਨੂੰ ਹਰ ਸਾਲ 4.7 ਬਿਲੀਅਨ ਡਾਲਰਾਂ ਦਾ ਨੁਕਸਾਨ ਇਸ ਲਈ ਹੁੰਦਾ ਹੈ ਕਿਉਂਕਿ ਨਸ਼ੇ ਕਰਕੇ ਲੋਕੀ ਆਪਣੀਆਂ ਜੌਬਾਂ ਉੱਤੇ ਨਹੀਂ ਜਾ ਪਾਉਂਦੇ। 2016 ਤੋਂ 2019 ਦਰਮਿਆਨ 11,500 ਲੋਕਾਂ ਉੱਤੇ ਕੀਤੇ ਗਏ ਇਸ ਸਰਵੇਖਣ ਵਿੱਚ ਪਾਇਆ ਗਿਆ ਕਿ ਓਪੀਆਇਡ ਕਾਰਣ ਮਰਨ ਵਾਲੇ 70% ਲੋਕੀ ਜੌਬਾਂ ਕਰਨ ਵਾਲੇ ਸਨ। ਇਸ ਸੱਟਡੀ ਮੁਤਾਬਕ ਨਸ਼ੇ ਕਰਨ ਵਾਲੇ ਵਿਅਕਤੀ ਦੀ ਉਮਰ ਔਸਤਨ 22 ਸਾਲ ਵਿਅਰਥ ਨਿਕਲ ਜਾਂਦੇ ਹਨ।

ਇਸ ਨਾਮੁਰਾਦ ਅਲਾਮਤ ਨਾਲ ਲੜਨ ਵਾਸਤੇ ਕੌਮੀ ਨੀਤੀ ਤਿਆਰ ਕਰਨ ਲਈ ਸਿਆਸੀ ਇੱਛਾ ਸ਼ਕਤੀ ਦੀ ਲੋੜ ਹੈ। ਕੌੜਾ ਸੱਚ ਇਹ ਵੀ ਹੈ ਕਿ ਹਾਲ ਦੀ ਘੜੀ ਕੋਈ ਵੀ ਸਿਆਸੀ ਪਾਰਟੀ ਇਸ ਮਹਾਮਾਰੀ ਦੀ ਚਪੇਟ ਵਿੱਚ ਫਸ ਕੇ ਖੁਦ ਦੀਆਂ ਵੋਟਾਂ ਖਰਾਬ ਕਰਨ ਲਈ ਤਿਆਰ ਨਹੀਂ ਹੈ। ਸਿੱਟਾ – ਬਿੱਲੀ ਨੂੰ ਵੇਖ ਕੇ ਚੂਹਾ ਅੱਖਾਂ ਮੀਟੀ ਬੈਠਾ ਹੈ।

## ਫਰੈਂਚ ਭਾਸ਼ਾ ਦੀ ਬਹਿਸ ਵਿਚ ਓਟੂਲ ਨੇ ਖਾਤਾ ਖੋਲ੍ਹਿਆ, ਟਰੂਡੋ ਚੋਣਾਂ ਕਰਵਾਉਣ ਲਈ ਸਫਾਈ ਦਿੰਦੇ ਆਏ ਨਜ਼ਰ

...ਪੰਨਾ 1 ਦਾ ਬਾਕੀ

ਟੀਵੀਏ ਦੀ ਇਹ ਬਹਿਸ ਕੈਂਪੇਨ ਦੇ ਮੱਧ ਵਿੱਚ ਹੋ ਰਹੀ ਹੈ। ਇਸ ਤਰ੍ਹਾਂ ਦੀ ਫੈਡਰਲ ਚੋਣਾਂ ਸਬੰਧੀ ਬਹਿਸ ਵਿੱਚ ਹਿੱਸਾ ਲੈਣ ਦਾ ਓਟੂਲ ਦਾ ਇਹ ਪਹਿਲਾ ਮੌਕਾ ਹੈ।

ਇਸ ਮੌਕੇ ਮੈਕਗਿਲ ਯੂਨੀਵਰਸਿਟੀ ਦੇ ਪੁਲਿਟੀਕਲ ਸਾਇੰਸ ਪ੍ਰੋਫੈਸਰ ਡੈਨੀਅਲ ਬੀਲੈਂਡ ਨੇ ਆਖਿਆ ਕਿ ਲੋਕ ਬੜੀ ਧਿਆਨ ਨਾਲ ਇਸ ਬਹਿਸ ਨੂੰ ਸੁਣ ਰਹੇ ਹਨ। ਉਨ੍ਹਾਂ ਆਖਿਆ ਕਿ ਸਿਰਫ ਕਿਊਬਿਕ ਵਿੱਚ ਤੇ ਕਿਊਬਿਕ ਤੋਂ ਬਾਹਰ ਰਹਿਣ ਵਾਲੇ ਫਰੈਂਚ ਭਾਸ਼ਾ ਦੇ ਜਾਣੂ ਹੀ ਇਸ ਬਹਿਸ ਨੂੰ ਨਹੀਂ ਵੇਖ ਸੁਣ ਰਹੇ ਸਗੋਂ ਪੱਤਰਕਾਰ ਤੇ ਕੰਮੈਂਟੇਟਰਜ਼ ਵੀ ਇਸ ਨੂੰ ਬੜੇ ਧਿਆਨ ਨਾਲ ਵੇਖ ਰਹੇ ਹਨ। ਉਨ੍ਹਾਂ ਆਖਿਆ ਕਿ ਅਸੀਂ ਸਾਰੇ ਹੀ ਇਹ ਵੇਖ ਰਹੇ ਹਾਂ ਕਿ ਆਪਣੀ ਪਹਿਲੀ ਬਹਿਸ ਵਿੱਚ ਉਹ ਕਿਹੋ ਜਿਹੀ ਕਾਰਗੁਜ਼ਾਰੀ ਵਿਖਾਉਣਗੇ ਕਿਉਂਕਿ ਓਟੂਲ ਦੀ ਇਹ ਮਾਤ ਭਾਸ਼ਾ ਨਹੀਂ ਹੈ। ਇਸ ਲਈ ਲੋਕ ਸਵਾਲਾਂ ਨੂੰ ਹੈਂਡਲ ਕਰਨ ਦੀ ਉਨ੍ਹਾਂ ਦੀ ਸਮਰੱਥਾ ਤੇ ਫਰੈਂਚ ਵਿੱਚ ਬਹਿਸ ਕਰਨ ਦੀ ਕਲਾ ਦਾ ਮੁਲਾਂਕਣ ਕਰਨਗੇ।

ਹਾਲਾਂਕਿ ਟਰੂਡੋ ਨੂੰ ਇਸ ਤਰ੍ਹਾਂ ਦੇ ਮਾਹੌਲ ਦਾ ਵਧੇਰੇ ਤਜਰਬਾ ਹੈ ਪਰ ਸਰਵੇਖਣਾਂ ਵਿੱਚ ਸਾਹਮਣੇ ਆ ਰਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਦਾ ਆਧਾਰ ਖੁੱਸਦਾ ਜਾ ਰਿਹਾ ਹੈ ਤੇ ਕੰਜ਼ਰਵੇਟਿਵਾਂ ਦੀ ਪਕੜ ਮਜ਼ਬੂਤ ਹੁੰਦੀ ਜਾ ਰਹੀ ਹੈ। ਕਿਊਬਿਕ ਵਿੱਚ ਉਨ੍ਹਾਂ ਦਾ ਸਮਰਥਨ 20 ਸਤੰਬਰ ਨੂੰ ਚੋਣ ਨਤੀਜਿਆਂ ਉੱਤੇ ਵੱਡਾ ਅਸਰ ਪਾਵੇਗਾ।

Punjabipost.ca
905-793-2202
27 Armthorpe Rd #3,
Brampton, L6T 5M4

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਜਗਮੀਤ ਸਿੰਘ ਦੇ ਟਰੱਕ ਦਾ ਟਾਇਰ ਲੱਥਿਆ, ਈਵੈਂਟ ਲਈ ਹੋਏ ਲੇਟ

...ਪੰਨਾ 1 ਦਾ ਬਾਕੀ

ਸੜਕ ਵਿੱਚ ਪਏ ਗੱਡੇ ਨਾਲ ਟਕਰਾ ਜਾਣ ਕਾਰਨ ਜਗਮੀਤ ਸਿੰਘ ਦੇ ਫੂਡ ਟਰੱਕ ਨੂੰ ਟੋਅ ਕਰਕੇ ਅਗਲੇ ਈਵੈਂਟ ਉੱਤੇ ਲਿਜਾਣਾ ਪਿਆ। ਇਸ ਟਾਇਰ ਦੀ ਥਾਂ ਹੋਰ ਟਾਇਰ ਲਾਉਂਦਿਆਂ ਵੀ ਇੱਕ ਮਕੈਨਿਕ ਨੂੰ ਵੇਖਿਆ ਗਿਆ। ਇਸ ਟਰੱਕ ਉੱਤੇ ਸੰਤਰੀ ਰੰਗ ਨਾਲ ਪੇਂਟ ਕੀਤਾ ਗਿਆ ਹੈ ਤੇ ਇਸ ਉੱਤੇ ਜਗਮੀਤ ਸਿੰਘ ਦੀ ਤਸਵੀਰ ਵੀ ਛਪੀ ਹੋਈ ਹੈ ਤੇ ਉਸ ਉੱਤੇ ਲਿਖਿਆ ਹੈ ਪੰਜਾਬੀ ਪੁਟੀਨ।

ਫਰੈਂਚ ਭਾਸ਼ਾ ਵਿੱਚ ਆਗੂਆਂ ਦੀ ਹੋਣ ਵਾਲੀ ਬਹਿਸ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਜਗਮੀਤ ਸਿੰਘ ਨਾ ਸਿਰਫ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦੇਣਗੇ ਤੇ ਲੋਕਲ ਉਮੀਦਵਾਰਾਂ ਦੀ ਹਾਜ਼ਰੀ ਵਿੱਚ ਇਹ ਕਲਾਸਿਕ ਕਿਊਬਿਕ ਡਿਸ਼ ਵੀ ਲੋਕਾਂ ਨੂੰ ਪਰੋਸਣਗੇ।

## ਜਨਵਰੀ ਤੋਂ ਲਾਪਤਾ ਵਿਅਕਤੀ ਦਾ ਪਿੰਜਰ ਕੂੜਾ ਸੁੱਟਣ ਵਾਲੀ ਥਾਂ ਤੋਂ ਮਿਲਿਆ

...ਪੰਨਾ 1 ਦਾ ਬਾਕੀ

ਜਦੋਂ ਪੁਲਿਸ ਪਹੁੰਚੀ ਤਾਂ ਉਨ੍ਹਾਂ ਨੂੰ ਉੱਥੇ ਬ੍ਰੈਟਲ ਨਹੀਂ ਮਿਲਿਆ। ਜਾਂਚ ਦੌਰਾਨ ਪੁਲਿਸ ਨੂੰ ਖੂਨ ਦੇ ਨਿਸ਼ਾਨ ਮਿਲੇ ਤੇ ਫਿਰ ਹੋਰ ਡੂੰਘੀ ਤਲਾਸ਼ ਸ਼ੁਰੂ ਕੀਤੀ ਗਈ। ਘਰ ਵਿੱਚ ਇੱਕ ਕਮਰੇ ਦੀ ਜਾਂਚ ਕਰਨ ਦੌਰਾਨ ਦੋ ਪੁਲਿਸ ਅਧਿਕਾਰੀਆਂ ਉੱਤੇ ਇੱਕ ਵਿਅਕਤੀ ਨੇ ਹਮਲਾ ਕਰ ਦਿੱਤਾ ਜਿਸ ਕੋਲ ਚਾਕੂ ਸੀ। ਉਸ ਮਸ਼ਕੂਕ ਉੱਤੇ ਟੇਜ਼ਰ ਲਾਉਣ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇੱਕ ਪੁਲਿਸ ਅਧਿਕਾਰੀ ਉੱਤੇ ਚਾਕੂ ਨਾਲ ਕੀਤੇ ਹਮਲੇ ਦੇ ਕਈ ਵਾਰ ਮਿਲੇ। ਦੂਜੇ ਨੂੰ ਮਾਮੂਲੀ ਸੱਟਾਂ ਲੱਗੀਆਂ।

ਪੁਲਿਸ ਨੇ ਆਖਿਆ ਕਿ ਮੌਕੇ ਤੋਂ ਇੱਕਠੇ ਕੀਤੇ ਗਏ ਸਬੂਤਾਂ ਤੋਂ ਹੀ ਉਨ੍ਹਾਂ ਵੱਲੋਂ ਇਹ ਤੈਅ ਕੀਤਾ ਗਿਆ ਕਿ ਇਹ ਲਾਪਤਾ ਵਿਅਕਤੀ ਨੂੰ ਲੱਭਣ ਦਾ ਮਾਮਲਾ ਨਹੀਂ ਹੈ ਸਗੋਂ ਕਤਲ ਸਬੰਧੀ ਜਾਂਚ ਹੈ। ਮਸ਼ਕੂਕ ਦੀ ਪਛਾਣ ਟੋਰਾਂਟੋ ਦੇ 34 ਸਾਲਾ ਅਹਿਮਦ ਅਲ ਫਾਰਖ ਵਜੋਂ ਹੋਈ ਹੈ ਉਸ ਨੂੰ 12 ਮਈ ਨੂੰ ਹੋਈ ਬ੍ਰੈਟਲ ਦੀ ਮੌਤ ਦੇ ਸਬੰਧ ਵਿੱਚ ਸੈਕਿੰਡ ਡਿਗਰੀ ਮਰਡਰ ਲਈ ਚਾਰਜ ਕੀਤਾ ਗਿਆ ਹੈ।

ਜੂਨ ਵਿੱਚ ਪੁਲਿਸ ਨੇ ਲੰਡਨ, ਓਨਟਾਰੀਓ ਸਥਿਤ ਗ੍ਰੀਨ ਲੇਨ ਲੈਂਡਫਿੱਲ ਸਾਈਟ ਦੀ ਤਲਾਸ਼ੀ ਲਈ ਵਾਰੰਟ ਕਢਵਾਇਆ ਤੇ ਇੱਥੋਂ ਦੀ ਤਲਾਸ਼ੀ ਲੈਣ ਤੋਂ ਬਾਅਦ ਪੁਲਿਸ ਨੂੰ ਹੁਣ ਜਾ ਕੇ ਸਫਲਤਾ ਹਾਸਲ ਹੋਈ ਹੈ।

## ਪੁਲਿਸ ਨੂੰ 552 ਕਿੱਲੋ ਕੋਕੀਨ ਮਿਲਣ ਦਾ ਸ਼ੱਕ, ਦੋ ਵਿਅਕਤੀ ਹਿਰਾਸਤ ਵਿੱਚ

...ਪੰਨਾ 1 ਦਾ ਬਾਕੀ

ਐਤਵਾਰ ਨੂੰ ਕਿਊਬਿਕ ਆਰਸੀਐਮਪੀ ਤੇ ਕੈਨੇਡੀਅਨ ਕੋਸਟ ਗਾਰਡ ਨੇ ਇੱਕ ਸ਼ੱਕੀ ਬੋਟ ਦੀ ਭਾਲ ਕਰਨੀ ਸ਼ੁਰੂ ਕੀਤੀ। ਪੁਲਿਸ ਨੇ ਦੱਸਿਆ ਕਿ ਇੱਕ ਵਾਰੀ ਉਨ੍ਹਾਂ ਨੂੰ ਉਹ ਬੋਟ ਮਿਲਣ ਤੋਂ ਬਾਅਦ ਉਸ ਤੱਕ ਪਹੁੰਚ ਕਰਨ ਦੀ ਕੋਸ਼ਿਸ਼ ਕੀਤੀ ਗਈ। ਪਰ ਜਿਵੇਂ ਹੀ ਉਹ ਉਸ ਬੋਟ ਦੇ ਨੇੜੇ ਪਹੁੰਚੇ ਤਾਂ ਉਨ੍ਹਾਂ ਨੂੰ ਬੋਟ ਵਿੱਚੋਂ ਧੂੰਆਂ ਆਉਂਦਾ ਨਜ਼ਰ ਆਇਆ ਤੇ ਤੇਜ਼ੀ ਨਾਲ ਅੱਗ ਸਾਰੀ ਬੋਟ ਵਿੱਚ ਫੈਲਣ ਲੱਗੀ।

ਪੁਲਿਸ ਅਨੁਸਾਰ ਬੋਟ ਵਿੱਚ ਸਵਾਰ ਦੋ ਵਿਅਕਤੀਆਂ ਨੂੰ ਹਿਰਾ-ਸਤ ਵਿੱਚ ਲੈ ਲਏ ਜਾਣ ਤੋਂ ਬਾਅਦ ਪੁਲਿਸ ਅਧਿਕਾਰੀਆਂ ਵੱਲੋਂ ਅੱਗ ਉੱਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਗਈ। ਬੋਟ ਦੇ ਕੈਬਿਨ ਵਿੱਚੋਂ ਪੁਲਿਸ ਨੂੰ ਉਹੋ ਜਿਹੇ ਹੀ ਕੋਕੀਨ ਦੇ ਪੈਕੇਜ ਮਿਲੇ ਜਿਹੋ ਜਿਹੇ ਪਹਿਲਾਂ ਮਿਲ ਚੁੱਕੇ ਹਨ। ਇਸ ਸਬੰਧ ਵਿੱਚ ਗ੍ਰਿਫਤਾਰ ਕੀਤੇ ਗਏ ਦੋ ਵਿਅਕਤੀਆਂ ਵਿੱਚੋਂ ਇੱਕ ਐਂਟੀਗੁਆ ਦਾ ਨਾਗਰਿਕ 32 ਸਾਲਾ ਕੈਰਿਨ ਮਾਰਲੇ ਸਾਈਮਨਜ਼ ਹੈ ਤੇ ਇੱਕ ਕੈਲੋਨਾ, ਬੀਸੀ ਵਾਸੀ 38 ਸਾਲਾ ਐਲੇਕ ਵਿਲੇਨੂਵ ਹੈ।

## ਐਸ.ਆਈ. ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ, ਲੋਕ ਇਨਸਾਫ ਪਾਰਟੀ ਨੇ ਕੀਤਾ ਸਟਿੰਗ ਅਪਰੇਸ਼ਨ

ਬਾਘਾਪੁਰਾਣਾ, 2 ਸਤੰਬਰ (ਗਿਆਨ ਸਿੰਘ): ਪੰਜਾਬ ਵਿਚ ਰਿਸ਼ਵਤ ਦਾ ਵਧਦਾ ਬੋਲਬਾਲਾ ਕਿਤੇ ਨਾ ਕਿਤੇ ਅਮੀਰ ਤੇ ਗਰੀਬ ਵਿਅਕਤੀ ਦੀ ਜੇਬ੍ਹ ਨੂੰ ਸਰਕਾਰੀ ਡਾਕੇ ਦੇ ਰੂਪ ਵਿਚ ਚੂਸਦਾ ਜਾ ਰਿਹਾ ਹੈ। ਅਜਿਹਾ ਹੀ ਇਕ ਮਾਮਲਾ ਸਾਹਮਣੇ ਆਇਆ ਥਾਣਾ ਬਾਘਾਪੁਰਾਣਾ ਵਿਚ ਜਿਥੇ ਤਾਇਨਾਤ ਨੌਜਵਾਨ ਐਸ.ਆਈ. ਜਗਨਦੀਪ ਸਿੰਘ ਇਕ ਚਿੱਟੇ ਦੇ ਕੇਸ ਵਿਚ ਫੜੇ ਗਏ ਆਰੋਪੀ ਦੇ ਪਰਿਵਾਰ ਤੋਂ ਪਰਚਾ ਛੋਟਾ ਕਰਨ ਦੇ ਬਦਲੇ 20 ਹਜ਼ਾਰ ਰੁਪਏ ਦੀ ਮੰਗ ਕੀਤੀ, ਜਿਸ ਦੌਰਾਨ ਉਕਤ ਪਰਿਵਾਰ ਨੇ ਲੋਕ ਇਨਸਾਫ ਪਾਰਟੀ ਦੇ ਜਿਲ੍ਹਾ ਪ੍ਰਧਾਨ ਜਗਮੋਹਨ ਸਿੰਘ ਸਮਾਧ ਭਾਈ ਨਾਲ ਸੰਪਰਕ ਕੀਤਾ। ਉਨ੍ਹਾਂ ਪੂਰੀ ਪਲੈਨਿੰਗ ਤਹਿਤ ਉਕਤ ਐਸ.ਆਈ. ਨੂੰ ਤਹਿ ਕੀਤੀ 20ਹਜ਼ਾਰ ਰੁਪਏ ਦੀ ਰਾਸ਼ੀ ਦਿਤੀ ਜਿਸ ਦੌਰਾਨ ਮੀਡੀਆ ਅਗੇ ਉਕਤ ਵਿਅਕਤੀ ਨੂੰ ਦਿਤੇ ਹੋਏ ਪੈਸੇ ਉਸ ਪਾਸੋਂ ਬਰਾਮਦ ਕਰਕੇ ਸਾਰੇ ਪੈਸਿਆਂ ਦੇ ਨੰਬਰ ਵੀ ਮੈਚ ਕੀਤੇ ਗਏ। ਮੀਡੀਆ ਅਗੇ ਉਕਤ ਮੁਲਾਜਮ ਨੇ ਕਬੂਲ ਵੀ ਕੀਤਾ ਕਿ ਉਸ ਦੁਆਰਾ ਪੈਸੇ ਲਾਏ ਗਏ ਹਨ। ਦੂਜੇ ਪਾਸੇ ਲੋਕ ਇਨਸਾਫ ਪਾਰਟੀ ਦੇ ਨੁਮਾਇੰਦੇ ਜਗਮੋਹਨ ਸਿੰਘ ਨੇ ਦੱਸਿਆ ਕਿ ਪੁਲਿਸ ਦੁਆਰਾ ਸ਼ਰੇਆਮ ਗੁੰਡਾਗਰਦੀ ਕੀਤੀ ਜਾ ਰਹੀ ਹੈ ਤੇ ਸਿਮਰਜੀਤ ਸਿੰਘ ਬੈਂਸ ਪਹਿਲੇ ਦਿਨੋਂ ਹੀ ਅਜਿਹੇ ਕੰਮਾਂ ਦੇ ਖਿਲਾਫ ਮੁਹਿੰਮ ਚਲਾ ਰਹੇ ਹਨ ਜਿਸ ਲੜੀ ਤਹਿਤ ਹੀ ਪੁਲਿਸ ਦੁਆਰਾ ਕੀਤੇ ਜਾਂਦੇ ਗੋਰਖਧੰਦੇ ਨੂੰ ਅੱਜ ਲੋਕਾਂ ਸਾਹਮਣੇ ਨੰਗਾ ਕੀਤਾ ਗਿਆ ਹੈ।

## ਬਜ਼ੁਰਗ ਨੂੰ ਕੁੱਟ ਕੇ ਮਾਰਨ ਵਾਲੇ ਦੋ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੁਲਿਸ

...ਪੰਨਾ 1 ਦਾ ਬਾਕੀ

6 ਅਗਸਤ ਨੂੰ ਸ਼ਾਮੀਂ 4:00 ਵਜੇ ਵੁੱਡਬਾਈਨ ਤੇ ਡੈਨਫੋਰਥ ਐਵਨਿਊ ਵਿੱਚ ਇੱਕ ਮਹਿਲਾ ਤੇ ਪੁਰਸ਼ ਨਾਲ ਲੜਾਈ ਹੋਣ ਤੋਂ ਬਾਅਦ ਇੱਕ 77 ਸਾਲਾ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪੁਲਿਸ ਅਨੁਸਾਰ ਇੱਕ ਪੁਰਸ਼ ਤੇ ਮਹਿਲਾ ਵੱਲੋਂ ਉਸ ਬਜ਼ੁਰਗ ਨੂੰ ਮੁੱਕੇ ਮਾਰੇ ਗਏ ਤੇ ਕੁੱਟਿਆ ਗਿਆ ਤੇ ਫਿਰ ਉਸ ਨੂੰ ਜ਼ਮੀਨ ਉੱਤੇ ਸੁੱਟ ਦਿੱਤਾ ਗਿਆ। ਇਸ ਬਾਰੇ ਸਪਸ਼ਟ ਨਹੀਂ ਹੋ ਸਕਿਆ ਕਿ ਝਗੜਾ ਕਿਸ ਗੱਲ ਉੱਤੇ ਹੋਇਆ ਸੀ।

ਵੀਰਵਾਰ ਨੂੰ ਪੁਲਿਸ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਟੋਰਾਂਟੋ ਦੇ ਜੌਹਨ



ਮੈਨੀਅਨ ਵਜੋਂ ਹੋਈ ਹੈ ਤੇ ਉਸ ਦੀ ਮੌਤ ਐਤਵਾਰ ਨੂੰ ਹਸਪਤਾਲ ਵਿੱਚ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਹੋਈ।

## ਟੱਕਰ ਤੋਂ ਬਾਅਦ ਦੋ ਮਾਲ ਗੱਡੀਆਂ ਲੀਹ ਤੋਂ ਲੱਥੀਆਂ

ਪ੍ਰੈਸਕਟ, ਓਨਟਾਰੀਓ, 2 ਸਤੰਬਰ (ਪੋਸਟ ਬਿਊਰੋ) : ਪ੍ਰੈਸਕਟ, ਓਨਟਾਰੀਓ ਵਿੱਚ ਦੋ ਮਾਲ ਗੱਡੀਆਂ ਆਪਸ ਵਿੱਚ ਟਕਰਾਉਣ ਤੋਂ ਬਾਅਦ ਲੀਹ ਤੋਂ ਉਤਰ ਗਈਆਂ।

ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਨੇ ਦੱਸਿਆ ਕਿ ਓਟਵਾ ਤੋਂ 95 ਕਿਲੋਮੀਟਰ ਦੂਰ ਦੱਖਣ ਵੱਲ ਸਥਿਤ ਟਾਊਨ ਵਿੱਚ ਐਡਵਰਡ ਸਟਰੀਟ ਨੇੜੇ ਟਰੇਨ ਟਰੈਕਸ ਉੱਤੇ ਵਾਪਰੀ ਇਸ ਘਟਨਾ ਦਾ ਪਤਾ ਲੱਗਣ ਤੋਂ ਤੁਰੰਤ ਬਾਅਦ ਐਮਰਜੰਸੀ ਅਮਲਾ ਮੌਕੇ ਉੱਤੇ ਪਹੁੰਚਿਆ। ਪ੍ਰਾਪਤ ਜਾਣਕਾਰੀ ਅਨੁਸਾਰ ਇੱਕ ਇੰਜਣ ਤੇ ਕਈ ਰੇਲ ਕਾਰਜ਼ ਲੀਹ ਤੋਂ ਲੱਥ ਗਈਆਂ। ਇਹ ਵੀ ਪਤਾ ਲੱਗਿਆ ਹੈ ਕਿ ਘੱਟੋ ਘੱਟ ਨੌਂ ਕਾਰਾਂ



ਟਰੈਕ ਤੋਂ ਉਤਰ ਗਈਆਂ।

ਓਪੀਪੀ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਮਾਮੂਲੀ ਸੱਟਾਂ ਲੱਗੀਆਂ ਪਰ ਮੌਕੇ ਉੱਤੇ ਹੀ ਉਸ ਦਾ ਇਲਾਜ ਕਰ ਦਿੱਤਾ ਗਿਆ। ਇੱਕ ਵਿਅਕਤੀ ਨੇ ਟਵਿੱਟਰ ਉੱਤੇ ਆਖਿਆ ਕਿ ਜਦੋਂ ਹਾਦਸਾ ਹੋਇਆ ਤਾਂ ਇੰਜ ਲੱਗਿਆ ਜਿਵੇਂ ਭੁਚਾਲ ਆ ਗਿਆ ਹੋਵੇ। ਇੱਕ ਹੋਰ ਵਿਅਕਤੀ ਨੇ ਆਖਿਆ ਕਿ ਹਾਦਸੇ ਸਮੇਂ ਬਹੁਤ ਹੀ ਉੱਚੀ ਆਵਾਜ਼ ਆਈ।

## ਸਿਮਰਜੀਤ ਬੈਂਸ ਵੱਲੋਂ ਖਸਖਸ ਖੇਤੀ ਬਿੱਲ ਅਸੰਬਲੀ ਵਿੱਚ ਲਿਆਉਣ ਲਈ ਸਪੀਕਰ ਨਾਲ ਮੁਲਾਕਾਤ

ਚੰਡੀਗੜ੍ਹ, 2 ਸਤੰਬਰ (ਪੋਸਟ ਬਿਊਰੋ)– ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਖਸਖਸ ਦੀ ਖੇਤੀ ਬਾਰੇ ਵਿਧਾਨ ਸਭਾ ਵਿੱਚ ਪ੍ਰਾਈਵੇਟ ਮੈਂਬਰ ਬਿੱਲ ਲਿਆਉਣ ਦੀ ਪ੍ਰਵਾਨਗੀ ਲਈ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਸਿੰਘ ਨਾਲ ਮੁਲਾਕਾਤ ਕੀਤੀ ਹੈ। ਇਸ ਮੌਕੇ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ'ਖਸਖਸ ਦੀ ਖੇਤੀ ਨੂੰ ਪ੍ਰਾਈਵੇਟ ਮੈਂਬਰ ਬਿੱਲ ਦੇ ਰਾਹੀਂ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕਰਨ ਦੀ ਤਜ਼ਵੀਜ ਹੈ। ਭਾਰਤੀ ਸੰਵਿਧਾਨ ਅਨੁਸਾਰ ਖੇਤੀ ਰਾਜ ਦਾ ਵਿਸ਼ਾ ਹੈ ਤੇ ਇਸ ਦੇ ਲਈ ਕਾਨੂੰਨ ਬਣਾਉਣ ਦਾ ਹੱਕ ਵੀ ਰਾਜ ਵਿਧਾਨ ਸਭਾ ਨੂੰ ਹੈ।'

## ਸਾਰੀਆਂ ਕਿਸਾਨ ਹਮਾਇਤੀ ਤਾਕਤਾਂ ਇਕੱਠੀਆਂ ਹੋ ਰਹੀਆਂ ਹਨ : ਸੁਖਬੀਰ

* ਭਾਜਪਾ ਕਿਸਾਨ ਮੋਰਚੇ ਦੇ ਸੂਬਾ ਇੰਚਾਰਜ ਤਰਲੋਚਨ ਸਿੰਘ ਗਿੱਲ ਅਕਾਲੀ ਦਲ ਵਿਚ ਸ਼ਾਮਿਲ * ਬਰਜਿੰਦਰ ਬਰਾੜ ਹੋਣਗੇ ਮੋਗਾ ਤੋਂ ਅਕਾਲੀ–ਬਸਪਾ ਦੇ ਉਮੀਦਵਾਰ

ਮੋਗਾ, 2 ਸਤੰਬਰ (ਗਿਆਨ ਸਿੰਘ): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਅੱਜ ਕਿਹਾ ਕਿ ਸਾਰੀਆਂ ਕਿਸਾਨ ਪੱਖੀ ਤਾਕਤਾਂ ਇਕੱਠੀਆਂ ਹੋ ਰਹੀਆਂ ਹਨ ਅਤੇ ਇਹ ਗੱਲ ਕਾਂਗਰਸ ਪਾਰਟੀ ਨੂੰ ਪਸੰਦ ਨਹੀਂ ਆ ਰਹੀ ਜੋ ਪੰਜਾਬ ਵਿਚ ਗੜਬੜ ਕਰਾਉਣ ਲਈ ਯਤਨਸ਼ੀਲ ਹੈ।

ਅਕਾਲੀ ਦਲ ਦੇ ਪ੍ਰਧਾਨ ਇਥੇ ਨਵੀਂ ਦਾਣਾ ਮੰਡੀ ਵਿਚ ਵਿਸ਼ਾਲ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਇਸ ਇਕੱਠ ਵਿਚ ਕਿਸਾਨ, ਖੇਤ ਮਜ਼ਦੂਰ ਤੇ ਇਲਾਕੇ ਦੇ ਲੋਕ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਉਹਨਾਂ ਐਲਾਨ ਕੀਤਾ ਕਿ ਪੰਜਾਬ ਸਿਹਤ ਸਿਸਟਮ ਕਾਰਪੋਰੇਸ਼ਨ ਦੇ ਸਾਬਕਾ ਚੇਅਰਮੈਨ ਬਰਜਿੰਦਰ ਸਿੰਘ ਮੱਖਣ ਬਰਾੜ ਮੋਗਾ ਹਲਕੇ ਤੋਂ ਅਕਾਲੀ–ਬਸਪਾ ਪਾਰਟੀ ਦੇ ਉਮੀਦਵਰ ਹੋਣਗੇ। ਇਸ ਮੌਕੇ ਸੀਨੀਅਰ ਆਗੂ ਸਾਬਕਾ ਮੰਤਰੀ ਜਥੇਦਾਰ ਤੋਤਾ ਸਿੰਘ ਨੇ ਭਾਵਪੂਰਤ ਵਿਚਾਰ ਪੇਸ਼ ਕੀਤੇ । ਬਾਅਦ ਵਿਚ ਸਰਦਾਰ ਬਾਦਲ ਨੇ ਪੰਜਾਬ ਭਾਜਪਾ ਕਿਸਾਨ ਮੋਰਚੇ ਦੇ ਇੰਚਾਰਜ ਤਰਲੋਚਨ ਸਿੰਘ ਗਿੱਲ ਦਾ ਪਾਰਟੀ ਵਿਚ ਸ਼ਾਮਲ ਹੋਣ 'ਤੇ ਨਿੱਘਾ ਸਵਾਗਤ ਕੀਤਾ। ਇਸ ਮੌਕੇ ਸਰਦਾਰ ਗਿੱਲ ਨੇ ਕਿਹਾ ਕਿ ਕਿਸਾਨਾਂ ਨੂੰ ਸਿਰਫ ਅਕਾਲੀ ਦਲ 'ਤੇ ਭਰੋਸਾ ਹੈ ਜੋ ਕਿ ਆਪਣੇ ਕੀਤੇ ਵਾਅਦੇ ਪਹਿਲਾਂ ਵੀ ਪੂਰੇ ਕਰਦਾ ਰਿਹਾ ਹੈ ਤੇ ਇਸੇ ਲਈ ਉਹ ਅਕਾਲੀ ਦਲ ਵਿਚ ਸ਼ਾਮਲ ਹੋਏ ਹਨ।

ਬਾਦਲ ਨੇ ਇਸ ਮੌਕੇ ਮੋਗਾ ਦੇ ਤਤਾਰੀਏਵਾਲਾ ਪਿੰਡ ਵਿਚਲੇ 11 ਨੌਜਵਾਨਾਂ ਨਾਲ ਮੁਲਾਕਾਤ ਕੀਤੀ ਤੇ ਉਹਨਾਂ ਦਾ ਸਨਮਾਨ ਕੀਤਾ। ਇਹ ਨੌਜਵਾਨ 26 ਜਨਵਰੀ ਦੀਆ ਘਟਨਾਵਾਂ ਮਗਰੋਂ ਤਿਹਾੜ ਜੇਲ੍ਹ ਵਿਚੋਂ ਰਿਹਾਅ ਹੋ ਕੇ ਵਾਪਸ ਪਰਤੇ ਹਨ। ਅੰਮ੍ਰਿਤਪਾਲ ਸਿੰਘ ਇਕ ਨੌਜਵਾਨ ਨੇ ਦੱਸਿਆ ਕਿ ਕਿਵੇਂ ਅਕਾਲੀ ਦਲ ਦੇ ਪ੍ਰਧਾਨ ਨੇ ਮੱਖਣ ਬਰਾੜ ਰਾਹੀਂ ਉਹਨਾਂ ਦੀ ਮਦਦ ਕੀਤੀ ਤੇ ਉਹ ਜੇਲ੍ਹ ਵਿਚੋਂ ਬਾਹਰ ਆ ਸਕੇ। ਇਥੇ ਦਾਣਾ ਮੰਡੀ ਵਿਚ ਵਿਸ਼ਾਲ ਰੈਲੀ ਮਗਰੋਂ ਉਹਨਾਂ ਨੇ ਹਜ਼ਾਰਾਂ ਮੋਟਰ ਸਾਈਕਲਾਂ ਦੇ ਕਾਫਲੇ ਨਾਲ ਵਿਸ਼ਾਲ ਰੋਡ ਮਾਰਚ ਵੀ ਕੱਢਿਆ।

ਬਾਦਲ ਨੇ ਲੋਕਾਂ ਨੂੰ ਭਰੋਸਾ ਦੁਆਇਆ ਕਿ ਸਰਕਾਰ ਬਣਨ ਤੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਖਾਰਜ ਕੀਤੀਆਂ ਸਾਰੀਆਂ ਭਲਾਈ ਸਕੀਮਾਂ ਬਹਾਲ ਕੀਤੀਆਂ ਜਾਣਗੀਆਂ। ਉਹਨਾਂ ਕਿਹਾ ਕਿ ਸਾਰੇ ਨੀਲੇ ਕਾਰਡ ਨਵੇਂ ਸਿਰੇ ਤੋਂ ਬਣਾਏ ਜਾਣਗੇ ਤੇ ਸਾਰੇ ਪਰਿਵਾਰਾਂ ਦੀ ਅਗਵਾਈ ਕਰਨ ਵਾਲੀਆਂ ਮਹਿਲਾਵਾਂ ਨੂੰ ਹਰ ਮਹੀਨੇ 2 ਹਜ਼ਾਰ ਰੁਪਏ ਮਹੀਨਾ ਭੱਤਾ ਮਿਲੇਗਾ।

ਉਹਨਾਂ ਨੇ ਇਕੱਠ ਨੂੰ ਅਕਾਲੀ ਦਲ ਤੇ ਬਸਪਾ ਗਠਜੋੜ ਦੇ 13 ਨੁਕਾਤੀ ਏਜੰਡੇ ਤੋਂ ਵੀ ਜਾਣੂ ਕਰਵਾਇਆ ਜੋ ਸਰਕਾਰ ਬਣਨ 'ਤੇ ਲਾਗੂ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਹਰ ਘਰ ਨੂੰ 400 ਯੂਨਿਟ ਬਿਜਲੀ ਹਰ ਮਹੀਨੇ ਮੁਫਤ ਮਿਲੇਗੀ ਅਤੇ ਦੋ ਮਹੀਨਿਆਂ ਬਿਲੰਗ ਸਾਈਕਲ ਵਿਚ 800 ਯੂਨਿਟ ਮੁਫਤ ਮਿਲਣਗੇ। ਉਹਨਾਂ ਕਿਹਾ ਕਿ ਵਿਦਿਆਰਥੀਆਂ ਲਈ 10 ਲੱਖ ਰੁਪਏ ਦੇ ਕਰਜ਼ਾ ਕਾਰਡ ਜਾਰੀ ਕੀਤੇ ਜਾਣਗੇ ਤਾਂ ਜੋ ਵਿਦਿਆਰਥੀ ਉਚੇਰੀ ਸਿੱਖਿਆ ਹਾਸਲ ਕਰ ਸਕਣ ਭਾਵੇਂ ਭਾਰਤ ਵਿਚ ਜਾਂ ਫਿਰ ਵਿਦੇਸ਼ਾਂ ਵਿਚ। ਉਹਨਾਂ ਇਹ ਵੀ ਐਲਾਨ ਕੀਤਾ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਪ੍ਰੋਫੈਸ਼ਨਲ ਕਾਲਜਾਂ ਵਿਚ 33 ਫੀਸਦੀ ਸੀਟਾਂ ਰਾਖਵੀਂਆਂ ਕੀਤੀਆਂ ਜਾਣਗੀਆਂ ਅਤੇ ਅਜਿਹੇ ਵਿਦਿਆਰਥੀਆਂ ਦੀ ਫੀਸ ਸਰਕਾਰ ਭਰੇਗੀ ਅਤੇ ਨੌਕਰੀਆਂ ਵਿਚ ਵੀ 33 ਫੀਸਦੀ ਰਾਖਵਾਂ ਕਰਾਂਗੇ।

ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਉਸੇ ਤਰੀਕੇ ਲੋਕਾਂ ਨੂੰ ਮੂਰਖ ਬਣਾਉਣ ਦਾ ਯਤਨ ਕਰ ਰਹੀ ਹੈ ਜਿਸ ਤਰੀਕੇ ਕਾਂਗਰਸ ਨੇ 2017 ਦੀਆਂ ਚੋਣਾਂ ਮੌਕੇ ਕੀਤਾ ਸੀ। ਉਹਨਾਂ ਕਿਹਾ ਕਿ ਆਪ ਪਾਰਟੀ ਸਰਕਾਰ ਬਣਨ 'ਤੇ 300 ਯੂਨਿਟ ਮੁਫਤ ਬਿਜਲੀ ਹਾਸਲ ਕਰਨ ਵਾਸਤੇ ਫਾਰਮ ਭਰਵਾ ਰਹੀ ਹੈ। ਉਹਨਾਂ ਕਿਹਾ ਕਿ," ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਹ ਸਹੂਲਤ ਸਾਰਿਆਂ ਲਈ ਹੈ ਜਾਂ ਫਿਰ ਕੀ ਇਹ ਸਿਰਫ ਉਹਨਾਂ ਨੂੰ ਦਿੱਤੀ ਜਾਵੇਗੀ ਜਿਹਨਾਂ ਨੇ ਫਾਰਮ ਭਰੇ ਹੋਣਗੇ ? ਉਹਨਾਂ ਕਿਹਾ ਕਿ ਅਕਾਲੀ ਦਲ ਦਾ ਭਰੋਸੇਯੋਗ ਪਿਛਲਾ ਰਿਕਾਰਡ ਹੈ ਤੇ ਇਹ ਉਸੇ ਤਰੀਕੇ 13 ਨੁਕਾਤੀ ਏਜੰਡਾ ਸਰਕਾਰ ਬਣਨ 'ਤੇ ਲਾਗੂ ਕਰੇਗਾ ਜਿਸ ਤਰੀਕੇ ਇਸਨੇ ਪਹਿਲਾਂ ਕੀਤੇ ਵਾਅਦੇ ਪੂਰੇ ਕੀਤੇ ਹਨ। ਇਸ ਮੌਕੇ ਮੱਖਣ ਬਰਾੜ ਨੇ ਮੰਚ ਸੰਚਾਲਨ ਕਰਦਿਆਂ ਖੁਲ੍ਹਕੇ ਵਿਚਾਰ ਵੀ ਪੇਸ਼ ਕੀਤੇ। ਸੁਖਬੀਰ ਬਾਦਲ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸ੍ਰੀ ਜੋਗਿੰਦਰ ਪਾਲ ਜੈਨ,ਸ ਤੀਰਥ ਸਿੰਘ ਮਾਹਲਾ ਪ੍ਰਧਾਨ ਜਿਲ੍ਹਾ ਅਕਾਲੀ ਦਲ, ਸ ਤਰਸੇਮ ਸਿੰਘ ਰੱਤੀਆਂ, ਸ ਜਗਤਾਰ ਸਿੰਘ ਰਾਜੇਆਣਾ, ਸ ਅਮਰਜੀਤ ਸਿੰਘ ਲੰਢੇਕੇ,ਅਕਸਿਤ ਜੈਨ, ਪ੍ਰੇਮ ਚੱਕੀਵਾਲਾ, ਜਸਵਿੰਦਰ ਸਿੰਘ , ਕੁਲਵੰਤ ਸਿੰਘ ਰਾਮਗੜ੍ਹੀਆ, ਚਰਨਜੀਤ ਸਿੰਘ ਝੰਡੇਆਣਾ,ਲਾਲ ਸਿੰਘ ਸੁਲਹਾਣੀ, ਪੱਪੂ ਰਾਮੂੰਵਾਲੀਆ, ਮਨਜੀਤ ਸਿੰਘ ਧੰਮੂ ਸਾਮਲ ਸਨ।

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

## ਰੇਤ ਮਾਫੀਆ ਨਾਲ ਸੌਦੇਬਾਜ਼ੀ ਕਰਦੇ ਕਾਂਗਰਸ ਵਿਧਾਇਕਾ ਦੇ ਪਤੀ ਦਾ ਆਡੀਓ ਵਾਇਰਲ

ਫਿਰੋਜ਼ਪੁਰ, 2 ਸਤੰਬਰ (ਪੋਸਟ ਬਿਊਰੋ)- ਫਿਰੋਜ਼ਪੁਰ ਦਿਹਾਤੀ ਹਲਕੇ ਦੀ ਕਾਂਗਰਸ ਵਿਧਾਇਕਾ ਸਤਕਾਰ ਕੌਰ ਦੇ ਪਤੀ ਜਸਮੇਲ ਸਿੰਘ ਲਾਡੀ ਗਹਿਰੀ ਦੀ ਰੇਤ ਮਾਫੀਆ ਨਾਲ ਗੱਲਬਾਤ ਦਾ ਆਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਇਆਹੈ। ਇਸ ਵਿੱਚ ਲਾਡੀ ਗਹਿਰੀ ਗੈਰ ਕਾਨੂੰਨੀ ਮਾਈਨਿੰਗ ਵਿੱਚ ਕਮੀਸ਼ਨ ਬਾਰੇ ਗੱਲ ਕਰਦੇ ਹੋਏ ਰੇਤ ਮਾਫੀਆ ਦੇ ਮੈਂਬਰ ਨੂੰ ਮਿਲ ਕੇ ਗੱਲ ਕਰਨ ਨੂੰ ਕਹਿੰਦੇ ਹੋਏ ਸੁਣਾਈ ਦੇ ਰਹੇ ਹਨ।

ਲਾਡੀ ਗਹਿਰੀ ਨੇ ਇਸ ਸਬੰਧ ਵਿੱਚ ਕਿਹਾ ਹੈ ਕਿ ਆਡੀਓ ਟੈਂਪਰ ਕਰ ਕੇ ਵਾਇਰਲ ਕੀਤਾ ਗਿਆ ਹੈ। ਉਨ੍ਹਾਂ ਨੇ ਆਡੀਓ ਵਾਇਰਲ ਹੋਣ ਦੇ ਇੱਕ ਦਿਨ ਬਾਅਦ ਵੀ ਪੁਲਸ ਨੂੰ ਸ਼ਿਕਾਇਤ ਨਹੀਂ ਕੀਤੀ ਹੈ। ਵਿਧਾਇਕਾ ਸਤਕਾਰ ਕੌਰ ਨੇ ਇਸ ਬਾਰੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ। ਇਸ ਵਾਇਰਲ ਆਡੀਓ ਵਿੱਚ ਲਾਡੀ ਗਹਿਰੀ ਰੇਤ ਮਾਫੀਆ ਦੇ ਮੈਂਬਰ ਦੇ ਨਾਲ ਫੀਸ ਬਾਰੇ ਬਹਿਸ ਕਰਦੇ ਕਹਿੰਦੇ ਹਨ ਕਿ ਦੋ-ਦੋ ਹਜ਼ਾਰ ਰੁਪਏ ਲਈ ਬਦਨਾਮੀ ਵਾਲਾ ਕੰਮ ਨਹੀਂ ਕਰਨਗੇ। ਉਨ੍ਹਾਂ ਨੇ ਮਾਈਨਿੰਗ ਕਰਨ ਵਾਲਿਆਂ ਨੂੰ ਮਿਲ ਕੇ ਗੱਲ ਕਰਨ ਨੂੰ ਕਿਹਾ। ਇਸ ਉੱਤੇ ਦੂਸਰੇ ਪਾਸੇ ਤੋਂ ਗੱਲ ਕਰਨ ਵਾਲੇ ਨੇ ਕਿਹਾ ਕਿ ਨੇਤਾ ਜੀ, ਤੁਹਾਡੀ ਕਸਰ ਪੂਰੀ ਕਰਵਾ ਦੇਵਾਂਗੇ। ਮੀਡੀਆ ਉੱਤੇ ਵਾਇਰਲ ਰਿਕਾਰਡਿੰਗਦੇ ਬਾਰੇ ਸਾਬਕਾ ਅਕਾਲੀਵਿਧਾਇਕ ਜੋਗਿੰ-ਦਰ ਸਿੰਘ ਜਿੰਦੂ ਨੇ ਕਿਹਾ ਕਿ ਹਲਕੇ ਵਿੱਚ ਵਿਧਾਇਕਾ ਦਾ ਪਤੀ ਰੇਤ ਮਾਫੀਆ ਨੂੰ ਖੁੱਲ੍ਹ ਕੇ ਪਨਾਹ ਦੇ ਰਿਹਾ ਹੈ।ਸਾਬਕਾ ਭਾਜਪਾ ਵਿਧਾਇਕ ਸੁਖਪਾਲ ਸਿੰਘ ਨੰਨੂ ਨੇ ਕਿਹਾ ਕਿ ਕਾਂਗਰਸ ਨੇਤਾ ਗੈਰ ਕਾਨੂੰਨੀ ਮਾਈਨਿੰਗ ਕਰਵਾ ਰਹੇ ਹਨ। ਇਸ ਤੋਂ ਪਹਿਲਾਂ ਵੀ ਕਈ ਸ਼ਿਕਾਇਤਾਂ ਮਿਲੀਆਂ, ਪਰ ਗੈਰ ਕਾਨੂੰਨੀ ਮਾਈਨਿੰਗ ਬੰਦ ਨਹੀਂ ਹੋਈ।

# ਬਜ਼ੁਰਗਾਂ ਨਾਲ਼ ਅਣਮਨੁੱਖੀ ਵਿਹਾਰ ਇਕ ਆਮ ਵਰਤਾਰਾ ਬਣਦਾ ਜਾ ਰਿਹਾ




ਵਿਜੈ ਗਰਗ
ਸਾਬਕਾ ਪੀਈਐਸ-1
ਸੇਵਾ ਮੁਕਤ
ਪ੍ਰਿੰਸਪਲ, ਮਲੋਟ

ਮਨੁੱਖ ਦੇ ਕੁਦਰਤ ਨਾਲ਼ ਲਗਾਤਾਰ ਚੱਲ ਰਹੇ ਇਕ ਲੰਮੇ ਸੰਘਰਸ਼ ਵਿੱਚ, ਕੁਦਰਤੀ ਤਾਕਤਾਂ 'ਤੇ ਲਗਾਤਾਰ ਕਾਬੂ ਪਾਉਣ ਦੀ ਕਿ-ਰਆ ਦੌਰਾਨ ਕੁਦਰਤੀ ਵਿਗਿਆਨਾਂ ਵਿੱਚ ਲਗਾਤਾਰ ਹੋ ਰਹੇ ਵਿਕਾਸ ਅਤੇ ਖਾਸ ਕਰਕੇ ਸਿਹਤ ਸਬੰਧੀ ਵਿਗਿਆਨਾਂ ਵਿੱਚ ਵਿਕਾਸ ਦੇ ਸਿੱਟੇ ਵਜੋਂ ਮਨੁੱਖ ਦੀ ਜੀਵਨ ਦਰ ਵਿੱਚ ਪਿਛਲੇ ਸਮਿਆਂ ਦੇ ਮੁਕਾਬਲੇ ਬਹੁਤ ਵਾਧਾ ਹੋਇਆ ਹੈ। ਬਹੁਤ ਸਾਰੀਆਂ ਬਿਮਾਰੀਆਂ 'ਤੇ ਤਾਂ ਪੂਰੀ ਤਰ੍ਹਾਂ ਕਾਬੂ ਪਾ ਲਿਆ ਗਿਆ ਹੈ, ਜਿਸ ਤੇ ਨਤੀਜ਼ੇ ਵਜੋਂ ਮੌਤ ਦੀ ਦਰ ਘਟਣ ਨਾਲ਼ ਮਨੁੱਖ ਦੀ ਜਿਊਣ ਦਰ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। 70 ਸਾਲ ਤੋਂ ਵੱਧ ਉਮਰ ਵਾਲ਼ਿਆਂ ਵਿੱਚ ਜਿਊਣ ਦੀ ਦਰ ਵਿੱਚ 18 ਫੀਸਦੀ ਦਾ ਵਾਧਾ ਹੋਇਆ ਹੈ, ਪਰ ਇਸ ਦੇ ਨਾਲ਼ ਹੀ ਇੱਕ ਦੁਖਦਾਈ ਤਸਵੀਰ ਇਹ ਹੈ ਕਿ ਜੀਵਨ ਪੱਧਰ ਵਿੱਚ ਵਾਧੇ ਦੀ ਜਗ੍ਹਾ ਲਗਾਤਾਰ ਨਿਘਾਰ ਆ ਰਿਹਾ ਹੈ। ਸਾਡੇ ਆਲ਼ੇ ਦੁਆਲ਼ੇ ਨਿਗਾਹ ਮਾਰੀਏ ਤਾਂ ਅਸੀਂ ਵੇਖਦੇ ਹਾਂ ਕਿ ਵਿਗਿਆਨ ਅਤੇ ਤਕਨੀਕ ਦੇ ਅਥਾਹ ਵਿਕਾਸ ਦੇ ਬਾਵਜੂਦ ਸਾਡੀ ਅਬਾਦੀ ਦਾ ਵੱਡਾ ਹਿੱਸਾ ਗਰੀਬੀ-ਭੁੱਖਮਰੀ, ਬੇਰੁਜ਼ਗਾਰੀ ਆਦਿ ਦੀ ਮਾਰ ਝੱਲਦਾ ਹੋਇਆ ਇੱਕ ਜਿੱਲ੍ਹਤ ਭਰੀ ਜ਼ਿੰਦਗੀ ਜੀਣ ਲਈ ਮਜ਼ਬੂਰ ਹੈ। ਵੈਸੇ ਤਾਂ ਸਾਡੇ ਦੇਸ਼ ਵਿੱਚ ਨੌਜਵਾਨ ਅਬਾਦੀ ਦਾ ਇੱਕ ਵੱਡਾ ਹਿੱਸਾ ਬਣਦੇ ਹਨ, ਅਤੇ ਸਿੱਖਿਆ-ਰੁਜ਼ਗਾਰ ਆਦਿ ਇਹਨਾਂ ਦੀਆਂ ਸਮੱਸਿਆਵਾਂ ਵੀ ਬਹੁਤ ਭਿਅੰਕਰ ਹਨ, ਅੱਜ ਅਬਾਦੀ ਦਾ 9% ਹੁੰਦੇ ਹੋਏ ਵੀ ਇਹਨਾਂ ਬਜ਼ੁਰਗਾਂ ਦੀਆਂ ਸਮੱਸਿਆਵਾਂ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਤੱਥਾਂ ਉੱਤੇ ਇਕ ਸਰਸਰੀ ਜਿਹੀ ਨਿਗਾਹ ਮਾਰਨ 'ਤੇ ਹੀ 'ਨਿਰਭਰਤਾ ਵਿੱਚ ਬੁਢਾਪਾ' ਕੱਟ ਰਹੀ ਅਬਾਦੀ ਦੀ ਇੱਕ ਖੌਫਨਾਕ ਤਸਵੀਰ ਸਾਡੇ ਸਾਹਮਣੇ ਆਉਂਦੀ ਹੈ। ਇੱਕ ਰਿਪੋਰਟ ਮੁਤਾਬਕ ਬੁਢਾਪੇ ਵਿੱਚ ਨਿਰਭਰਤਾ ਦੀ ਦਰ ਜੋਕਿ 1961 ਵਿੱਚ 10.9% ਸੀ, 2011 ਵਿੱਚ ਵਧਕੇ 14.2% ਤੱਕ ਪਹੁੰਚ ਗਈ। 2011 ਦੀ ਜਨਗਣਨਾ ਦੇ ਮੁਤਾਬਕ ਭਾਰਤ ਵਿੱਚ 60 ਸਾਲ ਤੋਂ ਜ਼ਿਆਦਾ ਉਮਰ ਵਾਲ਼ੀ ਅਬਾਦੀ ਦੀ ਗਿਣਤੀ ਦਸ ਕਰੋੜ ਤੋਂ ਵੱਧ ਹੈ, ਜੋਕਿ ਕੁੱਲ ਅਬਾਦੀ ਦਾ 9 ਫੀਸਦੀ ਤੋਂ ਵੱਧ ਬਣਦੀ ਹੈ ਅਤੇ ਅਬਾਦੀ ਦਾ ਇਹ ਉਮਰ ਵਰਗ 2050 ਤੱਕ ਕੁੱਲ ਅਬਾਦੀ ਦਾ 19 ਫੀਸਦੀ ਹੋ ਜਾਣ ਦਾ ਪੂਰਾ ਖਦਸ਼ਾ ਹੈ। ਪਰਿਵਾਰਾਂ ਵਿੱਚ ਰਹਿੰਦੇ ਬਜ਼ੁਰਗਾਂ ਵਿੱਚ 60% ਨੂੰ ਦੁਰਵਿਹਾਰ ਦਾ ਸਾਹਮਣਾਂ ਕਰਨਾ ਪੈਂਦਾ ਹੈ। ਇਹ ਦੁਰਵਿਹਾਰ ਕਈ ਰੂਪਾਂ ਵਿੱਚ ਸਾਹਮਣੇ ਆਉਂਦਾ ਹੈ। ਸਰੀਰਕ ਤਸੀਹਿਆਂ ਰਾਹੀਂ, ਮਾਨਸਿਕ ਤਸੀਹਿਆਂ ਰਾਹੀਂ, ਮਨੋਵਿਗਿਆਨਕ ਤਸੀਹਿਆਂ ਰਾਹੀਂ ਆਦਿ ਅਨੇਕਾਂ ਤਰੀਕਿਆਂ ਨਾਲ਼ ਇਹਨਾਂ ਨਾਲ਼ ਦੁਰਵਿਹਾਰ ਕੀਤਾ ਜਾਂਦਾ ਹੈ ਜਿਸਦੀਆਂ ਉਦਾਹਰਣਾਂ ਸਾਨੂੰ ਰੋਜ਼ਾਨਾ ਆਪਣੇ ਆਲ਼ੇ ਦੁਆਲ਼ੇ ਜਾਂ ਖ਼ਬਰਾਂ ਵਿੱਚ ਸੁਣਨ ਨੂੰ ਮਿਲ਼ਦੀਆਂ ਹਨ ਕਿ ਕਿਸ ਤਰ੍ਹਾਂ ਘਰਾਂ ਵਿੱਚ ਕੈਦ ਕਰ ਕੇ ਉਹਨਾਂ ਤੋਂ ਇੱਕ ਕੈਦੀ ਦੀ ਤਰ੍ਹਾਂ ਰੋਜਾਨਾਂ ਦੇ ਕੰਮ ਕਰਵਾਏ ਜਾਂਦੇ ਹਨ, ਨਾਂਹ-ਨੁੱਕਰ ਕਰਨ 'ਤੇ ਘਰੋਂ ਕੱਢ ਦਿੱਤੇ ਜਾਣ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ, ਬੁਢਾਪਾ ਘਰਾਂ, ਵਿੱਚ ਉਹਨਾਂ ਨੂੰ ਛੱਡ ਦਿੱਤਾ ਜਾਂਦਾ ਹੈ ਅਤੇ ਓਥੇ ਵੀ ਜਿਸਮਾਨੀ ਛੇੜ ਛਾੜ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਹਨਾਂ ਪੀੜਤਾਂ ਵਿੱਚੋਂ 37% ਬਜ਼ੁਰਗਾਂ ਨਾਲ਼ ਘਰਾਂ ਵਿੱਚ ਰੋਜਾਨਾਂ ਦੁਰਵਿਹਾਰ ਕੀਤਾ ਜਾਂਦਾ ਹੈ, 20% ਨੂੰ ਕੈਦੀਆਂ ਵਰਗੀ ਜ਼ਿੰਦਗੀ ਬਿਤਾਉਣੀ ਪੈਂਦੀ ਹੈ, 13% ਨੂੰ ਮਾਨਸਿਕ ਸ਼ੋਸ਼ਣ, ਗਾਲੀ ਗਲੌਚ ਆਦਿ ਸਹਿਣਾ ਪੈਂਦਾ ਹੈ, 9% ਨੂੰ ਕੁੱਟ ਮਾਰ ਤੇ ਹੋਰ ਜਿਸਮਾਨੀ ਸ਼ੋਸ਼ਣ ਸਹਿਣਾ ਪੈਂਦਾ ਹੈ, ਅਤੇ ਬਾਕੀ 8% ਨੂੰ ਅਨੇਕਾਂ ਤਰ੍ਹਾਂ ਦੇ ਅਪਮਾਨ ਸਹਿਣੇ ਪੈਂਦੇ ਹਨ, ਘਰਾਂ ਵਿੱਚ ਵੀ ਇਕੱਲੇ ਰਹਿ ਰਹੇ ਬਜ਼ੁਰਗਾਂ ਨਾਲ਼ ਲੁੱਟ ਖੋਹ ਦੇ ਮਾਮਲੇ ਆਮ ਹੀ ਸੁਣਨ ਨੂੰ ਮਿਲ਼ਦੇ ਹਨ। 'ਏਜਵੈਲ ਫ਼ਾਉਂਡੇਸ਼ਨ' ਦੀ ਇੱਕ ਰਿਪੋਰਟ ਮੁਤਾਬਕ ਇਸ ਅਬਾਦੀ ਵਿੱਚੋਂ 65 ਫੀਸਦੀ ਗਰੀਬ ਹਨ ਜਿਹਨਾਂ ਕੋਲ ਆਮਦਨ ਦਾ ਕੋਈ ਸਰੋਤ ਨਹੀਂ ਅਤੇ ਬਾਕੀਆਂ ਵਿੱਚ ਵੀ ਚੰਗੀ ਆਰਥਿਕ ਸਥਿਤੀ ਦੇ ਬਾਵਜੂਦ ਬਹੁਤਿਆਂ ਨਾਲ਼ ਕਿਸੇ ਨਾਂ ਕਿਸੇ ਰੂਪ ਵਿੱਚ ਦੁਰਵਿਹਾਰ ਹੁੰਦਾ ਹੀ ਹੈ ਜਿਸ ਕਾਰਨ ਸਾਡੇ ਸਮਾਜ ਦੇ ਬਹੁਤੇ ਬਜ਼ੁਰਗ (ਲਗਭਗ 40 ਫੀਸਦੀ) ਅਣਮਨੁੱਖੀ ਹਾਲਤਾਂ ਵਿੱਚ ਜੀਵਨ ਬਤੀਤ ਕਰਨ ਲਈ ਮਜ਼ਬੂਰ ਹਨ ਮਤਲਬ ਇਹ ਕਿ ਅਬਾਦੀ ਦਾ ਇਹ ਹਿੱਸਾ ਸਮਾਜਕ ਤੌਰ 'ਤੇ ਪੂਰੀ ਤਰ੍ਹਾਂ ਅਸੁਰੱਖਿਅਤ ਹੈ, ਜਾਂ ਇੰਜ ਕਹਿ ਲਈਏ ਅਸਲ ਵਿੱਚ ਸਾਡਾ ਮੌਜੂਦਾ ਸਮਾਜ ਇਹਨਾਂ ਨੂੰ ਸੁਰੱਖਿਆ ਦੇਣ ਤੋਂ ਅਸੱਮਰਥ ਸਾਬਤ ਹੋ ਚੁੱਕਾ ਹੈ।

ਫਿਰ ਬਜ਼ੁਰਗਾਂ ਦੀ ਅਣਦੇਖੀ ਕਰਦੇ ਸਾਡੇ ਪਰਿਵਾਰ ਜਾਂ ਫਿਰ ਵੱਡੇ ਪੈਮਾਨੇ 'ਤੇ ਲੋਕਾਂ ਵਿੱਚ ਫੈਲੀਆਂ ਹੋਈਆਂ ਮੌਜੂਦਾ ਸਰਮ-ਾਏਦਾਰਾ ਸੱਭਿਆਚਾਰਕ ਕਦਰਾਂ ਕੀਮਤਾਂ। ਸੱਚ ਤਾਂ ਇਹ ਹੈ ਕਿ ਮੌਜੂਦਾ ਸਰਕਾਰਾਂ (ਚਾਹੇ ਉਹ ਕੋਈ ਵੀ ਹੋਣ) ਹਰ ਸਮੇਂ ਲੋਕਾਂ ਦਾ ਖ਼ੂਨ ਚੂਸ ਕੇ ਪਲਣ ਵਾਲ਼ੇ ਸਰਮਾਏਦਾਰੀ ਢਾਂਚੇ ਦੀ ਉਮਰ ਲੰਮੀ ਕਰਨ ਦੀਆਂ ਯੋਜਨਾਵਾਂ ਬਣਾਉਂਦੀਆਂ ਰਹਿੰਦੀਆਂ ਹਨ। ਅਜਿਹਾ ਨਹੀਂ ਕਿ ਉਹਨਾਂ ਕੋਲ ਲੋਕਾਂ ਨੂੰ ਇੱਕ ਸੁਰੱਖਿਅਤ ਜੀਵਨ ਮੁਹੱਈਆ ਕਰਾਉਣ ਲਈ ਸਾਧਨਾਂ ਜਾਂ ਪੈਸੇ ਦੀ ਕਮੀ ਹੈ, ਸਗੋਂ ਉਹ ਤਾਂ ਅਰਬਾਂ-ਖਰਬਾਂ ਰੁਪਏ ਕੁੱਝ ਇੱਕ ਦੁੱਕਾ ਸਰਮਾਏਦਾਰਾਂ ਨੂੰ ਉਜਾੜੇ ਤੋਂ ਬਚਾਉਣ ਲਈ ਮਿੰਟਾਂ-ਸਕਿੰਟਾਂ ਵਿੱਚ ਹੀ ਉੜਾ ਦਿੰਦੀਆਂ ਹਨ।

ਇਸ ਦੇ ਸਿਰ 'ਤੇ ਇੱਕ ਮਾਨ ਸਨਮਾਨ ਦੀ ਜ਼ਿੰਦਗੀ ਜੀਣਾ ਤਾਂ ਦੂਰ ਦੀ ਗੱਲ ਹੈ ਇਸ ਨਿਗੂਣੀ ਜਿਹੀ ਪੈਨਸ਼ਨ ਨੂੰ ਹਾਸਲ ਕਰਨ ਲਈ ਬਜ਼ੁਰਗਾਂ ਨੂੰ ਪਤਾ ਨਹੀਂ ਕਿਹੜੇ ਕਿਹੜੇ ਜਫ਼ਰ ਜਾਲਣੇ ਪੈਂਦੇ ਹਨ, ਅਧਿਕਾਰੀਆਂ ਦੇ ਤਾਨੇ ਮੇਹਣੇ ਸੁਣਨੇ ਪੈਂਦੇ ਹਨ, ਦਫਤਰਾਂ ਦੇ ਕਈ ਕਈ ਗੇੜੇ ਮਾਰਨੇ ਪੈਂਦੇ ਹਨ। 'ਹੈਲਪ ਏਜ ਇੰਡੀਆ' ਦੇ ਅਨੁਸ-ਾਰ ਕਿਸੇ ਕਿਸਮ ਦੀ ਪੈਦਾਵਾਰੀ ਸਰਗਰਮੀ ਦਾ ਹਿੱਸਾ ਨਾਂ ਹੋਣ ਕਾਰਨ ਸਰਕਾਰਾਂ ਇਹਨਾਂ ਨੂੰ ਗੌਲਦੀਆਂ ਹੀ ਨਹੀਂ ਅਤੇ ਪਰਿਵਾਰਾਂ ਨੂੰ ਇਹਨਾਂ ਦੀ ਦੇਖਭਾਲ ਲਈ ਜ਼ਿੰਮੇਵਾਰ ਠਹਿਰਾਉਂਦੀਆਂ ਹਨ। ਸੰਨ 2013 ਦੇ 'ਹੈਲਪ ਏਜ ਇੰਡੀਆ- ਰਿਸਰਚ ਐਂਡ ਡਿਵਲਪਮੈਂਟ ਜਰਨਲ' ਦੀ ਰਿਪੋਰਟ ਮੁਤਾਬਕ ਭਾਰਤ ਦੇ ਸਾਰੇ ਬਜ਼ੁਰਗਾਂ ਨੂੰ ਸਿਰਫ 2000 ਰੁਪਏ ਪ੍ਰਤੀ ਮਹੀਨੇ ਦੀ ਪੈਨਸ਼ਨ ਦੇਣ ਲਈ ਕੁੱਲ ਘਰੇਲੂ ਪੈਦਾਵਾਰ ਦੇ ਸਿਰਫ 1.8% ਦੀ ਹੀ ਜਰੂਰਤ ਹੈ ਪਰ ਇਹ ਨਿਗੂਣੀ ਜਿਹੀ ਰਕਮ ਵੀ ਸਰਕਾਰਾਂ ਇਹਨਾਂ 'ਤੇ ਖਰਚ ਨਹੀਂ ਕਰਨਾ ਚਾਹੁੰਦੀ ਦੂਜੇ ਪਾਸੇ ਵੱਡੇ ਵੱਡੇ ਬੇਲਆਉਟ ਪੈਕੇਜ ਤੱਕ ਦੇ ਦਿੱਤੇ ਜਾਂਦੇ ਹਨ। ਇਹ ਜਨਤਕ ਨੀਤੀਆਂ ਨਾਂ ਸਿਰਫ ਬਜ਼ੁਰਗਾਂ ਨੂੰ ਆਰਥਿਕ ਸੁਰੱਖਿਆ ਦੇਣ ਲਈ ਹੀ ਨਾਕਾਫੀ ਹਨ ਸਗੋਂ ਵਧਦੀ ਉਮਰ ਨਾਲ਼ ਉਹਨਾਂ ਵਿੱਚ ਵਧ ਰਹੀਆਂ ਬਿਮਾਰੀਆਂ, ਦਵਾਈਆਂ ਦੀ ਘਾਟ, ਜਰੂਰੀ ਖ਼ੁਰਾਕੀ ਤੱਤਾਂ ਦੀ ਘਾਟ ਆਦਿ ਕਈ ਸਮੱਸਿਆਵਾਂ ਹਨ ਜਿਹਨਾਂ ਲਈ ਸਰਕਾਰਾਂ ਕੋਲ ਕੋਈ ਠੋਸ ਨੀਤੀ ਨਹੀਂ ਹੈ। ਘਰਾਂ ਵਿੱਚ ਅਤੇ ਬਿਰਧ ਆਸ਼ਰਮਾਂ ਵਿੱਚ ਬਜ਼ੁਰਗਾਂ ਲਈ ਬਿਹਤਰ ਸੁਵਿਧਾਵਾਂ ਦੀ ਬਹੁਤ ਘਾਟ ਹੈ। ਬਜ਼ੁਰਗਾਂ ਨਾਲ਼, ਖਾਸ ਤੌਰ ਤੇ ਬਜ਼ੁਰਗ ਔਰਤਾਂ ਨਾਲ਼ ਹੁੰਦੀਆਂ ਅਪਰਾਧਕ ਹਰਕਤਾਂ ਨਾਲ਼ ਨਜਿੱਠਣ ਲਈ ਕੋਈ ਪ੍ਰਬੰਧ ਨਹੀਂ। ਅਸਲ ਵਿੱਚ ਆਪਣੀਆਂ ਇਹਨਾਂ ਸਰਮਾਏਦਾਰ ਪੱਖੀ ਅਤੇ ਲੋਕ ਦੋਖੀ ਨੀਤੀਆਂ ਰਾਹੀਂ ਹੀ ਤਾਂ ਸਰਕਾਰਾਂ ਇਹਨਾਂ ਸਰਮਾਏਦਾਰਾਂ ਦੀ ਸੇਵਾ ਕਰ ਰਹੀਆ ਹਨ, ਅਤੇ ਇਸ ਵਿਚ ਆਪਣੀ ਵੱਧ ਤੋਂ ਵੱਧ ਚਾਕਰੀ ਸਾਬਤ ਕਰਨ ਲਈ ਸੱਭ ਸਰਮ-ਾਏਦਾਰਾ ਪਾਰਟੀਆਂ ਕੁੱਤਾ ਦੌੜ ਵਿੱਚ ਲੱਗੀਆਂ ਹੋਈਆਂ ਹਨ। ਇਹੀ ਕਾਰਨ ਹੈ ਕਿ ਇਹਨਾਂ ਦੁਆਰਾ ਬਣਾਈਆਂ ਜਨਤਕ ਨੀਤੀਆਂ ਬਜ਼ੁਰਗਾਂ ਦੀ ਇਸ ਅਬਾਦੀ ਦੀ ਵੱਡੇ ਪੱਧਰ 'ਤੇ ਜਾਣ ਬੁੱਝ ਕੇ ਅਣਦੇਖੀ ਕਰਦੀਆਂ ਹਨ।

ਪਰ ਮੌਜੂਦਾ ਸਰਮਾਏਦਾਰਾ ਪ੍ਰਬੰਧ ਅੰਦਰ ਪਰਿਵਾਰਾਂ ਵਿੱਚ ਆਪਸੀ ਰਿਸ਼ਤੇ, ਕਿਸੇ ਤਰ੍ਹਾਂ ਦੀ ਆਤਮਕ ਸਾਂਝ ਤੋਂ ਛੁੱਟ, ਲੈਣ-ਦੇਣ ਤੱਕ ਸਿਮਟ ਕੇ ਰਹਿ ਗਏ ਹਨ। ਸੋ ਇਸ ਤਰ੍ਹਾਂ ਦੀ ਸੰਸਥਾ ਤੋਂ ਵੀ ਕਿਸੇ ਤਰ੍ਹਾਂ ਦੀਆਂ ਉੱਚੀਆਂ ਕਦਰਾਂ ਕੀਮਤਾਂ ਦੀ ਉਮੀਦ ਕਰਨਾ, ਉਹ ਵੀ ਉਸ ਸਮੇਂ ਜਦ ਸਰਮਾਏਦਾਰੀ ਹਰ ਪਾਸਿਓਂ ਆਪਣਾ ਅਗਾਂਹਵਧੂ ਚਰਿੱਤਰ ਗਵਾ ਚੁੱਕੀ ਹੋਵੇ, ਇੱਕ ਭੋਲੀ ਇੱਛਾ ਹੀ ਹੋ ਸਕਦੀ ਹੈ। ਇਹੀ ਕਾਰਨ ਹੈ ਕਿ ਪਰਿਵਾਰਾਂ ਵਿੱਚ ਬਜ਼ੁਰਗਾਂ ਨਾਲ਼ ਅਣਮਨੁੱਖੀ ਵਿਹਾਰ ਇਕ ਆਮ ਵਰਤਾਰਾ ਬਣਦਾ ਜਾ ਰਿਹਾ ਹੈ। ਗੱਲ ਗੱਲ 'ਤੇ ਉਹਨਾਂ ਨੂੰ ਗਾਲੀ ਗਲੌਚ ਤੱਕ ਦਾ ਸਾਹਮਣਾਂ ਕਰਨਾ ਪੈ ਰਿਹਾ ਹੈ, ਬੱਚਿਆਂ ਵੱਲੋਂ ਮਾਪਿਆਂ ਨੂੰ ਕੁੱਟਣ ਤੱਕ ਦੀਆਂ ਖ਼ਬਰਾਂ ਅਖ਼ਬਾਰਾਂ ਵਿੱਚ ਆਮ ਹੀ ਵੇਖਣ ਨੂੰ ਮਿਲ਼ਦੀਆਂ ਹਨ, ਭਾਰਤ ਵਿੱਚ ਹਰ 10 ਬਜ਼ੁਰਗ ਜੋੜਿਆਂ ਵਿੱਚੋਂ 6 ਨੂੰ ਘਰ ਛੱਡਣ ਲਈ ਮਜ਼ਬੂਰ ਕੀਤਾ ਜਾਂਦਾ ਹੈ, ਇਹ ਵੱਖਰੀ ਗੱਲ ਹੈ ਕਿ ਸਮਾਜ ਵਿੱਚ ਆਪਣੀ ਅਤੇ ਆਪਣੇ ਪਰਵਾਰ ਦੀ ਸਾਖ ਨੂੰ ਬਚਾਉਣ ਕਾਰਨ, ਬਜ਼ੁਰਗਾਂ ਨਾਲ਼ ਹੁੰਦੇ ਦੁਰਵਿਹਾਰ ਵਿੱਚੋਂ 6 ਮਗਰ 1 ਕੇਸ ਹੀ ਸਾਹਮਣੇ ਆਉਂਦਾ ਹੈ।

"ਸਮੁੱਚੇ ਵਾਤਾਵਰਣ ਵਿੱਚ ਇੱਕ ਦੂਸਰੇ ਨੂੰ ਨਿੱਗਲਣ ਦੀ ਇੱਕ ਅਰਾਜਕ ਪ੍ਰਕਿਰਿਆ ਲਗਾਤਾਰ ਲਾਗੂ ਹੈ, ਸਾਰੇ ਮਨੁੱਖ ਇੱਕ ਦੂਸਰੇ ਦੇ ਦੁਸ਼ਮਣ ਹਨ; ਆਪਣਾ-ਆਪਣਾ ਢਿੱਡ ਭਰਨ ਦੀ ਇਸ ਗੰਦੀ ਲੜਾਈ ਵਿੱਚ ਹਿੱਸਾ ਲੈਣ ਵਾਲ਼ਾ ਹਰ ਆਦਮੀ ਸਿਰਫ ਆਪਣੀ ਹੀ ਸੋਚਦਾ ਹੈ ਅਤੇ ਆਪਣੇ ਚਾਰੇ ਪਾਸੇ ਸ਼ੱਕ ਦੀ ਨਜ਼ਰ ਨਾਲ਼ ਵੇਖਦਾ ਹੈ, ਤਾਂਕਿ ਗੁਆਂਢੀ ਕਿਤੇ ਉਸ ਦੀ ਗਰਦਨ ਨਾ ਦਬਾ ਦੇਵੇ। ਥਕਾਉਣ ਵਾਲ਼ੀ ਇਸ ਪਾਸ਼ਵਿਕ ਲੜਾਈ ਦੇ ਚੱਕਰਵਿਊਹ ਵਿਚ ਫਸ ਕੇ ਬੁੱਧੀ ਦੀਆਂ ਸਰਵਉੱਤਮ ਤਾਕਤਾਂ ਦੂਸਰੇ ਤੋਂ ਆਪਣੀ ਰੱਖਿਆ ਕਰਨ ਵਿੱਚ ਖਤਮ ਹੋ ਜਾਂਦੀਆਂ ਹਨ, ਮਨੁੱਖ ਦੇ ਤਜਰਬੇ ਦੀ ਇਹ ਪ੍ਰਾਪਤੀ ਜਿਸਨੂੰ "ਮੈਂ" ਕਹਿੰਦੇ ਹਨ, ਇੱਕ ਹਨੇਰਾ ਤਹਿਖਾਨਾ ਬਣ ਜਾਂਦੀ ਹੈ ਜਿਸ ਅੰਦਰ ਤਜਰਬੇ ਨੂੰ ਹੋਰ ਭਰਪੂਰ ਨਾ ਬਣਾਉਣ ਅਤੇ ਪੁਰਾਣੇ ਤਜਰਬੇ ਨੂੰ ਤਹਿਖਾਨੇ ਦੀਆਂ ਦਮ-ਘੋਟੂ ਕੋਠਰੀਆਂ ਵਿੱਚ ਬੰਦ ਰੱਖਣ ਦੀਆਂ ਨੀਚ ਪ੍ਰਵਿਰਤੀਆਂ ਭਾਰੂ ਰਹਿੰਦੀਆਂ ਹਨ। ਭਰੇ ਢਿੱਡ ਤੋਂ ਛੁੱਟ ਵਿਅਕਤੀ ਨੂੰ ਹੋਰ ਕੀ ਚਾਹੀਦਾ ਹੈ? ਇਸ ਮਕਸਦ ਨੂੰ ਪਾਉਣ ਲਈ ਮਨੁੱਖ ਆਪਣੇ ਉੱਚ-ਆਦਰਸ਼ਾਂ ਤੋਂ ਤਿਲਕ ਕੇ ਡਿੱਗ ਗਿਆ ਹੈ ਅਤੇ ਜਖਮੀ ਹੋ ਕੇ ਅੱਖਾਂ ਪਾੜੀ, ਦਰਦ ਨਾਲ਼ ਚੀਕਦਾ ਹੋਇਆ ਅਤੇ ਕਰਾਹੁੰਦਾ ਹੋਇਆ ਥੱਲੇ ਪਿਆ ਹੈ।"

## ਪੁਲਸ ਤਸ਼ੱਦਦ ਅਤੇ ਅਦਾਲਤੀ ਟਿੱਪਣੀਆਂ

-ਐਮ ਪੀ ਸਿੰਘ ਪਾਹਵਾ

ਜਦੋਂ ਵੀ ਕੋਈ ਜੁਰਮ ਵਾਪਰਦਾ ਹੈ ਤਾਂ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ ਜਾਂਦੀ ਹੈ। ਪੁਲਸ ਦਾ ਪਹਿਲਾ ਕੰਮ ਕੇਸ ਦਰਜ ਕਰਨਾ ਅਤੇ ਫਿਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨਾ ਹੁੰਦਾ ਹੈ। ਵੱਖਰੀ ਗੱਲ ਹੈ ਕਿ ਹਰ ਕੇਸ ਵਿੱਚ ਸਿੱਧੀ ਗ੍ਰਿਫ਼ਤਾਰੀ ਦੀ ਲੋੜ ਨਹੀਂ ਹੁੰਦੀ, ਸਗੋਂ ਮੁੱਢਲੀ ਜਾਂਚ ਕਰਨੀ ਹੁੰਦੀ ਹੈ ਅਤੇ ਫਿਰ ਜੇ ਜ਼ਰੂਰੀ ਸਮਝਿਆ ਜਾਵੇ ਤਾਂ ਗ੍ਰਿਫ਼ਤਾਰੀ ਕਰਨੀ ਬਣਦੀ ਹੈ, ਪਰ ਇਹ ਜ਼ਾਬਤਾ ਸਿਰਫ ਕੁਝ ਪ੍ਰਭਾਵਸ਼ਾਲੀ ਜਾਂ ਅਸਰ-ਰਸੂਖ ਵਾਲੇ ਲੋਕਾਂ ਲਈ ਹੁੰਦਾ ਹੈ, ਆਮ ਲੋਕਾਂ ਦੇ ਮਾਮਲੇ ਵਿੱਚ ਜੁਰਮ ਦੀ ਗੁਪਤ ਸੂਚਨਾ ਦੇ ਆਧਾਰ ਉੱਤੇ ਵੀ ਸ਼ੱਕੀ ਵਿਅਕਤੀਆਂ ਨੂੰ ਪੁਲਸ ਗ੍ਰਿਫ਼ਤਾਰ ਕਰ ਸਕਦੀ ਹੈ

ਫੌਜਦਾਰੀ ਕੇਸਾਂ ਵਿੱਚ ਅਕਸਰ ਦੋਸ਼ੀ ਦੀ ਗ੍ਰਿਫ਼ਤਾਰੀ ਜ਼ਰੂਰੀ ਸਮਝੀ ਜਾਂਦੀ ਹੈ। ਕਈ ਵਾਰ ਕੇਸ ਦਾ ਸੱਚ ਲੱਭਣ ਲਈ, ਮਾਲ ਬਰਾਮਦ ਕਰਵਾਉਣ ਜਾਂ ਅੰਨ੍ਹੇ ਜੁਰਮ (ਜਿਨ੍ਹਾਂ ਵਿੱਚ ਦੋਸ਼ੀ ਪਤਾ ਨਾ ਹੋਣ) ਦੇ ਦੋਸ਼ੀਆਂ ਦਾ ਪਤਾ ਕਰਨ ਲਈ ਸ਼ੱਕੀ ਵਿਅਕਤੀਆਂ ਦੀ ਗ੍ਰਿਫ਼ਤਾਰੀ ਜ਼ਰੂਰੀ ਹੋ ਜਾਂਦੀ ਹੈ। ਉਨ੍ਹਾਂ ਦੇ ਗ੍ਰਿਫ਼ਤਾਰ ਹੋਣ ਵਿੱਚ ਹੋ ਰਹੀ ਦੇਰੀ ਨਾਲ ਮੁਦੱਈ ਧਿਰ ਦਾ ਜਾਂਚ ਏਜੰਸੀਆਂ ਤੋਂ ਅਤੇ ਨਿਆਂ ਪ੍ਰਣਾਲੀ ਤੋਂ ਵਿਸ਼ਵਾਸ ਉਠਣ ਲੱਗ ਪੈਂਦਾ ਹੈ। ਇਸੇ ਕਰਕੇ ਬਹੁਤ ਵਾਰ ਮੁਦੱਈ ਧਿਰ ਦੋਸ਼ੀਆਂ ਦੀ ਗ੍ਰਿਫ਼ਤਾਰੀ ਦੀ ਮੰਗ ਬਾਰੇ ਉਚ ਅਧਿਕਾਰੀਆਂ ਤੱਕ ਅਤੇ ਅਦਾਲਤਾਂ ਤੱਕ ਪਹੁੰਚ ਕਰ ਸਕਦੀ ਹੈ। ਇਸ ਪੱਖੋਂ ਦੇਖਿਆ ਜਾਵੇ ਤਾਂ ਜੁਰਮ ਲਈ ਮੁਲਜ਼ਮ ਦੀ ਗ੍ਰਿਫ਼ਤਾਰੀ ਨਿਆਂ ਪ੍ਰਣਾਲੀ ਦਾ ਇੱਕ ਅਹਿਮ ਹਿੱਸਾ ਬਣ ਚੁੱਕੀ ਹੈ।

ਪੁਲਸ ਦਾ ਮੁੱਢਲਾ ਕੰਮ ਕਿਸੇ ਜੁਰਮ ਦੀ ਜਾਂਚ ਕਰਨਾ, ਸਬੂਤ ਇਕੱਠੇ ਕਰਨਾ ਅਤੇ ਫਿਰ ਮਾਮਲਾ ਅਦਾਲਤ ਵਿੱਚ ਪਹੁੰਚਾਉਣ ਦਾ ਹੁੰਦਾ ਹੈ। ਜਿਸ ਕੇਸ ਦੇ ਦੋਸ਼ੀ ਨਾਮਜ਼ਦ ਹੋਣ, ਮੌਕਾ ਗਵਾਹ ਸਾਹਮਣੇ ਆ ਜਾਣ, ਦੋਸ਼ੀਆਂ ਦਾ ਸਿੱਧਾ ਸੰਬੰਧ ਹੋਵੇ, ਓਥੇ ਪੁਲਸ ਨੂੰ ਜਾਂਚ ਕਰਨ ਵਿੱਚ ਕੋਈ ਦਿੱਕਤ ਨਹੀਂ ਆਉਂਦੀ। ਜਦੋਂ ਜੁਰਮ ਅਣਪਛਾਤਿਆਂ ਨੇ ਕੀਤਾ ਹੋਵੇ, ਮੌਕੇ ਦਾ ਕੋਈ ਗਵਾਹ ਨਾ ਹੋਵੇ ਤੇ ਦੋਸ਼ੀਆਂ ਤੱਕ ਲਿਜਾਣ ਲਈ ਕੋਈ ਸਬੂਤ ਵੀ ਹੱਥ ਨਾ ਲੱਗੇ, ਫਿਰ ਸੱਚਮੁੱਚ ਪੁਲਸ ਦਾ ਕੰਮ ਔਖਾ ਹੋ ਜਾਂਦਾ ਹੈ। ਪੁਲਸ ਨੂੰ ਵੱਖ-ਵੱਖ ਥਿਊਰੀਆਂ ਉੱਤੇ ਕੰਮ ਕਰਨਾ ਪੈਂਦਾ ਹੈ। ਸ਼ੱਕੀ ਲੋਕਾਂ ਨੂੰ ਫੜਨਾ ਪੈਂਦਾ ਹੈ। ਅਜਿਹੇ ਕੇਸਾਂ ਵਿੱਚ ਅਕਸਰ ਪੁਲਸ ਨੂੰ ਗ਼ੈਰ-ਕਾਨੂੰਨੀ ਢੰਗ ਅਪਣਾਉਣੇ ਪੈਂਦੇ ਹਨ, ਭਾਵ ਕੁਝ ਸਖ਼ਤੀ ਕਰਨੀ ਪੈਂਦੀ ਹੈ।

ਇਹ ਠੀਕ ਹੈ ਕਿ ਅੱਜ ਦੇ ਯੁੱਗ ਵਿੱਚ ਤਕਨੀਕ ਬਹੁਤ ਵਿਕਸਤ ਹੋ ਚੁੱਕੀ ਹੈ। ਫਾਰੈਂਸਿਕ ਸਾਇੰਸ ਵੀ ਵਰਤੋਂ ਵਿੱਚ ਹੈ, ਮੋਬਾਇਲ ਟਾਵਰ ਅਤੇ ਏ ਟੀ ਐਮ ਮਸ਼ੀਨਾਂ ਦੀ ਵਰਤੋਂ ਵੀ ਕਈ ਦੋਸ਼ੀਆਂ ਦੀ ਭਾਲ ਵਿੱਚ ਮਦਦਗਾਰ ਸਾਬਤ ਹੋ ਰਹੀ ਹੈ। ਇਨ੍ਹਾਂ ਵਿਗਿਆਨਿਕ ਤੇ ਤਕਨੀਕੀ ਸਾਧਨਾਂ ਦੇ ਬਾਵਜੂਦ ਪੁਲਸ ਕਈ ਵਾਰ ਗ਼ੈਰ-ਮਨੁੱਖੀ ਤਰੀਕੇ ਅਪਣਾ ਲੈਂਦੀ ਹੈ। ਦੋਸ਼ੀਆਂ ਉੱਤੇ ਤਸ਼ੱਦਦ ਕੀਤਾ ਜਾਂਦਾ ਹੈ। ਉਨ੍ਹਾਂ ਦੀ ਨਿੱਜਤਾ ਅਤੇ ਸਵੈ-ਸਤਿਕਾਰ ਲਈ ਸਾਧਾਰਨ ਤੋਂ ਗੈਰ-ਸਾਧਾਰਨ ਤੱਕ ਦੇ ਤਰੀਕੇ ਵਰਤੇ ਜਾਂਦੇ ਹਨ। ਇਨ੍ਹਾਂ ਤਰੀਕਿਆਂ ਵਿੱਚ ਕੁੱਟਮਾਰ ਕਰਨੀ, ਬੈਠਕਾਂ ਕਢਵਾਉਣੀਆਂ, ਭੁੱਖੇ-ਪਿਆਸੇ ਰੱਖਣਾ, ਸੌਣ ਨਾ ਦੇਣਾ, ਤੇਜ਼ ਰੌਸ਼ਨੀ ਵਾਲੇ ਬੱਲਬਾਂ ਅੱਗੇ ਖੜ੍ਹੇ ਰੱਖਣਾ, ਉਲਟਾ ਲਟਕਾਉਣਾ, ਖੱਸੀ ਕਰਨਾ ਅਤੇ ਬਰਾਂਡਿੰਗ ਸ਼ਾਮਲ ਹਨ। ਕਈ ਵਾਰ ਪੁਲਸ ਵੱਲੋਂ ਅਜਿਹੇ ਗੈਰ-ਮਨੁੱਖੀ ਢੰਗ ਅਪਣਾਏ ਜਾਂਦੇ ਹਨ, ਜਿਨ੍ਹਾਂ ਨੂੰ ਸੁਣ ਕੇ ਹੀ ਇਨਸਾਨੀਅਤ ਸ਼ਰਮਸਾਰ ਹੋਣ ਲੱਗਦੀ ਹੈ।

ਪਿਛਲੇ ਸਾਲ 'ਤਸ਼ੱਦਦ ਵਿਰੁੱਧ ਕੌਮੀ ਮੁਹਿੰਮ' ਨਾਮ ਦੀ ਗੈਰ-ਸਰਕਾਰੀ ਸੰਸਥਾ ਦੀ ਰਿਪੋਰਟ ਅਨੁਸਾਰ 2019 ਵਿੱਚ 125 ਵਿਅਕਤੀਆਂ ਦੀ 124 ਕੇਸਾਂ ਵਿੱਚ ਪੁਲਸ ਹਿਰਾਸਤ ਦੌਰਾਨ ਮੌਤ ਹੋ ਗਈ ਸੀ। ਪੁਲਸ ਤਸ਼ੱਦਦ ਦੇ ਪੀੜਤ ਲੋਕਾਂ ਅਤੇ ਉਨ੍ਹਾਂ ਦੇ ਵਾਰਿਸਾਂ ਵੱਲੋਂ ਅਕਸਰ ਅਜਿਹੇ ਤਸ਼ੱਦਦ ਵਿਰੁੱਧ ਦੁਹਾਈ ਪਾਈ ਜਾਂਦੀ ਹੈ। ਬਹੁਤ ਵਾਰ ਅਦਾਲਤਾਂ ਵੀ ਕੇਸ ਦੀ ਸੁਣਵਾਈ ਦੌਰਾਨ ਪੁਲਸ ਤਸ਼ੱਦਦ ਦੇ ਦੋਸ਼ਾਂ ਦਾ ਨੋਟਿਸ ਲੈਂਦੀਆਂ ਹਨ। ਭਾਰਤ ਦੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਦਾ ਕਹਿਣਾ ਹੈ ਕਿ ਥਾਣਿਆਂ ਵਿੱਚ ਨਾ ਮਨੁੱਖੀ ਹੱਕ ਸੁਰੱਖਿਅਤ ਹਨ ਤੇ ਨਾ ਸਰੀਰਕ ਤੌਰ ਉੱਤੇ ਕੋਈ ਵਿਅਕਤੀ ਸੁਰੱਖਿਅਤ ਰਹਿ ਸਕਦਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਕਈ ਵਾਰ ਰੱਜਿਆਂ-ਪੁੱਜਿਆਂ ਨੂੰ ਵੀ ਨਹੀਂ ਬਖ਼ਸ਼ਿਆ ਜਾਂਦਾ ਹੈ ਤੇ ਗੈਰ-ਮਨੁੱਖੀ ਸਲੂਕ ਕੀਤਾ ਜਾਂਦਾ ਹੈ। ਮਨੁੱਖੀ ਹੱਕ ਤੇ ਇੱਜ਼ਤ ਪਵਿੱਤਰ ਹਨ। ਹਿਰਾਸਤੀ ਤਸ਼ੱਦਦ ਅਤੇ ਹੋਰ ਕਈ ਤਰ੍ਹਾਂ ਦੇ ਤਸ਼ੱਦਦ ਵਰਗੀਆਂ ਸਮੱਸਿਆਵਾਂ ਅੱਜ ਵੀ ਸਮਾਜ ਵਿੱਚ ਹਨ। ਜਸਟਿਸ ਰਮੰਨਾ ਅਨੁਸਾਰ ਸੰਵਿਧਾਨਿਕ ਐਲਾਨਨਾਮੇ ਤੇ ਗਾਰੰਟੀਆਂ ਦੇ ਬਾਵਜੂਦ ਅਸਰਦਾਰ ਕਾਨੂੰਨੀ ਪ੍ਰਤੀਨਿਧਤਾ ਦੀ ਘਾਟ ਵੀ ਗ੍ਰਿਫ਼ਤਾਰ ਕੀਤੇ ਜਾਂ ਹਿਰਾਸਤ ਵਿੱਚ ਲਏ ਗਏ ਬੰਦੇ ਦੀ ਵੱਡੀ ਹਾਨੀ ਕਰਨ ਦੇ ਬਰਾਬਰ ਹਨ। ਇਸ ਲਈ ਪੁਲਸ ਵਧੀਕੀਆਂ ਉੱਤੇ ਨਜ਼ਰ ਰੱਖਣ ਲਈ ਕਾਨੂੰਨੀ ਸਹਾਇਤਾ ਦੇ ਸੰਵਿਧਾਨਿਕ ਅਧਿਕਾਰ ਬਾਰੇ ਲੋਕਾਂ ਤੱਕ ਜਾਣਕਾਰੀ ਪਹੁੰਚਾਉਣਾ ਬਹੁਤ ਜ਼ਰੂਰੀ ਹੈ।

ਇਸ ਤੋਂ ਪਹਿਲਾਂ ਫਰਵਰੀ ਵਿੱਚ ਇੱਕ ਸੇਵਾਮੁਕਤ ਪੁਲਸ ਕਰਮਚਾਰੀ (ਦੋਸ਼ੀ) ਦੀ ਅਪੀਲ ਦੀ ਸੁਣਵਾਈ ਦੌਰਾਨ ਵੀ ਸੁਪਰੀਮ ਕੋਰਟ ਦੀ ਟਿੱਪਣੀ ਸੀ ਕਿ ਥਾਣੇ ਅੰਦਰ ਕਿਸੇ ਮੁਜਰਮ ਦੀ ਮਾਰਕੁੱਟ ਨਾਲ ਸਮਾਜ ਵਿੱਚ ਡਰ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਪੁਲਸ ਵੱਲੋਂ ਅਜਿਹਾ ਜ਼ੁਲਮ ਕਿਸੇ ਵੀ ਤਰ੍ਹਾਂ ਮੁਆਫੀ ਯੋਗ ਨਹੀਂ ਹੈ। ਪੁਲਸ ਹਿਰਾਸਤ ਵਿੱਚ ਮੌਤ ਦੇ ਹੋਰ ਵੀ ਕਾਰਨ ਹੋ ਸਕਦੇ ਹਨ ਜਿਵੇਂ ਬੁਢਾਪਾ, ਕੋਈ ਪੁਰਾਣੀ ਬੀਮਾਰੀ, ਡਾਕਟਰੀ ਸਹੂਲਤਾਂ ਦੀ ਘਾਟ, ਜੇਲ ਵਿੱਚ ਬੇਲੋੜਾ ਭੀੜ-ਭੜੱਕਾ, ਪਰ ਪੁਲਸ ਕਾਰਜ ਪ੍ਰਣਾਲੀ ਵਿੱਚ ਸੁਧਾਰ ਦੀ ਘਾਟ, ਉਨ੍ਹਾਂ ਦੀ ਜਵਾਬਦੇਹੀ ਨਾ ਹੋਣਾ, ਫਾਰੈਂਸਿਕ ਤਕਨੀਕ ਦੀ ਸਹੀ ਵਰਤੋਂ ਨਾ ਕਰਨਾ ਵੀ ਇਸ ਦੇ ਮੁੱਖ ਕਾਰਨ ਹਨ। ਪੁਲਸ ਸਮਾਜ ਦੀ ਰਖਵਾਲੀ ਹੈ, ਕਾਨੂੰਨ ਦੀ ਪਾਲਣਾ ਕਰਨਾ ਅਤੇ ਕਰਵਾਉਣਾ ਉਸ ਦੀ ਜ਼ਿੰਮੇਵਾਰੀ ਹੈ। ਪੁਲਸ ਤਸ਼ੱਦਦ ਸਮਾਜ ਵਿੱਚ ਸਹਿਮ ਪੈਦਾ ਕਰਦਾ ਹੈ। ਕਈ ਵਾਰ ਬੇਕਸੂਰੇ ਵੀ ਪੁਲਸ ਤਸ਼ੱਦਦ ਦੇ ਡਰ ਨਾਲ ਕਸੂਰ ਮੰਨ ਲੈਂਦੇ ਹਨ, ਜਿਸ ਕਾਰਨ ਅਸਲ ਦੋਸ਼ੀ ਬਚ ਨਿਕਲਦੇ ਹਨ ਤੇ ਉਨ੍ਹਾਂ ਨੂੰ ਹੋਰ ਜੁਰਮ ਕਰਨ ਦੀ ਸ਼ਹਿ ਮਿਲਦੀ ਹੈ। ਪੁਲਸ ਤਸ਼ੱਦਦ ਦੇ ਖ਼ਾਤਮੇ ਲਈ ਅਦਾਲਤ ਦੀਆਂ ਸਮੇਂ-ਸਮੇਂ ਦੀਆਂ ਟਿੱਪਣੀਆਂ ਅਤੇ ਭਾਰਤ ਦੇ ਮੁੱਖ ਜੱਜ ਦੇ ਵਿਚਾਰ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ।

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005







- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-



Karnail Singh

416.670.3173 | 905.799.7333
27 Edvac Dr, Brampton, ON L6S 5X8

# ਬਾਇਡੇਨ ਦੀ ਤਾਲਿਬਾਨੀ ਕਾਰਸਤਾਨੀ ਨੇ ਅਫਗਾਨੀ ਅਤੇ ਹਿੰਦੁਸਤਾਨੀ ਲੋਕ ਮੁਸੀਬਤ ਦੇ ਮੂੰਹ ਪਾਏ

ਅਫਗਾਨਿਸਤਾਨ ਵਿੱਚ ਤਾਲਿਬਾਨ ਦੀ ਚੜ੍ਹਤ ਦਾ ਦੌਰ ਏਨੀ ਛੇਤੀ ਸਾਡੇ ਭਾਰਤ ਦੇ ਲੋਕਾਂ ਲਈ ਵੀ ਚਿੰਤਾ ਅਗਲਾ ਸਬੱਬ ਬਣ ਜਾਵੇਗਾ, ਇਹ ਗੱਲ ਕਦੀ ਕਿਸੇ ਨੇ ਨਹੀਂ ਸੀ ਸੋਚੀ। ਅਮਰੀਕਾ ਦੀ ਹਕੂਮਤ ਆਪਣੇ ਨਿਊ ਯਾਰਕ ਸ਼ਹਿਰ ਦੇ ਵਰਲਡ ਟਰੇਡ ਸੈਂਟਰ ਦੇ ਦੋ ਟਾਵਰਾਂ ਉੱਤੇ ਜਹਾਜ਼ ਮਾਰੇ ਜਾਣ ਦੀ ਘਟਨਾ ਪਿੱਛੋਂ ਜਦੋਂ ਅਫਗਾਨਿਸਤਾਨ ਵਿੱਚ ਤਾਲਿਬਾਨ ਨੂੰ ਕੁੱਟਣ ਲਈ ਨਿਕਲੀ ਤਾਂ ਨਾ ਖੁਦ ਉਸ ਨੂੰ ਪਤਾ ਸੀ ਕਿ ਉਹ ਮੁਸੀਬਤ ਦੇ ਲੰਮੇ ਚੱਕਰ ਵਿੱਚ ਫਸਣ ਲੱਗੀ ਹੈ, ਨਾ ਉਸ ਦੀ ਹਮਾਇਤ ਕਰਨ ਵਾਲਿਆਂ ਨੂੰ ਇਸ ਦਾ ਅਹਿਸਾਸ ਸੀ। ਓਦੋਂ ਭਾਰਤ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਇਹ ਕਹਿਣ ਨੂੰ ਦੇਰ ਨਹੀਂ ਸੀ ਕੀਤੀ ਕਿ ਭਾਰਤ ਦਾ ਬੱਚਾ-ਬੱਚਾ ਇਸ ਜੰਗ ਵਿੱਚ ਅਮਰੀਕੀ ਰਾਸ਼ਟਰਪਤੀ ਜਾਰਜ ਬੁੱਸ਼ ਦੇ ਨਾਲ ਖੜਾ ਹੈ, ਉਹ ਚਾਹੁਣ ਤਾਂ ਸਾਡੇ ਹਵਾਈ ਅੱਡੇ ਵੀ ਵਰਤ ਸਕਦੇ ਹਨ ਅਤੇ ਵਾਜਪਾਈ ਦੀ ਪੇਸ਼ਕਸ਼ ਵਾਂਗ ਬੁੱਸ਼ ਨੇ ਵੀ ਕਾਹਲੀ ਵਿੱਚ ਪਾਕਿਸਤਾਨ ਦੇ ਹਵਾਈ ਅੱਡੇ ਤੇ ਛਾਉਣੀਆਂ ਵਰਤਣ ਦਾ ਮਨਾ ਬਣਾ ਕੇ ਭੁੱਲ ਕੀਤੀ ਸੀ। ਪਾਕਿਸਤਾਨ ਦੀ ਓਦੋਂ ਵਾਲੀ ਸਰਕਾਰ ਵੀ ਅਤੇ ਓਦੋਂ ਬਾਅਦ ਦੀ ਹਰ ਸਰਕਾਰ ਵੀ ਆਪਣੀਆਂ ਛਾਉਣੀਆਂ ਅਤੇ ਹਵਾਈ ਅੱਡੇ ਦੇਣ ਦੇ ਬਹਾਨੇ ਅਮਰੀਕਾ ਨੂੰ ਬੇਵਕੂਫ ਬਣਾ ਕੇ ਨਾਲੇ ਡਾਲਰਾਂ ਦੀਆਂ ਪੰਡਾਂ ਲੈਂਦੀ ਰਹੀ ਤੇ ਨਾਲੇ ਉਨ੍ਹਾਂ ਦੇ ਦੁਸ਼ਮਣ ਤਾਲਿਬਾਨ ਨੂੰ ਲੁਕਾਉਂਦੀ, ਬਚਾਉਂਦੀ ਅਤੇ ਪਾਲਦੀ ਰਹੀ। ਜਦੋਂ ਉਹ ਫਸ ਗਏ ਤਾਂ ਉਨ੍ਹਾਂ ਨੇ ਆਪਣੇ ਕੋਲ ਲੁਕਾਏ ਓਸਾਮਾ ਬਿਨ ਲਾਦੇਨ ਨੂੰ ਮਾਰਨ ਲਈ ਅਮਰੀਕਾ ਨੂੰ ਸਹਿਮਤੀ ਦੇ ਦਿੱਤੀ, ਪਰ ਅਮਰੀਕਾ ਦੇ ਦੂਸਰੇ ਸਭ ਤੋਂ ਅਹਿਮ ਦੁਸ਼ਮਣ ਮੁੱਲਾਂ ਉਮਰ ਦਾ ਆਪਣੇ ਫੌਜੀ



ਜਤਿੰਦਰ ਪੰਨੂ

ਹਸਪਤਾਲ ਵਿੱਚ ਇਲਾਜ ਕਰਾਉਂਦੀ ਰਹੀ ਤੇ ਉਸ ਦੇ ਮਰਨ ਮਗਰੋਂ ਦੋ ਸਾਲ ਅਮਰੀਕਾ ਸਣੇ ਦੁਨੀਆ ਤੋਂ ਉਸ ਦੀ ਮੌਤ ਦੀ ਖਬਰ ਵੀ ਲੁਕਾਈ ਰੱਖੀ। ਇਹੀ ਨਹੀਂ, ਜਦੋਂ ਇੱਕ ਵਾਰੀ ਇਸ ਸਮੱਸਿਆ ਦੇ ਹੱਲ ਲਈ ਅਮਰੀਕਾ ਨੇ ਤਾਲਿਬਾਨ ਦੇ ਇੱਕ ਧੜੇ ਦੇ ਆਗੂ ਮੁੱਲਾਂ ਬਿਰਾਦਰ ਨਾਲ ਗੱਲਬਾਤ ਚਲਾਈ ਤਾਂ ਪਾਕਿਸਤਾਨ ਸਰਕਾਰ ਨੇ ਮੁੱਲਾਂ ਬਿਰਾਦਰ ਨੂੰ ਅਚਾਨਕ ਗ੍ਰਿਫਤਾਰ ਕਰ ਕੇ ਉਨ੍ਹਾਂ ਦੀ ਕੋਸ਼ਿਸ਼ ਫੇਲ੍ਹ ਵੀ ਕਰ ਦਿੱਤੀ ਸੀ। ਅਮਰੀਕਾ ਤੇ ਤਾਲਿਬਾਨ ਦਾ ਤਾਜ਼ਾ ਸਮਝੌਤਾ ਵੀ ਓਦੋਂ ਹੀ ਸਿਰੇ ਚੜ੍ਹ ਸਕਿਆ ਸੀ, ਜਦੋਂ ਇਸ ਦੀ ਵਾਰਤਾ ਦੇ ਸਾਰੇ ਚੱਕਰਾਂ ਵਿੱਚ ਪਾਕਿਸਤਾਨ ਨੂੰ ਸ਼ਾਮਲ ਕੀਤਾ ਗਿਆ ਤੇ ਸਭ ਨੂੰ ਇਹ ਵੀ ਪਤਾ ਹੈ ਕਿ ਇਸ ਵਕਤ ਅਫਗਾਨਿਸਤਾਨ ਵਿੱਚ ਤਾਲਿਬਾਨ ਦੇ ਬਹਾਨੇ ਅਸਲ ਵਿੱਚ ਪਾਕਿਸਤਾਨ ਦੀ ਖੁਫੀਆ ਏਜੰਸੀ ਦੇ ਮੋਹਰਿਆਂ ਦਾ ਕਬਜ਼ਾ ਕਰਾਇਆ ਗਿਆ ਹੈ। ਅੱਗੋਂ ਪਾਕਿਸਤਾਨ ਦੀ ਖੇਡ ਖਰਾਬ ਕਰਨ ਵਾਲੀ ਨਵੀਂ ਤਾਕਤ ਅਫਗਾਨਿਸਤਾਨ ਵਿੱਚ ਉੱਠ ਖੜੋਤੀ ਹੈ, ਜਿਸ ਤੋਂ ਅਮਰੀਕਾ ਦੇ ਨਾਲ ਭਾਰਤ ਦੀ ਚਿੰਤਾ ਵੀ ਹੋਰ ਵਧੇਗੀ।

ਬੀਤੀ ਛੱਬੀ ਅਗਸਤ ਦੀ ਸ਼ਾਮ ਨੂੰ ਅਫਗਾਨਿਸਤਾਨ ਦੇ ਕਾਬੁਲ ਹਵਾਈ ਅੱਡੇ ਕੋਲ ਜਦੋਂ ਬੰਬ ਧਮਾਕੇ ਹੋਏ ਅਤੇ ਇੱਕ ਸੌ ਤੋਂ ਵੱਧ ਲੋਕ ਮਾਰੇ ਗਏ ਤਾਂ ਆਪਣਾ ਪੱਲਾ ਸਾਫ ਦੱਸਣ ਦੇ ਲਈ ਪਹਿਲਾ ਬਿਆਨ ਤਾਲਿਬਾਨ ਨੇ ਦਿੱਤਾ ਕਿ ਉਨ੍ਹਾ ਕੁਝ ਨਹੀਂ ਕੀਤਾ। ਕੁਝ ਦੇਰ ਬਾਅਦ ਆਈ ਐੱਸ ਕੇ (ਇਸਲਾਮਿਕ ਸਟੇਟ ਆਫ ਖੁਰਾਸਾਨ) ਦਾ ਬਿਆਨ ਆ ਗਿਆ ਕਿ ਇਹ ਵਾਰਦਾਤ ਉਨ੍ਹਾਂ ਕੀਤੀ ਹੈ ਤਾਂ ਇਸ ਤੋਂ ਕਈ ਕੁਝ ਅਚਾਨਕ ਹੋਰ ਚੇਤੇ ਕਰਨਾ ਪੈ ਗਿਆ। ਦੁਨੀਆ ਇਹ ਜਾਣਦੀ ਹੈ ਕਿ ਓਸਾਮਾ ਬਿਨ ਲਾਦੇਨ ਦੀ ਸ਼ਾਗਿਰਦੀ ਵਿੱਚ ਅੱਤਵਾਦ ਦੀ ਪੜ੍ਹਾਈ ਪੜ੍ਹੇ ਅਬੂ ਬਕਰ ਅਲ ਬਗਦਾਦੀ ਨੇ ਸਾਲ 2014 ਵਿੱਚ ਆਪਣੇ ਆਪ ਨੂੰ ਖਲੀਫਾ ਐਲਾਨਿਆ ਅਤੇ ਇਸਲਾਮਿਕ ਸਟੇਟ ਆਫ ਇਰਾਕ ਅਤੇ ਸੀਰੀਆ (ਆਈ ਐੱਸ ਆਈ ਐੱਸ) ਵਾਲੀ ਫੌਜ ਖੜੀ ਕਰ ਕੇ ਸੰਸਾਰ ਮਹਾਂ-ਸ਼ਕਤੀਆਂ ਨੂੰ ਭਾਜੜਾਂ ਪਾ ਦਿੱਤੀਆਂ ਸਨ। ਜਦੋਂ ਸੰਸਾਰ ਤਾਕਤਾਂ ਨਾਲ ਭੇੜ ਵਿੱਚ ਉਹ ਕਮਜ਼ੋਰ ਪਿਆ ਤਾਂ ਉਸ ਨੇ ਆਪਣੇ ਲੜਾਕੂਆਂ ਨੂੰ ਸਾਰੇ ਸੰਸਾਰ ਵਿੱਚ ਖਿੱਲਰ ਜਾਣ ਨੂੰ ਕਿਹਾ ਸੀ, ਪਰ



ਬਹੁਤਾ ਕਰ ਕੇ ਉਸ ਦੀ ਧਾੜ ਪਾਕਿਸਤਾਨ ਦੇ ਖੈਬਰ ਪਖਤੂਨਖਵਾ ਰਾਜ ਵਿੱਚ ਆਣ ਵੜੀ ਸੀ, ਜਿੱਧਰ ਪਹਿਲਾਂ ਤਾਲਿਬਾਨ ਅੱਡੇ ਬਣਾ ਕੇ ਅਮਰੀਕਾ ਵਿਰੁੱਧ ਅਫਗਾਨਿਸਤਾਨ ਦੀ ਲੜਾਈ ਲੜਦੇ ਪਏ ਸਨ। ਦਹਿਸ਼ਤਗਰਦਾਂ ਦੀਆਂ ਇਨ੍ਹਾਂ ਦੋਵਾਂ ਧਿਰਾਂ ਦਾ ਓਥੇ ਆਪਸ ਵਿੱਚ ਸਰਦਾਰੀ ਦਾ ਆਢਾ ਸ਼ੁਰੂ ਹੋ ਗਿਆ, ਜਿਹੜਾ ਅਜੇ ਵੀ ਚੱਲਦਾ ਹੈ ਤੇ ਕਾਬੁਲ ਦੇ ਬੰਬ ਧਮਾਕਿਆਂ ਦੀ ਵਾਰਦਾਤ ਤੀਕਰ ਵੀ ਆਣ ਪੁੱਜਾ ਹੈ। ਏਥੇ ਆ ਕੇ ਤਾਲਿਬਾਨ ਤੇ ਅਮਰੀਕਾ ਦੀ ਸਾਂਝ ਦੇ ਚਰਚੇ ਸੁਣਨ ਲੱਗੇ ਹਨ।

ਜਦੋਂ ਆਈ ਐੱਸ ਆਈ ਐੱਸ ਵਾਲੇ ਇਰਾਕ ਅਤੇ ਸੀਰੀਆ ਤੋਂ ਭੱਜ ਕੇ ਪਾਕਿਸਤਾਨੀ ਖੇਤਰ ਵਿੱਚ ਆ ਕੇ ਟਿਕਣ ਵਿੱਚ ਕਾਮਯਾਬ ਹੋ ਗਏ ਤਾਂ ਉਨ੍ਹਾਂ ਨੇ ਨਵੀਂ ਫੋਰਸ 'ਆਈ ਐੱਸ ਕੇ' (ਇਸਲਾਮਿਕ ਸਟੇਟ ਆਫ ਖੁਰਾਸਾਨ) ਬਣਾਈ ਸੀ। ਖੁਰਾਸਾਨ ਇੱਕ ਬਹੁਤ ਲੰਮਾ ਇਲਾਕਾ ਹੈ, ਜਿਸ ਵਿੱਚ ਇਰਾਨ ਦਾ ਉੱਤਰ ਪੂਰਬ ਦਾ ਸਾਰਾ ਖੇਤਰ, ਅਫਗਾਨਿਸਤਾਨ ਦੇ ਹੇਰਾਤ, ਬਲਖ ਅਤੇ ਬੁਖਾਰਾ ਤੋਂ ਕਾਬੁਲ ਦੇ ਅਗਾਂਹ ਹਿੰਦੂਕੁਸ਼ ਪਰਬਤ ਤੱਕ ਅਤੇ ਤੁਰਕਮੇਨਿਸਤਾਨ, ਤਾਜਿਕਸਤਾਨ ਅਤੇ ਉਜ਼ਬੇਕਿਸਤਾਨ ਦਾ ਕੁਝ ਹਿੱਸਾ ਵੀ ਗਿਣਿਆ ਜਾਂਦਾ ਹੈ। ਕਦੀ ਇਰਾਕ ਅਤੇ ਸੀਰੀਆ ਤੋਂ ਬਾਅਦ ਲੇਵਾਂਤ (ਜਿਸ ਵਿੱਚ ਇਰਾਕ ਤੇ ਸੀਰੀਆ ਦੇ ਨਾਲ ਲੇਬਨਾਨ, ਜਾਰਡਨ ਅਤੇ ਇਸਰਾਈਲ ਦੇ ਇਲਾਕੇ ਤੱਕ ਗਿਣੇ ਜਾਂਦੇ ਹਨ) ਵੱਲ ਮਾਰ ਕਰਨ ਦੀ ਸੋਚ ਵਾਲਾ ਆਈ ਐੱਸ ਆਈ ਐੱਸ ਆਪਣੇ ਨਵੇਂ ਰੂਪ ਆਈ ਐੱਸ ਕੇ ਵਾਲੇ ਝੰਡੇ ਹੇਠ ਪੁਰਾਣੇ ਜ਼ਮਾਨੇ ਦੇ ਖੁਰਾਸਾਨ ਉੱਤੇ ਇਸਾਲਾਮੀ ਝੰਡਾ ਝੁਲਾਉਣ ਦੇ ਐਲਾਨ ਕਰਨ ਲੱਗ ਪਿਆ। ਆਈ ਐੱਸ ਦੇ ਖਲੀਫਾ ਅਬੂ ਬਕਰ ਅਲ ਬਗਦਾਦੀ ਦੇ ਬਾਅਦ ਇਸ ਦਾ ਨਵਾਂ ਆਗੂ ਹਾਫਿਜ਼ ਸਈਦ ਖਾਨ ਬਣਿਆ ਸੀ, ਜਿਹੜਾ ਸਾਲ 2015 ਵਿੱਚ ਮਾਰਿਆ ਗਿਆ ਸੁਣਿਆ ਸੀ ਅਤੇ ਉਸ ਤੋਂ ਬਾਅਦ ਇਸ ਗਰੁੱਪ ਦਾ ਸੁਪਰੀਮ ਲੀਡਰ ਅਸਲਮ ਫਾਰੂਕੀ ਦੱਸਿਆ ਜਾਂਦਾ ਹੈ।

ਏਥੋਂ ਆਣ ਕੇ ਇੱਕ ਗੱਲ ਪਿਛਲੇ ਸਾਲ ਮਾਰਚ ਵਿੱਚ ਕਾਬੁਲ ਦੇ ਗੁਰਦੁਆਰਾ ਗੁਰੂ ਹਰ ਰਾਏ ਸਾਹਿਬ ਵਿੱਚ ਹੋਏ ਅੱਤਵਾਦੀ ਹਮਲੇ ਤੇ ਪੰਝੀ ਤੋਂ ਵੱਧ ਸਿੱਖਾਂ ਦੇ ਮਾਰੇ ਜਾਣ ਦੀ ਚੇਤੇ ਆਉਂਦੀ ਹੈ। ਉਹ ਹਮਲਾ ਤਾਲਿਬਾਨ ਦਾ ਨੇੜਲਾ ਮੰਨੇ ਜਾਂਦੇ ਹੱਕਾਨੀ ਨੈੱਟਵਰਕ ਦਾ ਕੰਮ ਸਮਝਿਆ ਗਿਆ ਸੀ, ਪਰ ਪਿੱਛੋਂ ਪਤਾ ਲੱਗਾ ਕਿ ਇਸ ਹਮਲੇ ਦਾ ਮੁੱਖ ਸਾਜਿਸ਼ ਕਰਤਾ ਅਸਲਮ ਫਾਰੂਕੀ ਸੀ, ਜਿਹੜਾ ਕੁਝ ਸਮਾਂ ਬਾਅਦ ਫੜੇ ਜਾਣ ਪਿੱਛੋਂ ਓਦੋਂ ਤੋਂ ਜੇਲ੍ਹ ਵਿੱਚ ਸੀ। ਇਹ ਗੱਲ ਲਗਾਤਾਰ ਸੁਣਨ ਨੂੰ ਮਿਲਦੀ ਰਹੀ ਕਿ ਅਸਲਮ ਫਾਰੂਕੀ ਜੇਲ੍ਹ ਵਿੱਚੋਂ ਵੀ ਆਪਣੇ ਆਈ ਐੱਸ ਕੇ ਗਰੁੱਪ ਨੂੰ ਕਮਾਂਡ ਕਰਦਾ ਤੇ ਭਾਰਤ ਵਿੱਚ ਜੰਮੂ-ਕਸ਼ਮੀਰ ਤੱਕ ਵਾਰਦਾਤਾਂ ਕਰਵਾਉਂਦਾ ਹੈ। ਜਦੋਂ ਪਿਛਲੇ ਦਿਨੀਂ ਤਾਲਿਬਾਨ ਨੇ ਅਫਗਾਨਿਸਤਾਨ ਉੱਤੇ ਕਬਜ਼ਾ ਕੀਤਾ ਤਾਂ ਕਾਹਲੀ ਵਿੱਚ ਜੇਲ੍ਹਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ, ਪਰ ਇਹ ਚੇਤੇ ਨਹੀਂ ਰੱਖਿਆ ਕਿ ਉਨ੍ਹਾਂ ਦਾ ਕੱਟੜ ਵਿਰੋਧੀ ਅਸਲਮ ਫਾਰੂਕੀ ਵੀ ਨਿਕਲ ਸਕਦਾ ਹੈ। ਤਾਲਿਬਾਨ ਨਾਲ ਸਰਦਾਰੀ ਦੀ ਜੰਗ ਵਿੱਚ ਹਰ ਹੱਦ ਪਾਰ ਕਰਨ ਲਈ ਤਿਆਰ ਸਮਝਿਆ ਜਾਂਦਾ ਅਸਲਮ ਫਾਰੂਕੀ ਜਦੋਂ ਜੇਲ੍ਹ ਤੋਂ ਨਿਕਲਿਆ ਤਾਂ ਅਫਗਾਨਿਸਤਾਨ ਦੀ ਹਕੂਮਤ ਤਾਲਿਬਾਨ ਦੇ ਪੱਕੇ ਪੈਰੀਂ ਸੰਭਾਲਣ ਤੋਂ ਪਹਿਲਾਂ ਕਾਬੁਲ ਏਅਰ ਪੋਰਟ ਦੀ ਵਾਰਦਾਤ ਕਰਵਾ ਕੇ ਤਾਲਿਬਾਨ ਦੇ ਨਾਲ ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਦੀ ਟੀਮ ਨੂੰ ਸੋਚੀਂ ਪਾ ਦਿੱਤਾ ਹੈ। ਇਸ ਦੇ ਨਾਲ ਹੀ ਇਹ ਗੱਲ ਵੀ ਚੱਲ ਨਿਕਲੀ ਹੈ ਕਿ ਅਫਗਾਨਿਸਤਾਨ ਤੋਂ ਫੌਜ ਕੱਢਣ ਦਾ ਰਾਸ਼ਟਰਪਤੀ ਜੋਅ ਬਾਇਡੇਨ ਦਾ ਫੈਸਲਾ ਵੱਡੇ ਖਰਚਿਆਂ ਜਾਂ ਆਪਣੇ ਦੇਸ਼ ਦੇ ਫੌਜੀ ਜਵਾਨਾਂ ਦੀਆਂ ਜਾਨਾਂ ਬਚਾਉਣ ਦੀ ਕਾਹਲੀ ਦੇ ਕਾਰਨ ਨਹੀਂ ਸੀ ਲਿਆ ਗਿਆ, ਅਸਲ ਵਿੱਚ ਅੱਜਕੱਲ੍ਹ ਇੱਕ ਸਾਂਝਾ ਦੁਸ਼ਮਣ ਆਈ ਐੱਸ ਕੇ ਉੱਭਰਦਾ ਵੇਖ ਕੇ ਤਾਲਿਬਾਨ ਅਤੇ ਅਮਰੀਕਾ ਵਿਚਾਲੇ ਅੰਦਰ-ਖਾਤੇ ਗਿੱਟਮਿੱਟ ਹੋਣ ਪਿੱਛੋਂ ਚੁੱਕਿਆ ਗਿਆ ਕਦਮ ਸੀ।

ਅਮਰੀਕਾ ਵੱਲ ਇਸ ਦੌਰਾਨ ਤਾਲਿਬਾਨ 'ਸਾਫਟ' (ਨਰਮ) ਹੋ ਗਿਆ ਜਾਂ ਤਾਲਿਬਾਨ ਵੱਲ ਅਮਰੀਕੀ ਹਕੂਮਤ ਦੇ ਆਗੂ ਡੋਨਾਲਡ ਟਰੰਪ ਅਤੇ ਜੋਅ ਬਾਇਡੇਨ ਦੋਬਾਰਾ ਇਰਾਕ ਅਤੇ ਸੀਰੀਆ ਵਰਗੀ ਉਲਝਵੀਂ ਜੰਗ ਵਿੱਚ ਫਸਣ ਦੇ ਡਰ ਕਾਰਨ ਸਾਫਟ ਹੋਏ ਸਨ, ਦੋਵੇਂ ਤਰ੍ਹਾਂ ਇਨ੍ਹਾਂ ਦੋਵਾਂ ਧਿਰਾਂ ਦੀ ਨਰਮੀ ਦੀ ਗੱਲ ਚਰਚਾ ਵਿੱਚ ਹੈ। ਜਿਹੜੇ ਜੋਅ ਬਾਇਡੇਨ ਨੂੰ ਕਾਬੁਲ ਉੱਤੇ ਤਾਲਿਬਾਨ ਦੇ ਕਬਜ਼ੇ ਕਾਰਨ ਹਰ ਪਾਸੇ ਤੋਂ ਦੋਸ਼ੀ ਕਰਾਰ ਦਿੱਤਾ ਜਾ ਰਿਹਾ ਸੀ, ਅਚਾਨਕ ਉਸੇ ਬਾਇਡੇਨ ਦੇ ਇਸ ਕਦਮ ਨੂੰ ਇੱਕ ਵੱਡੀ ਜੰਗ ਖੁਦ ਪਾਸੇ ਹੋ ਕੇ ਤਾਲਿਬਾਨ ਤੇ ਉਨ੍ਹਾਂ ਦੇ ਪਿੱਛੇ ਖੜੇ ਪਾਕਿਸਤਾਨ ਦੇ ਗਲ਼ ਪਾ ਦੇਣ ਵਾਲਾ ਆਗੂ ਕਿਹਾ ਜਾਣ ਲੱਗਾ ਹੈ। ਇਹ ਗੱਲ ਕਿਸੇ ਹੱਦ ਤੱਕ ਠੀਕ ਵੀ ਹੋ ਸਕਦੀ ਹੈ, ਨਹੀਂ ਵੀ, ਪਰ ਇੱਕ ਗੱਲ ਪੱਕੀ ਮੰਨਣ ਵਾਲੀ ਹੈ ਕਿ ਜੋਅ ਬਾਇਡੇਨ ਦੀ ਇਸ ਤਾਲਿਬਾਨੀ ਕਾਰਸਤਾਨੀ ਨੇ ਅਫਗਾਨੀ ਲੋਕਾਂ ਨੂੰ ਹੀ ਨਹੀਂ, ਹਿੰਦੁਸਤਾਨ ਦੇ ਲੋਕਾਂ ਤੇ ਆਗੂਆਂ ਨੂੰ ਵੀ ਚਿਤਵਣੀ ਲਾ ਦਿੱਤੀ ਹੈ। ਅਗਲੇ ਸਾਲ ਏਧਰ ਦੇ ਦੇਸ਼ਾਂ ਲਈ ਫਿਕਰਮੰਦੀ ਵਾਲੇ ਹਨ।

# ਹੋਟਲ ਮੈਨੇਜਮੈਂਟ ਅਤੇ ਕੇਟਰਿੰਗ ਟੈਕਨਾਲੌਜੀ ਵਿੱਚ ਕਰੀਅਰ ਦਾ ਦਾਇਰਾ

-ਵਿਜੈ ਗਰਗ

ਹੋਟਲ ਮੈਨੇਜਮੈਂਟ ਉਨ੍ਹਾਂ ਖੇਤਰਾਂ ਵਿੱਚੋਂ ਇੱਕ ਹੈ ਜੋ ਪ੍ਰਾਹੁਣਚਾਰੀ ਉਦਯੋਗ ਦੇ ਅਧੀਨ ਆਉਂਦਾ ਹੈ। ਜਿਵੇਂ ਕਿ ਘੁੰਮਣ -ਫਿਰਨ ਦਾ ਰੁਝਾਨ ਵਧਿਆ ਹੈ, ਇਸ ਖੇਤਰ ਵਿੱਚ ਬਹੁਤ ਵਾਧਾ ਹੋਇਆ ਹੈ। ਇਸ ਉਦਯੋਗ ਦੇ ਵਿਸਥਾਰ ਦੇ ਅਨੁਸਾਰ, ਭਾਰਤ ਵਿੱਚ ਵੱਖ -ਵੱਖ ਹੋਟਲ ਮੈਨੇਜਮੈਂਟ ਕਾਲਜ ਆਏ ਹਨ। ਇਹ ਕਾਲਜ ਪਰਾਹੁਣਚਾਰੀ ਉਦਯੋਗ ਦੇ ਵੱਖ ਵੱਖ ਹਿੱਸਿਆਂ ਵਿੱਚ ਡਿਗਰੀਆਂ ਦੀ ਪੇਸ਼ਕਸ਼ ਕਰਦੇ ਹਨ। ਹੋਟਲ ਮੈਨੇਜਮੈਂਟ ਦੇ ਗ੍ਰੈਜੂਏਟ ਬਹੁਤ ਸਾਰੇ ਉਦਯੋਗਿਕ ਹਿੱਸਿਆਂ ਵਿੱਚ ਕੰਮ ਕਰ ਸਕਦੇ ਹਨ ਕਿਉਂਕਿ ਉਹ ਪਰਾਹੁਣਚਾਰੀ ਦੇ ਵੱਖੋ ਵੱਖਰੇ ਪਹਿਲੂਆਂ ਤੋਂ ਚੰਗੀ ਤਰ੍ਹਾਂ ਜਾਣੂ ਹਨ। ਉਹ ਕਰੂਜ਼ ਲਾਈਨਾਂ, ਹੋਟਲਾਂ, ਰੈਸਟੋਰੈਂਟਾਂ, ਡਿਨਰ ਚੇਨਜ਼, ਹਸਪਤਾਲ ਕੈਫੇਟੇਰੀਆਸ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿੱਚ ਨੌਕਰੀਆਂ ਪ੍ਰਾਪਤ ਕਰ ਸਕਦੇ ਹਨ।

ਹੋਟਲ ਸੈਕਟਰ ਵਿਸ਼ਲੇਸ਼ਣ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤੀ ਹੋਟਲ ਉਦਯੋਗ 2025 ਤੱਕ ਭਾਰਤ ਦੀ ਜੀਡੀਪੀ ਵਿੱਚ 275.2 ਬਿਲੀਅਨ ਅਮਰੀਕੀ ਡਾਲਰ ਦਾ ਯੋਗਦਾਨ ਦੇਵੇਗਾ। ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਸ ਉਦਯੋਗ ਨੇ ਸਾਲ 2019 ਵਿੱਚ ਭਾਰਤੀਆਂ ਨੂੰ 8% ਨੌਕਰੀਆਂ ਪ੍ਰਦਾਨ ਕੀਤੀਆਂ ਹਨ। ਇਸ ਲਈ, ਇਸ ਖੇਤਰ ਦੇ ਅਨੁਕੂਲ ਡਿਗਰੀ ਪ੍ਰਾਪਤ ਕਰਨਾ ਕਾਫ਼ੀ ਲਾਭਦਾਇਕ ਬਣ ਜਾਂਦਾ ਹੈ। ਕਿਉਂਕਿ ਹੋਟਲ ਮੈਨੇਜਮੈਂਟ ਅਤੇ ਕੇਟਰਿੰਗ ਟੈਕਨਾਲੌਜੀ ਬਹੁਤ ਸਾਰੇ ਕਰੀਅਰ ਦੇ ਮੌਕਿਆਂ ਦਾ ਪਰਦਾਨ ਕਰਦੀ ਹੈ, ਵਿਦਿਆਰਥੀ ਹੇਠ ਲਿਖੀਆਂ ਨੌਕਰੀਆਂ ਦੇ ਪ੍ਰੋਫਾਈਲਾਂ ਵਿੱਚ ਕੰਮ ਕਰ ਸਕਦੇ ਹਨ:

*ਹੋਟਲ ਮੈਨੇਜਰ:* 'ਹੋਟਲ ਮੈਨੇਜਮੈਂਟ ਐਂਡ ਕੇਟਰਿੰਗ ਟੈਕਨਾਲੌਜੀ' ਦੇ ਨਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਵਿਦਿਆਰਥੀ ਨਾ ਸਿਰਫ ਪਰਾਹੁਣਚਾਰੀ ਦੇ ਸਿਧਾਂਤ ਸਿੱਖਣਗੇ ਬਲਕਿ ਪ੍ਰਬੰਧਨ ਦੇ ਨਿਯਮਾਂ ਨੂੰ ਵੀ ਜਾਣ ਲੈਣਗੇ। ਹੋਟਲ ਮੈਨੇਜਰ ਹੋਣ ਦਾ ਮਤਲਬ ਹੈ ਹੋਟਲ ਵਿੱਚ ਕੀਤੀਆਂ ਜਾ ਰਹੀਆਂ ਸਾਰੀਆਂ ਗਤੀਵਿਧੀਆਂ ਨੂੰ ਵੇਖਣਾ ਅਤੇ ਨਿਰਦੇਸ਼ਤ ਕਰਨਾ। ਇਹ ਨਿਸ਼ਚਤ ਰੂਪ ਤੋਂ ਸਭ ਤੋਂ ਵੱਧ ਅਦਾਇਗੀ ਕਰਨ ਵਾਲੀ ਅਤੇ ਪ੍ਰਮੁੱਖ ਪ੍ਰੋਫਾਈਲ ਨੌਕਰੀਆਂ ਵਿੱਚੋਂ ਇੱਕ ਹੈ ਜੋ ਹੋਟਲ ਮੈਨੇਜਮੈਂਟ ਕੋਰਸ ਪੇਸ਼ ਕਰ ਸਕਦਾ ਹੈ। ਇੱਕ ਸਫਲ ਹੋਟਲ ਮੈਨੇਜਰ ਬਣਨ ਲਈ, ਉਮੀਦਵਾਰਾਂ ਕੋਲ ਸ਼ਾਨਦਾਰ ਸੰਚਾਰ, ਪ੍ਰਬੰਧਕੀ ਅਤੇ ਅੰਤਰ -ਵਿਅਕਤੀਗਤ ਹੁਨਰ ਹੋਣੇ ਚਾਹੀਦੇ ਹਨ. ਸਮੁੱਚੇ ਕਾਰਜਾਂ ਦੀ ਨਿਗਰਾਨੀ ਦੇ ਨਾਲ, ਉਹ ਚੋਟੀ ਦੇ ਪ੍ਰਬੰਧਨ ਅਤੇ ਹੋਰ ਕਰਮਚਾਰੀਆਂ ਵਿਚਕਾਰ ਵਿਚੋਲੇ ਦੀ ਭੂਮਿਕਾ ਵੀ ਨਿਭਾਉਂਦੇ ਹਨ।

*ਸ਼ੈੱਫ:* ਇਸ ਲਈ, ਕਿਸ ਨੂੰ ਜਾਣ -ਪਛਾਣ ਦੀ ਲੋੜ ਹੈ? ਸ਼ੈੱਫ ਦੁਨੀਆ ਭਰ ਵਿੱਚ ਮਸ਼ਹੂਰ ਹਨ ਕਿਉਂਕਿ ਉਨ੍ਹਾਂ ਦਾ ਸਤਿਕਾਰ ਕੀਤਾ ਜਾਂਦਾ ਹੈ ਅਤੇ ਦੁਨੀਆ ਭਰ ਵਿੱਚ ਉਨ੍ਹਾਂ ਦੀ ਬਹੁਤ ਮੰਗ ਹੈ ਇਸ ਡਿਗਰੀ ਵਿੱਚ, ਵਿਦਿਆਰਥੀ ਪੀਣ ਵਾਲੀਆਂ ਸੇਵਾਵਾਂ, ਭੋਜਨ ਉਤਪਾਦਨ, ਬੇਕਰੀ, ਆਦਿ ਬਾਰੇ ਉਦਯੋਗਿਕ ਸਿਖਲਾਈ ਪ੍ਰਾਪਤ ਕਰਦੇ ਹਨ ਅਤੇ ਇਸ ਲਈ ਉਹ ਸ਼ੈੱਫ ਵਜੋਂ ਇੱਕ ਵਧੀਆ ਕਰੀਅਰ ਬਣਾ ਸਕਦੇ ਹਨ। ਉਨ੍ਹਾਂ ਦੇ ਨਾਲ ਮੁੱਖ ਕੰਮ ਨਵੀਆਂ ਪਕਵਾਨਾਂ ਦੇ ਨਾਲ ਬਾਹਰ ਆਉਣਾ, ਮੇਨੂ ਨੂੰ ਠੀਕ ਕਰਨਾ ਅਤੇ ਖਪਤਕਾਰਾਂ ਦੀ ਮੰਗ ਅਤੇ ਵਿਸ਼ੇਸ਼ਤਾ ਦੇ ਅਨੁਸਾਰ ਉੱਚ ਗੁਣਵੱਤਾ ਵਾਲੇ ਪਕਵਾਨ ਤਿਆਰ ਕਰਨਾ ਹੈ। ਉਹ ਰਸੋਈ ਦੇ ਸਮੁੱਚੇ ਕੰਮਕਾਜ ਨੂੰ ਨਜ਼ਰਅੰਦਾਜ਼ ਕਰਦੇ ਹਨ ਅਤੇ ਰਸੋਈ ਦੇ ਸਟਾਫ ਨੂੰ ਗਾਹਕਾਂ ਦਾ ਸਭ ਤੋਂ ਵਧੀਆ ਅਨੰਦ ਦੇਣ ਲਈ ਸੌਂਪਦੇ ਹਨ। ਸਭ ਤੋਂ ਵਧੀਆ ਹੋਟਲ ਇਨ੍ਹਾਂ ਪੇਸ਼ੇਵਰਾਂ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੇ ਹਨ ਕਿਉਂਕਿ ਉਹ ਗਾਹਕਾਂ ਨੂੰ ਰੱਖਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ ਇਸ ਲਈ ਉਨ੍ਹਾਂ ਨੂੰ ਬਹੁਤ ਵਧੀਆ ਭੁਗਤਾਨ ਕੀਤਾ ਜਾਂਦਾ ਹੈ।

*ਮੁਖਤਿਆਰ:* ਇੱਕ ਮੁਖਤਿਆਰ ਉਹ ਹੁੰਦਾ ਹੈ ਜੋ ਬਾਰਾਂ, ਰੈਸਟੋਰੈਂਟਾਂ, ਲੌਂਜਾਂ, ਆਦਿ ਦੇ ਕੰਮਕਾਜ ਵਿੱਚ ਸਹਾਇਤਾ ਕਰਦਾ ਹੈ। ਪ੍ਰਬੰਧਕ ਰੈਸਟੋਰੈਂਟ ਮੈਨੇਜਰ ਦੇ ਨਾਲ ਤਾਲਮੇਲ ਵਿੱਚ ਡਾਇਨ-ਇਨ ਰੈਸਟੋਰੈਂਟ ਜਾਂ ਇੱਥੋਂ ਤੱਕ ਕਿ ਕਮਰੇ ਦੀ ਸੇਵਾ ਵਿੱਚ ਗਾਹਕ ਦੀ ਸੇਵਾ ਕਰਨ ਦਾ ਮੁਢਲਾ ਕੰਮ ਕਰਦੇ ਹਨ, ਮਾਲਕ, ਆਦਿ ਗੁਣ ਜੋ ਕਿਸੇ ਨੂੰ ਮੁਖਤਿਆਰ ਬਣਨ ਵਿੱਚ ਸਹਾਇਤਾ ਕਰਦੇ ਹਨ, ਵਿੱਚ ਸੰਚਾਰ ਦੇ ਵਧੀਆ ਹੁਨਰ, ਧੀਰਜ, ਵਿਹਾਰਕ ਪਰਸਪਰ ਹੁਨਰ ਅਤੇ ਵਾਧੂ ਘੰਟੇ ਕੰਮ ਕਰਨ ਦੀ ਇੱਛਾ ਸ਼ਾਮਲ ਹੁੰਦੀ ਹੈ।

*ਦਾਅਵਤ ਪ੍ਰਬੰਧਕ:* ਬੈਂਕੇਟ ਹਾਲ ਲਗਭਗ ਹਰ ਫੰਕਸ਼ਨ ਲਈ ਬੁੱਕ ਕੀਤੇ ਜਾਂਦੇ ਹਨ ਚਾਹੇ ਉਹ ਜਨਮਦਿਨ ਦੀ ਪਾਰਟੀ ਤੋਂ ਲੈ ਕੇ ਵਿਆਹ ਆਦਿ ਤੱਕ ਛੋਟਾ ਜਾਂ ਵੱਡਾ ਇਕੱਠ ਹੋਵੇ ਅਤੇ ਇੱਕ ਇਕੱਠ ਵਿੱਚ, ਸਾਰਿਆਂ ਦਾ



ਧਿਆਨ ਰੱਖਿਆ ਜਾਣਾ ਚਾਹੀਦਾ ਹੈ: ਭੋਜਨ, ਸੇਵਾਵਾਂ, ਕੇਟਰਿੰਗ, ਆਦਿ। ਇਹ ਦਾਅਵਤ ਪ੍ਰਬੰਧਕ ਦੀ ਨੌਕਰੀ ਨੂੰ ਬਹੁਤ ਜਿੰਮੇਵਾਰ ਬਣਾਉਂਦਾ ਹੈ ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਸਾਰੇ ਗਾਹਕਾਂ ਦੀ ਮੰਗ ਅਤੇ ਉਮੀਦ ਦੇ ਅਨੁਸਾਰ ਹਨ। ਇਹ ਦੁਬਾਰਾ ਨੌਕਰੀ ਦੇ ਸਭ ਤੋਂ ਵੱਧ ਲਾਭਦਾਇਕ ਮੌਕਿਆਂ ਵਿੱਚੋਂ ਇੱਕ ਹੈ ਅਤੇ ਇਸਲਈ ਇਹ ਗੁਣਵੱਤਾ ਦੇ ਗੁਣਾਂ ਦੀ ਮੰਗ ਕਰਦਾ ਹੈ ਜਿਵੇਂ ਕਿ ਸੰਚਾਰ ਦੇ ਵਧੀਆ ਹੁਨਰ, ਮਨੁੱਖ ਪ੍ਰਬੰਧਨ, ਸੰਗਠਨਾਤਮਕ ਹੁਨਰ, ਧਿਆਨ ਦੇਣ, ਸਮੱਸਿਆ ਦਾ ਨਿਪਟਾਰਾ, ਆਦਿ।

*ਰੈਸਟੋਰੈਂਟ ਅਤੇ ਫੂਡ ਸਰਵਿਸ ਮੈਨੇਜਰ:* ਇਹ ਉਹ ਪ੍ਰੋਫਾਈਲ ਹੈ ਜੋ ਹੋਟਲ ਪ੍ਰਬੰਧਕਾਂ ਦੇ ਬਰਾਬਰ ਹੈ। ਇਹ ਪੇਸ਼ੇਵਰ ਭੋਜਨ ਅਤੇ ਪੀਣ ਵਾਲੇ ਪਦਾਰਥਾਂ ਦੀ ਸੇਵਾ ਕਰਨ ਵਾਲੇ ਖੇਤਰਾਂ ਜਾਂ ਸੰਸਥਾਵਾਂ ਦੀਆਂ ਗਤੀਵਿਧੀਆਂ ਦੀ ਨਿਗਰਾਨੀ ਲਈ ਜ਼ੁੰਮੇਵਾਰ ਹਨ। ਉਹ ਫ੍ਰੈਂਚਾਇਜ਼ੀ ਦੇ ਪ੍ਰਬੰਧਕ ਹੋ ਸਕਦੇ ਹਨ, ਖਾਣ ਦੇ ਜੋੜ, ਰੈਸਟੋਰੈਂਟ, ਆਦਿ ਦੁਬਾਰਾ, ਇੱਕ ਰੈਸਟੋਰੈਂਟ ਅਤੇ ਫੂਡਸ ਸਰਵਿਸ ਮੈਨੇਜਰ ਬਣਨ ਲਈ, ਕਿਸੇ ਕੋਲ ਪ੍ਰਬੰਧਕੀ ਹੁਨਰ ਅਤੇ ਸ਼ਾਨਦਾਰ ਸੰਚਾਰ ਅਤੇ ਅਗਵਾਈ ਕਰਨ ਦੀ ਇੱਛਾ ਦੇ ਨਾਲ ਹੋਣਾ ਚਾਹੀਦਾ ਹੈ।

*ਉੱਦਮੀ:* ਇਸ ਡਿਗਰੀ ਨੂੰ ਪੂਰਾ ਕਰਨ ਤੋਂ ਬਾਅਦ ਉਮੀਦਵਾਰ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹਨ. ਉਹ ਆਪਣੇ ਹੋਟਲ, ਰੈਸਟੋਰੈਂਟ, ਖਾਣੇ ਦੇ ਜੋੜ ਆਦਿ ਸਥਾਪਤ ਕਰ ਸਕਦੇ ਹਨ ਪਰ ਹਾਂ, ਤੁਹਾਨੂੰ ਭਾਰਤ ਦੇ ਸਰਬੋਤਮ ਹੋਟਲ ਪ੍ਰਬੰਧਨ ਕਾਲਜਾਂ ਵਿੱਚੋਂ ਇੱਕ ਦਾ ਸਮਰਥਨ ਪ੍ਰਾਪਤ ਕਰਨ ਦੀ ਜ਼ਰੂਰਤ ਹੈ। ਸਰਬੋਤਮ ਕਾਲਜ ਉਨ੍ਹਾਂ ਲੋਕਾਂ ਨੂੰ ਉਚਿਤ ਸਹਾਇਤਾ ਦਿੰਦੇ ਹਨ ਜੋ ਸੰਭਾਵੀ ਵਿਚਾਰਾਂ ਨੂੰ ਵਿਕਸਤ ਕਰਨ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਇਸ ਖੇਤਰ ਵਿੱਚ ਨਵਾਂ ਉੱਦਮ ਸ਼ੁਰੂ ਕਰਨਾ ਚਾਹੁੰਦੇ ਹਨ।

*ਫਰੰਟ ਆਫਿਸ ਮੈਨੇਜਰ:* ਫਰੰਟ ਆਫਿਸ ਮੈਨੇਜਰ ਇੱਕ ਦਫਤਰੀ ਮਾਹੌਲ ਵਿੱਚ ਚੋਟੀ ਦੇ ਸੀਨੀਅਰ ਅਹੁਦੇ ਤੇ ਕੰਮ ਕਰਦਾ ਹੈ ਜੋ ਗਾਹਕਾਂ ਦੀਆਂ ਸਾਰੀਆਂ ਪੁੱਛਗਿੱਛਾਂ ਅਤੇ ਕਾਲਾਂ ਨੂੰ ਸੰਭਾਲਣ ਲਈ ਜ਼ੁੰਮੇਵਾਰ ਹੁੰਦਾ ਹੈ, ਇਹ ਸੁਨਿਸ਼ਚਿਤ ਕਰਦਾ ਹੈ ਕਿ ਗਾਹਕ ਦੀ ਦੇਖਭਾਲ ਕੀਤੀ ਜਾਂਦੀ ਹੈ ਅਤੇ ਖਾਤਿਆਂ ਦੇ ਨਾਲ ਉਸਦੀ ਜ਼ਰੂਰਤ ਅਨੁਸਾਰ ਰਿਹਾਇਸ਼ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਪੇਸ਼ੇਵਰ ਕਾਰਜ ਖੇਤਰ ਦੀ ਨਿਗਰਾਨੀ. ਜਿਹੜੇ ਲੋਕ ਫਰੰਟ ਆਫਿਸ ਮੈਨੇਜਰ ਬਣਨ ਦੀ ਇੱਛਾ ਰੱਖਦੇ ਹਨ, ਉਨ੍ਹਾਂ ਦੇ ਵਿੱਚ ਸ਼ਾਨਦਾਰ ਸੰਚਾਰ ਹੁਨਰ, ਪ੍ਰਬੰਧਕੀ ਹੁਨਰ ਅਤੇ ਚੰਗੇ ਲੀਡਰਸ਼ਿਪ ਗੁਣ ਹੋਣੇ ਚਾਹੀਦੇ ਹਨ।

*ਮੰਜ਼ਿਲ ਸੁਪਰਵਾਈਜ਼ਰ:* ਫਰਸ਼ ਸੁਪਰਵਾਈਜ਼ਰ ਪ੍ਰਾਹੁਣਚਾਰੀ ਉਦਯੋਗ ਵਿੱਚ ਕੰਮ ਕਰਦੇ ਹਨ ਤਾਂ ਜੋ ਸਰਪ੍ਰਸਤਾਂ ਨੂੰ ਇੱਕ ਸ਼ਾਨਦਾਰ ਅਨੁਭਵ ਪ੍ਰਦਾਨ ਕੀਤਾ ਜਾ ਸਕੇ। ਉਹ ਫਰੰਟ-ਐਂਡ ਕਾਰਜਾਂ ਦੀ ਨਿਗਰਾਨੀ ਅਤੇ ਦੇਖਭਾਲ ਕਰਦੇ ਹਨ ਜਿਵੇਂ ਕਿ ਉਦਘਾਟਨ ਅਤੇ ਸਮਾਪਤੀ ਕਾਰਜ ਕਰਨਾ, ਸਟਾਫ ਦਾ ਵਫਦ, ਆਦਿ. ਇਹ ਦੁਬਾਰਾ ਇੱਕ ਲਾਭਕਾਰੀ ਨੌਕਰੀ ਦੀ ਪ੍ਰੋਫਾਈਲ ਹੈ ਜਿਸ ਦੁਆਰਾ ਹੋਰ ਕਈ ਵਿਕਲਪ ਖੁੱਲ੍ਹਦੇ ਹਨ।

*ਹਾਊਸਕੀਪਿੰਗ ਸੁਪਰਵਾਈਜ਼ਰ:* ਹਾਊਸਕੀਪਿੰਗ ਸਟਾਫ ਤੁਹਾਡੀ ਰਿਹਾਇਸ਼ ਨੂੰ ਬਿਹਤਰ ਬਣਾਉਂਦਾ ਹੈ, ਜਿਵੇਂ ਸ਼ਾਬਦਿਕ ਤੌਰ ਤੇ ਬਿਹਤਰ. ਹਾਊਸਕੀਪਿੰਗ ਸਟਾਫ ਦੀ ਜ਼ੁੰਮੇਵਾਰੀ ਹੈ ਕਿ ਉਹ ਸਫਾਈ ਅਤੇ ਸੁਥਰਾਪਨ ਬਣਾਈ ਰੱਖੇ। ਹਾਊਸਕੀਪਿੰਗ ਸੁਪਰਵਾਈਜ਼ਰ ਪੂਰੇ ਹਾਊਸਕੀਪਿੰਗ ਸਟਾਫ 'ਤੇ ਨਜ਼ਰ ਰੱਖਦਾ ਹੈ। ਹਾਊਸਕੀਪਿੰਗ ਸੁਪਰਵਾਈਜ਼ਰ ਹੋਟਲਾਂ, ਹਸਪਤਾਲਾਂ, ਰਿਜ਼ੋਰਟਸ, ਦਫਤਰ ਦੀਆਂ ਇਮਾਰਤਾਂ ਆਦਿ ਵਿੱਚ ਕੰਮ ਕਰ ਸਕਦੇ ਹਨ।

*ਸਰਕਾਰੀ ਖੇਤਰ ਵਿੱਚ ਮੌਕੇ:* ਸਰਕਾਰੀ ਖੇਤਰ ਹੋਟਲ ਮੈਨੇਜਮੈਂਟ ਦੇ ਗ੍ਰੈਜੂਏਟਾਂ ਨੂੰ ਕਰੀਅਰ ਦੇ ਕਈ ਮੌਕੇ ਪ੍ਰਦਾਨ ਕਰਦਾ ਹੈ. ਉਹ ਵੱਖ -ਵੱਖ ਸਰਕਾਰੀ ਖੇਤਰਾਂ ਜਿਵੇਂ ਏਅਰਲਾਈਨਜ਼, ਇੰਡੀਅਨ ਰੇਲਵੇ, ਇੰਡੀਅਨ ਨੇਵੀ ਹਾਸਪਿਟੈਲਿਟੀ ਸਰਵਿਸਿਜ਼, ਸ਼ਿਪਿੰਗ ਅਤੇ ਕਰੂਜ਼ ਲਾਈਨਾਂ, ਸਟੇਟ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨਾਂ ਆਦਿ ਵਿੱਚ ਨੌਕਰੀਆਂ ਪ੍ਰਾਪਤ ਕਰ ਸਕਦੇ ਹਨ।

ਇਨ੍ਹਾਂ ਉਪਰੋਕਤ ਨੌਕਰੀਆਂ ਦੇ ਮੌਕਿਆਂ ਤੋਂ ਇਲਾਵਾ, ਵਿਦਿਆਰਥੀ ਅਕਾਦਮਿਕਤਾ ਵਿੱਚ ਵੀ ਸ਼ਾਮਲ ਹੋ ਸਕਦੇ ਹਨ ਜਾਂ ਇੱਥੋਂ ਤੱਕ ਕਿ ਇਸ ਅਨੁਸ਼ਾਸਨ ਵਿੱਚ ਅੱਗੇ ਦੀ ਪੜ੍ਹਾਈ ਲਈ ਵੀ ਜਾ ਸਕਦੇ ਹਨ। ਇਹ ਹੋਟਲ ਮੈਨੇਜਮੈਂਟ ਕੋਰਸ ਚੁਣਨ ਦੇ ਪੰਜ ਚੰਗੇ ਕਾਰਨਾਂ ਵਿੱਚੋਂ ਇੱਕ ਹੈ। ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ਼ ਲਾਂਡਰਾਂ ਇੱਕ ਅਜਿਹਾ ਕਾਲਜ ਹੈ ਜੋ ਆਪਣੇ ਅਕਾਦਮਿਕ ਪਾਠਕ੍ਰਮ ਦੇ ਅਧੀਨ ਹੋਟਲ ਮੈਨੇਜਮੈਂਟ ਦੇ ਕੋਰਸ ਪੇਸ਼ ਕਰਦਾ ਹੈ। ਹੋਟਲ ਮੈਨੇਜਮੈਂਟ ਪ੍ਰੋਗਰਾਮਾਂ ਦੀ ਇਕ ਹੀ ਛਤਰੀ ਹੇਠ ਹੁੰਦਾ ਹਨ।

*ਵਿਜੈ ਗਰਗ ਐਕਸਪੀਐਸ -1*
*ਸਿੱਖਿਆ ਸ਼ਾਸਤਰੀ*
*ਸੇਵਾ ਮੁਕਤ ਪ੍ਰਿੰਸੀਪਲ*
*ਮਲੋਟ*

# ਦਿੱਲੀ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀ ਚੋਣਾਂ 'ਤੇ ਇਕ ਨਜਰ!

ਦਿੱਲੀ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀਆਂ ਹਰ 4 ਸਾਲ ਬਾਅਦ ਹੋਣ ਵਾਲੀਆਂ ਆਮ ਚੋਣਾਂ ਕੋਵਿਡ-19 ਮਹਾਮਾਰੀ ਦੇ ਚਲਦੇ ਬਾਰ-ਬਾਰ ਮੁਲਤਵੀ ਹੋਣ ਤੋਂ ਬਾਅਦ ਆਖਿਰਕਾਰ ਬੀਤੇ 22 ਅਗਸਤ ਨੂੰ ਨੇਪਰੇ ਚੱੜ੍ਹ ਹੀ ਗਈਆ 'ਤੇ ਚੋਣ ਨਤੀਜੇ ਵੀ 25 ਅਗਸਤ ਨੂੰ ਸੰਗਤ ਦੇ ਸਾਮਣੇ ਆ ਗਏ। ਦਿੱਲੀ ਸਰਕਾਰ ਵਲੋਂ ਕੀਤੇ ਪੁਖਤਾ ਇੰਤਜਾਮਾਂ ਕਾਰਨ ਇਹ ਚੋਣਾਂ ਸੁਚੱਜੇ 'ਤੇ ਪਾਰਦਰਸ਼ੀ ਢੰਗ ਨਾਲ ਹੋਣ 'ਚ ਕਾਮਯਾਬ ਰਹੀਆਂ 'ਤੇ ਚੋਣਾਂ ਦੋਰਾਨ ਕਿਸੇ ਅਣਸੁਖਾਵੀ ਘਟਨਾ ਵਾਪਰਨ ਦੀ ਕੋਈ ਖਬਰ ਨਹੀ ਆਈ। ਮੋਜੂਦਾ ਚੋਣਾਂ ਦੇ ਨਤੀਜੇ ਕਾਫੀ ਹੈਰਾਨਕੁੰਨ ਰਹੇ ਹਨ, ਕਿਉਂਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਧੜ੍ਹੇ ਦੇ ਜੇਤੂ ਉਮੀਦਵਾਰਾਂ ਦੀ ਗਿਣਤੀ ਪਿਛਲੀਆਂ ਚੋਣਾਂ 'ਚ 37 ਤੋਂ ਘਟ ਕੇ ਹੁਣ 27 ਰਹਿ ਗਈ ਹੈ ਜਦਕਿ ਸ਼੍ਰੋਮਣੀ ਅਕਾਲੀ ਦਲ ਦਿੱਲੀ 'ਤੇ ਉਸ ਦੀ ਸਹਿਯੋਗੀ ਪਾਰਟੀਆਂ ਦੇ ਜੇਤੂ ਉਮੀਦਵਾਰਾਂ ਦੀ ਗਿਣਤੀ 7 ਤੋਂ ਵੱਧ ਕੇ 19 ਹੋ ਗਈ ਹੈ। ਹਾਲਾਂਕਿ ਸਾਲ 2017 ਦੀਆਂ ਚੋਣਾਂ 'ਚ 45 ਫੀਸਦੀ ਦੇ ਮੁਕਾਬਲੇ ਇਸ ਵਾਰ ਕੇਵਲ 37 ਫੀਸਦੀ ਸਿੱਖ ਵੋਟਰਾਂ ਨੇ ਹੀ ਆਪਣੇ ਵੋਟ ਹੱਕ ਦਾ ਇਸਤੇਮਾਲ ਕੀਤਾ ਹੈ ਜਿਸ 'ਚ ਬਾਦਲ ਧੜ੍ਹੇ ਨੂੰ ਸਾਲ 2017 'ਚ ਮਿਲੀਆਂ 46 ਫੀਸਦੀ ਵੋਟਾਂ ਦੇ ਮੁਕਾਬਲੇ ਇਸ ਵਾਰ ਘਟ ਕੇ ਤਕਰੀਬਨ 40 ਫੀਸਦੀ 'ਤੇ ਸਰਨਾ ਧੜ੍ਹੇ 'ਤੇ ਉਸ ਦੇ ਸਹਿਯੋਗੀ ਪਾਰਟੀਆਂ ਨੂੰ ਤਕਰੀਬਨ 44 ਫੀਸਦੀ ਵੋਟਾਂ ਹਾਸਿਲ ਹੋਈਆਂ ਹਨ। ਮੋਜੂਦਾ ਚੋਣਾਂ 'ਚ ਵੋਟਰਾਂ ਵਲੋਂ ਬੈਲਟ ਪੇਪਰਾਂ 'ਤੇ ਠੀਕ ਢੰਗ ਨਾਲ ਮੋਹਰ ਨਾ ਲਗਾਉਣ ਕਾਰਨ ਵੱਡੀ ਗਿਣਤੀ 'ਚ ਵੋਟਾਂ ਕੈਂਸਲ ਹੋਣ ਦੀਆਂ ਵੀ ਖਬਰਾਂ ਮਿਲੀਆਂ ਹਨ। ਇਹਨਾਂ ਚੋਣਾਂ 'ਚ ਕੁੱਝ ਮੋਹਰੀ ਆਗੂਆਂ ਦੀ ਹਾਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਜਿਸ 'ਚ ਦਿੱਲੀ ਕਮੇਟੀ ਦੇ ਮੋਜੂਦਾ ਪ੍ਰਧਾਨ 'ਤੇ ਅਕਾਲੀ ਦਲ ਦੇ ਰਾਸ਼ਟਰੀ ਬੁਲਾਰੇ ਮਨਜਿੰਦਰ ਸਿੰਘ ਸਿਰਸਾ ਮੁੱਖ ਤੋਰ ਤੇ ਸ਼ਾਮਿਲ ਹਨ, ਜਿਹਨਾਂ ਨੂੰ ਪੰਜਾਬੀ ਬਾਗ ਵਾਰਡ 'ਚ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਜਨਰਲ ਸਕੱਤਰ ਹਰਵਿੰਦਰ ਸਿੰਘ ਸਰਨਾ ਪਾਸੋਂ ਤਕਰੀਬਨ 500 ਵੋਟਾਂ ਦੇ ਵਖਵੇ ਨਾਲ ਸਿਕਸ਼ਤ ਮਿਲੀ ਹੈ। ਹਾਲਾਂਕਿ ਸ. ਸਿਰਸਾ ਨੂੰ ਦਿੱਲੀ ਗੁਰਦੁਆਰਾ ਕਮੇਟੀ 'ਚ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਂਇਦੇ ਵਜੋਂ ਨਾਮਜਦ ਕਰਨ ਸਬੰਧੀ ਪਤਰ ਵੀ ਜਾਰੀ ਹੋ ਗਿਆ ਦਸਿਆ ਜਾਂਦਾ ਹੈ, ਜਦਕਿ ਇਹ ਦਿੱਲੀ ਗੁਰੂਦੁਆਰਾ ਕਮੇਟੀ ਦੇ ਇਤਿਹਾਸ 'ਚ ਪਹਿਲੀ ਵਾਰ ਹੋਵੇਗਾ ਕਿ ਦਿੱਲੀ ਕਮੇਟੀ ਦੀ ਚੋਣਾਂ 'ਚ ਹਾਰੇ ਹੋਏ ਕਿਸੇ ਉਮੀਦਵਾਰ ਨੂੰ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਵਲੋਂ ਨਾਮਜਦ ਕੀਤਾ ਹੋਵੇ।

ਦਿੱਲੀ ਸਿੱਖ ਗੁਰੂਦੁਆਰਾ ਐਕਟ 1971 ਦੇ ਮੁਤਾਬਿਕ ਕਮੇਟੀ ਦੀਆਂ ਆਮ ਚੋਣਾਂ ਦੇ ਨਤੀਜੇ ਆਉਣ ਦੇ 15 ਦਿਨਾਂ ਦੇ ਅੰਦਰ ਅਰਥਾਤ 9 ਸਿਤੰਬਰ 2021 ਤਕ ਨਾਮਜਦਗੀ ਦੀ ਪ੍ਰਕਿਰਿਆ ਪੂਰੀ ਕਰਨੀ ਲਾਜਮੀ ਹੈ, ਜਿਸ 'ਚ ਹੋਰਨਾਂ ਤੋਂ ਇਲਾਵਾ ਦਿੱਲੀ ਦੇ ਸਿੱਖਾਂ ਦੇ 2 ਨੁਮਾਇੰਦਿਆਂ ਦੀ ਚੋਣ ਲਈ ਨਾਮਜਦਗੀ ਦਾਖਿਲ ਕਰਨ, ਨਾਮਜਦਗੀ ਪਤਰਾਂ ਦੀ ਪੜ੍ਹਤਾਲ 'ਤੇ ਨਾਮ ਵਾਪਿਸ ਲੈਣ ਦੀ ਪ੍ਰਕਿਰਿਆ ਵੀ ਸ਼ਾਮਿਲ ਹੈ। ਦਿੱਲੀ ਗੁਰੂਦੁਆਰਾ ਚੋਣ ਡਾਇਰੈਕਟਰ ਵਲੋਂ 46 ਚੁਣੇ ਹੋਏ ਮੈਂਬਰਾਂ ਦੀ ਮੀਟਿੰਗ ਸੱਦ ਕੇ 9 ਮੈਂਬਰ ਨਾਮਜਦ (ਕੋ-ਆਪਟ) ਕੀਤੇ ਜਾਣਗੇ, ਜਿਨ੍ਹਾਂ 'ਚ ਸਭ ਤੋ ਪਹਿਲਾਂ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅਮ੍ਰਿਤਸਰ ਦਾ ਇਕ ਨੁਮਾਇੰਦਾ 'ਤੇ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅਮ੍ਰਿਤਸਰ ਸਾਹਿਬ, ਤਖਤ ਸ੍ਰੀ ਕੇਸਗੜ੍ਹ ਸਾਹਿਬ ਅੰਨਦਪੁਰ ਸਾਹਿਬ, ਤਖਤ ਸ੍ਰੀ ਹਰਮੰਦਿਰ ਸਾਹਿਬ ਪਟਨਾ ਬਿਹਾਰ 'ਤੇ ਤਖਤ ਸ੍ਰੀ ਹਜੂਰ ਸਾਹਿਬ ਨਾਂਦੇੜ੍ਹ ਮਹਾਰਾਸ਼ਟਰਾ ਦੇ ਜੱਥੇਦਾਰ ਸਾਹਿਬਾਨ ਨੂੰ ਨਾਮਜਦ ਕੀਤਾ ਜਾਵੇਗਾ, ਹਾਲਾਂਕਿ ਇਹਨਾਂ ਜੱਥੇਦਾਰ ਸਾਹਿਬਾਨਾਂ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਹੁੰਦਾ ਹੈ। ਦੱਸਣਯੋਗ ਹੈ ਕਿ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਪੰਜਾਬ ਨੂੰ ਹਾਲ ਦੀ ਘੜ੍ਹੀ 'ਚ ਦਿੱਲੀ ਗੁਰੂਦੁਆਰਾ ਐਕਟ 'ਚ ਪੰਜਵੇਂ ਤਖਤ ਵਜੋਂ ਸ਼ਾਮਿਲ ਨਹੀ ਕੀਤਾ ਗਿਆ ਹੈ, ਜਦਕਿ ਇਹ ਤਖਤ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਲਾਗੂ 'ਸਿਖ ਗੁਰੂਦੁਆਰਾ ਐਕਟ 1925' 'ਚ ਸਿੱਖਾਂ ਦੇ ਪੰਜਵੇ ਤਖਤ ਵਜੌਂ ਪਹਿਲਾਂ ਤੋਂ ਸ਼ਾਮਿਲ ਹੈ। ਉਸ ਤੋਂ ਉਪਰੰਤ ਦਿੱਲੀ ਦੀਆਂ ਰਜਿਸਟਰਡ ਸਿੰਘ ਸਭਾ ਗੁਰੂਦੁਆਰਿਆਂ ਦੇ 2 ਪ੍ਰਧਾਨ ਲਾਟਰੀ ਰਾਹੀਂ ਚੁਣੇ ਜਾਣਗੇ 'ਤੇ ਅੰਤ 'ਚ ਦਿੱਲੀ ਦੇ 2 ਸਿੱਖ ਨੁਮਾਇੰਦੇ ਮੀਟਿੰਗ 'ਚ ਸ਼ਿਰਕਤ ਕਰ ਰਹੇ ਨਵੇਂ ਚੁਣੇ 46 ਮੈਂਬਰਾਂ ਵਲੋਂ ਵੋਟਾਂ ਰਾਹੀ ਚੁਣੇ ਜਾਣਗੇ। ਦਸੱਣਯੋਗ ਹੈ ਕਿ ਇਸ ਪ੍ਰਕਿਰਿਆ 'ਚ ਵੋਟ ਪਾਉਣ 'ਤੇ ਵੋਟਾਂ ਦੀ ਗਿਣਤੀ ਕੋਟਾ ਸਿਸਟਮ ਮੁਤਾਬਿਕ ਰਾਜ ਸਭਾ ਦੀਆਂ ਚੋਣਾਂ ਦੀ ਤਰਜ ਤੇ ਹੁੰਦੀ ਹੈ, ਜੋ ਆਮ ਚੋਣਾਂ 'ਤੋਂ ਬਿਲਕੁਲ ਵਖਰੀ ਹੈ।

ਦਿੱਲੀ ਗੁਰੂਦੁਆਰਾ ਐਕਟ 'ਤੇ ਨਿਯਮਾਂ ਦੇ ਮੁਤਾਬਿਕ ਨਾਮਜਦਗੀ ਪ੍ਰਕਿਆ ਪੂਰੀ ਹੋਣ ਤੋਂ 15 ਦਿਨਾਂ ਦੇ ਅੰਦਰ ਗੁਰੂਦੁਆਰਾ ਚੋਣ ਡਾਇਰੈਕਟਰ ਵਲੋ ਇਨ੍ਹਾਂ 55 ਮੈਂਬਰਾਂ ਦੀ ਪਹਿਲੀ ਮੀਟਿੰਗ ਬੁਲਾਈ ਜਾਵੇਗੀ, ਜਿਸ ਵਿਚ ਸਾਰੇ ਮੈਂਬਰਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ 'ਚ ਸੰਹੁ ਚੁਕਵਾਉਣ ਤੋਂ ਉਪਰੰਤ ਮੋਕੇ ਦਾ ਚੇਅਰਮੈਨ ਚੁਣਿਆ ਜਾਵੇਗਾ ਜੋ ਕਮੇਟੀ ਦੇ ਪ੍ਰਧਾਨ ਦੀ ਚੋਣ ਕਰਵਾਏਗਾ। ਇਸ ਤੋਂ ਉਪਰੰਤ ਨਵਾਂ ਚੁਣਿਆ ਪ੍ਰਧਾਨ ਹੀ ਕਮੇਟੀ ਦੇ ਬਾਕੀ ਅਹੁਦੇਦਾਰਾਂ ਅਰਥਾਤ ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸੱਕਤਰ 'ਤੇ ਸੰਯੁਕਤ ਸੱਕਤਰ ਤੋਂ ਇਲਾਵਾ ਕਾਰਜਕਾਰੀ ਬੋਰਡ ਦੇ 10 ਮੈਂਬਰਾਂ ਦੀ ਚੋਣ ਪ੍ਰਕਿਰਿਆ ਨੂੰ ਪੂਰਾ ਕਰੇਗਾ। ਜੇਕਰ ਕਿਸੇ ਅਹੁਦੇ ਲਈ ਇਕ ਤੋਂ ਵੱਧ ਉਮੀਦਵਾਰ ਖੜ੍ਹੇ ਹੁੰਦੇ ਹਨ ਤਾਂ ਇਸ ਸੂਰਤ 'ਚ ਬੈਲਟ ਪੇਪਰਾਂ ਰਾਹੀ ਚੋਣ ਕਰਵਾਈ ਜਾਵੇਗੀ। ਹਾਲਾਂਕਿ ਚੋਣ ਜਿਤਣ ਲਈ 26 ਵੋਟਾਂ ਦੀ ਲੋੜ੍ਹ ਹੋਵੇਗੀ, ਪਰੰਤੂ ਇਹ ਗਿਣਤੀ ਕੁੱਝ ਮੈਂਬਰਾਂ ਦੀ ਗੈਰ-ਹਾਜਰੀ ਕਾਰਨ ਘਟ ਵੀ ਸਕਦੀ ਹੈ। ਵੋਟਾਂ ਦੀ ਗਿਣਤੀ ਦੋਰਾਨ ਜੇਕਰ ਇਕ ਤੋਂ ਵੱਧ ਉਮੀਦਵਾਰਾਂ ਨੂੰ ਬਰਾਬਰ ਦੀਆਂ ਸਭ ਤੋਂ ਵੱਧ ਵੋਟਾਂ ਹਾਸਿਲ ਹੁੰਦੀਆ ਹਨ ਤਾਂ ਲਾਟਰੀ ਰਾਹੀ ਜੇਤੂ ਅਹੁਦੇਦਾਰ ਦਾ ਐਲਾਨ ਕੀਤਾ ਜਾਵੇਗਾ। ਇਸ ਪ੍ਰਕਾਰ ਸਿਤੰਬਰ 2021 ਦੇ ਅੰਤ ਤਕ ਨਵਾਂ ਕਾਰਜਕਾਰੀ ਬੋਰਡ ਮੋਜੂਦਾ ਕਮੇਟੀ ਤੋਂ ਚਾਰਜ ਲੈਕੇ ਕੰਮ ਕਰਨਾ ਸ਼ੁਰੂ ਕਰ ਦੇਵੇਗਾ, ਜਦਕਿ ਇਸ ਨਵੇਂ ਕਾਰਜਕਾਰੀ ਬੋਰਡ ਦੀ ਮਿਆਦ 2 ਸਾਲਾਂ ਦੀ ਹੋਵੇਗੀ। ਦਸੱਣਯੋਗ ਹੈ ਕਿ ਕੋ-ਆਪਸ਼ਨ ਅਰਥਾਤ ਨਾਮਜਦਗੀ ਦੀ ਪ੍ਰਕਿਆਂ ਜਾਂ ਕਾਰਜਕਾਰੀ ਬੋਰਡ ਦੀ ਚੋਣਾਂ ਦੇ ਦੋਰਾਨ ਹੋਏ ਕਿਸੇ ਵਿਵਾਦ ਦੇ ਨਿਬਟਾਰੇ ਲਈ ਸਬੰਧਿਤ ਧਿਰ ਵਲੋਂ ਗੁਰੂਦੁਆਰਾ ਚੋਣ ਡਾਇਰੈਕਟਰ ਦੇ ਦਫਤਰ 'ਚ 500 ਰੁਪਏ ਦੀ ਜਮਾਨਤ ਰਾਸ਼ੀ ਜਮਾਂ ਕਰਵਾਣ ਤੋਂ ਉਪਰੰਤ ਦਿੱਲੀ ਦੀ ਜਿਲਾ ਅਦਾਲਤ 'ਚ ਚੋਣ ਪਟੀਸ਼ਨ 15 ਦਿਨਾਂ ਦੇ ਅੰਦਰ ਦਾਖਿਲ ਕੀਤੀ ਜਾ ਸਕਦੀ ਹੈ।

*ਇੰਦਰ ਮੋਹਨ ਸਿੰਘ,*
*ਮੈਂਬਰ, ਦਿੱਲੀ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ*
*ਤੇ ਦਿੱਲੀ ਗੁਰੂਦੁਆਰਾ ਚੋਣਾਂ ਮਾਮਲੇ ਦੇ ਜਾਣਕਾਰ*
*ਮੋਬਾਇਲ: 9971564801*

## ਹਾਈ ਕੋਰਟ ਵੱਲੋਂ ਹੁਕਮ ਜਾਰੀ:

# ਹਰਿਆਣਾ, ਪੰਜਾਬ ਤੇ ਚੰਡੀਗੜ੍ਹ ਵਿਚਲੇ ਆਨਰ ਕਿਲਿੰਗ ਕੇਸ ਫਾਸਟ ਟਰੈਕ ਕੋਰਟਾਂ ਵਿੱਚ ਚੱਲਣਗੇ

* ਕੇਸਾਂ ਦੇ ਨਿਪਟਾਰੇ ਲਈ ਛੇ ਮਹੀਨੇ ਦਾ ਸਮਾਂ ਤੈਅ
* ਜਾਂਚ ਲਈ 60 ਤੋਂ 90 ਦਿਨਾਂ ਦੀ ਹੱਦ ਮਿੱਥੀ

ਚੰਡੀਗੜ੍ਹ, 2 ਸਤੰਬਰ (ਪੋਸਟ ਬਿਊਰੋ)- ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਦੇ ਸਾਰੇ ਸੈਸ਼ਨ ਜੱਜਾਂ, ਪੁਲਸ ਮੁਖੀਆਂ ਅਤੇ ਸਰਕਾਰਾਂ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਨਿਰਦੇਸ਼ ਦਿੱਤੇ ਹਨ ਕਿ ਉਹ ਆਨਰ ਕਿਲਿੰਗ ਕੇਸਾਂ ਦਾ ਨਿਬੇੜਾ ਛੇ ਮਹੀਨੇ ਵਿੱਚ ਯਕੀਨੀ ਕਰਨ। ਅਜਿਹੇ ਕੇਸਾਂ ਦੀ ਸੁਣਵਾਈ ਰੋਜ਼ਾਨਾ ਕੀਤੀ ਜਾਏ ਅਤੇ ਜੇ ਜ਼ਰੂਰੀ ਹੋਵੇ ਤਾਂ ਗਵਾਹਾਂ ਦੀ ਹਾਜ਼ਰੀ ਯਕੀਨੀ ਕਰਨ ਲਈ ਸਖਤ ਤਰੀਕੇ ਵਰਤੇ ਜਾ ਸਕਦੇ ਹਨ। ਕੋਰਟ ਨੇ ਕੇਸਾਂ ਦੀ ਜਾਂਚ ਪੂਰੀ ਕਰਨ ਲਈ ਵੀ 60 ਤੋਂ ਨੱਬੇ ਦਿਨ ਦੀ ਇੱਕ ਹੋਰ ਸਮਾਂ ਹੱਦ ਤੈਅ ਕਰਨ ਨੂੰ ਕਿਹਾ ਹੈ।

ਜਸਟਿਸ ਏ ਕੇ ਤਿਆਗੀ ਨੇ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਦੇ ਸਾਰੇ ਸੈਸ਼ਨ ਜੱਜਾਂ ਨੂੰ ਇਹ ਯਕੀਨੀ ਕਰਨ ਦਾ ਹੁਕਮ ਦਿੱਤਾ ਹੈ ਕਿ ਆਨਰ ਕਿਲਿੰਗ ਦੇ ਕੇਸਾਂ ਨੂੰ ਅਦਾਲਤ, ਫਾਸਟ ਟਰੈਕ ਕੋਰਟ ਤੇ ਇੱਕ ਖੇਤਰੀ ਅਧਿਕਾਰ ਅਦਾਲਤ ਨੂੰ ਸੌਂਪਿਆ ਜਾਏ। ਇਨ੍ਹਾਂ ਅਦਾਲਤਾਂ ਨੂੰ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਛੇ ਮਹੀਨੇ ਵਿੱਚ ਕੇਸਾਂ ਦਾ ਜਲਦੀ ਨਿਬੇੜਾ ਯਕੀਨੀ ਕਰਨ ਦਾ ਹੁਕਮ ਦਿੱਤਾ ਗਿਆ ਸੀ। ਹਾਈ ਕੋਰਟ ਨੇ ਕੱਲ੍ਹ ਇਹ ਹੁਕਮ ਫਤਿਹਾਬਾਦ ਵਿੱਚ ਆਨਰ ਕਿਲਿੰਗ ਦੇ ਇੱਕ ਦੋਸ਼ੀ ਦੀ ਜ਼ਮਾਨਤ ਦੀ ਮੰਗ ਬਾਰੇ




ਸੁਣਵਾਈ ਕਰਦੇ ਹੋਏ ਜਾਰੀ ਕੀਤੇ। ਕੋਰਟ ਨੇ ਸਪੱਸ਼ਟ ਕੀਤਾ ਹੈ ਕਿ ਇਹ ਹੁਕਮ ਵਿਚਾਰ ਅਧੀਨ ਕੇਸਾਂ ਉੱਤੇ ਵੀ ਲਾਗੂ ਹੋਵੇਗਾ। ਜੇ ਕਿਸੇ ਕੇਸ ਦਾ ਛੇ ਮਹੀਨੇ ਵਿੱਚ ਨਿਬੇੜਾ ਨਹੀਂ ਹੁੰਦਾ ਤਾਂ ਉਸ ਕੇਸ ਦੀ ਜਾਂਚ ਰਿਪੋਰਟ ਦੇ ਕੇ ਸਮਾਂ ਹੱਦ ਵਧਾਈ ਜਾ ਸਕਦੀ ਹੈ। ਹਰਿਆਣਾ, ਪੰਜਾਬ ਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਸੂਬਾ ਪੱਧਰ ਉੱਤੇਹੋਮ ਸੈਕਟਰੀ, ਖਜ਼ਾਨਾ ਸੈਕਟਰੀ, ਐਡੀਸ਼ਨਲ ਡੀ ਜੀ ਪੀ ਅਤੇ ਕਾਨੂੰਨੀ ਸੇਵਾ ਅਥਾਰਟੀਆਂ ਦੇ ਮੈਂਬਰ ਸੈਕਟਰੀ ਦੀ ਇੱਕ ਮਹੀਨੇ ਉੱਤੇ ਆਧਾਰਤ ਇੱਕ ਕਮੇਟੀ ਇੱਕ ਮਹੀਨੇ ਦੇ ਅੰਦਰ ਕਾਇਮ ਕਰਨ ਨੂੰ ਕਿਹਾ ਗਿਆ ਹੈ। ਇਹ ਕਮੇਟੀਆਂ ਤਿੰਨ ਮਹੀਨੇ ਦੇ ਅੰਦਰ ਇਸ ਵਿਸ਼ੇ ਉੱਤੇ ਆਪਣੀਆਂ ਸਿਫਾਰਸ਼ਾਂ ਦੇਣਗੀਆਂ। ਕਮੇਟੀ ਆਪਣੀ ਰਿਪੋਰਟ ਪੇਸ਼ ਕਰਨ ਤੋਂ ਪਹਿਲਾਂ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਹੁਕਮਾਂ ਦੀ ਪਾਲਣਾ ਦੇ ਸਬੰਧ ਵਿੱਚ ਸਾਰੇ ਪ੍ਰਾਸੰਗਿਕ ਕੇਸਾਂ ਦੀ ਜਾਂਚ ਕਰੇਗੀ। ਇਸੇ ਰਿਪੋਰਟ ਦੇ ਆਧਾਰ ਉੱਤੇ ਸਰਕਾਰ ਨੀਤੀ ਆਧਾਰਤ ਕਾਰਵਾਈ ਕਰੇਗੀ।

# ਰਾਜੇਵਾਲ ਨੇ ਕਿਹਾ: ਸਿਰਫ ਭਾਜਪਾ ਦਾ ਘਿਰਾਓ ਕਰੋ ਤੇ ਬਾਕੀਆਂ ਨੂੰ ਸਿਰਫ ਸਵਾਲ ਪੁੱਛੋ

ਪਟਿਆਲਾ, 2 ਸਤੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਵਿਰੋਧੀ ਕਾਨੂੰਨਾਂ ਬਾਰੇ ਕੇਂਦਰ ਦੀ ਸੱਤਾ ਉੱਤੇ ਕਾਬਜ਼ ਭਾਰਤੀ ਜਨਤਾ ਪਾਰਟੀ ਨੂੰ ਲੰਬੇ ਹੱਥੀਂ ਲੈਂਦਿਆਂ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਹੈ ਕਿ ਦੇਸ਼ ਦੀ ਸੱਤਾ ਉੱਤੇ ਕਾਬਜ਼ ਭਾਜਪਾ ਨੂੰ ਇਸ ਦਾ ਖਮਿਆਜ਼ਾ ਜ਼ਰੂਰ ਭੁਗਤਣਾ ਪਵੇਗਾ। ਉਹ ਕੱਲ੍ਹ ਪੰਜਾਬੀ ਯੂਨੀਵਰਸਿਟੀ ਵਿੱਚ ਪੁੱਜਣ ਉੱਤੇ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਇਸ ਮੌਕੇ ਰਾਜੇਵਾਲ ਨੇ ਕਿਹਾ, ‘‘ਲੋਕਾਂ ਨੂੰ ਉਜਾੜਨ ਵਿੱਚ ਭਾਜਪਾ ਕੋਈ ਕਸਰ ਨਹੀਂ ਛੱਡ ਰਹੀ, ਜਿਸ ਕਰ ਕੇ ਕਿਸਾਨ ਮੋਰਚੇ ਨੇ ਭਾਜਪਾ ਆਗੂਆਂ ਦੇ ਘਿਰਾਓ ਦਾ ਪ੍ਰੋਗਰਾਮ ਉਲੀਕਿਆ ਹੈ। ਲੋਕ ਭਾਜਪਾ ਆਗੂਆਂ ਨੂੰ ਪਿੰਡਾਂ ਵਿੱਚ ਨਾ ਵੜਨ ਦੇਣ ਤੇ ਉਨ੍ਹਾਂ ਦਾ ਘਿਰਾਓ ਕਰਨ, ਪਰ ਕਿਉਂਕਿ ਅਸੀਂ ਪੰਜਾਬ ਦੇ ਸਪੂਤ ਹਾਂ, ਇਸ ਕਰ ਕੇ ਮਰਿਆਦਾ ਦਾ ਪਾਲਣ ਵੀ ਜ਼ਰੂਰ ਕੀਤਾ ਜਾਵੇ। ਬਾਕੀ ਸਭ



ਸਿਆਸੀ ਪਾਰਟੀਆਂ ਦੇ ਆਗੂਆਂ ਤੋਂ ਲੋਕ ਆਪਣੇ ਪੱਧਰ ਉੱਤੇ ਸਵਾਲ ਪੁੱਛ ਰਹੇ ਹਨ, ਇਸ ਕਰ ਕੇ ਮੋਰਚਾ ਵੀ ਇਸ ਹੱਕ ਵਿੱਚ ਹੈ ਕਿ ਭਾਜਪਾ ਤੋਂ ਇਲਾਵਾ ਬਾਕੀ ਸਿਆਸੀ ਪਾਰਟੀਆਂ ਦੇ ਆਗੂਆਂ ਕੋਲੋਂ ਖੇਤੀ ਕਾਨੂੰਨਾਂ ਸਮੇਤ ਵਿਕਾਸ, ਕਾਰਗੁਜ਼ਾਰੀ ਤੇ ਲੋਕ ਮਸਲਿਆਂ ਦੇ ਹੱਲ ਤੇ ਨਿਪਟਾਰੇ ਸਬੰਧੀ ਸਵਾਲ ਜ਼ਰੂਰ ਪੁੱਛੇ ਜਾਣ। ਸਮੁੱਚੀ ਦੁਨੀਆ ਦੀ ਨਜ਼ਰ ਸਾਡੇ ਉੱਤੇ ਟਿਕੀ ਹੋਈ ਹੈ। ਇਹ ਪ੍ਰਕਿਰਿਆ ਸ਼ਾਂਤਮਈ ਚਾਹੀਦੀ ਹੈ। ਦੋਗਲੀ ਕਿਸਮ ਦੇ ਸਿਆਸੀ ਆਗੂਆਂ ਨੂੰ ਲੋਕ ਸਵਾਲਾਂ ਰਾਹੀਂ ਸ਼ਰਮਸਾਰ ਕਰ ਸਕਦੇ ਹਨ।''

ਰਾਜੇਵਾਲ ਨੇ ਸੂਬੇ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਉੱਤੇ ਕਿਸਾਨ ਸੰਘਰਸ਼ ਨੂੰ ਤਾਰਪੀਡੋ ਕਰਨ ਦੇ ਯਤਨ ਕਰਨ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਆਮ ਕਰ ਕੇ ਚੋਣਾਂ ਤੋਂ ਦੋ ਮਹੀਨੇ ਪਹਿਲਾਂ ਚੋਣ ਸਰਗਰਮੀਆਂ ਸ਼ੁਰੂ ਹੁੰਦੀਆਂ ਹਨ, ਪਰ ਐਤਕੀਂ ਸੋਚੀ-ਸਮਝੀ ਸਾਜ਼ਿਸ਼ ਤਹਿਤ ਸਾਰੀਆਂ ਧਿਰਾਂ ਨੇ ਅਗਾਊਂ ਚੋਣ ਪ੍ਰੋਗਰਾਮ ਆਰੰਭ ਦਿੱਤੇ ਹਨ। ਉਨ੍ਹਾਂ ਅਜਿਹੀ ਕਾਰਵਾਈ ਨੂੰ ਕਿਸਾਨ ਮੋਰਚੇ ਤੋਂ ਲੋਕਾਂ ਦਾ ਧਿਆਨ ਲਾਂਭੇ ਕਰਨ ਦੇ ਯਤਨ ਦੱਸਿਆ ਅਤੇ ਸਪੱਸ਼ਟ ਕਿਹਾ ਕਿ ਅਗਾਊਂ ਚੋਣ ਸਰਗਰਮੀਆਂ ਆਰੰਭਣ ਵਾਲੀਆਂ ਸਿਆਸੀ ਧਿਰਾਂ ਮੋਰਚੇ ਨੂੰ ਸਫਲ ਹੁੰਦਾ ਨਹੀਂ ਦੇਖ ਸਕਦੀਆਂ। ਕਿਸਾਨ ਮੋਰਚੇ ਦੇ ਚੋਣ ਮੈਦਾਨ ਵਿੱਚ ਕੁੱਦਣ ਬਾਰੇ ਉਨ੍ਹਾ ਕਿਹਾ ਕਿ ਮੋਰਚੇ ਦੀ ਪਹਿਲ ਖੇਤੀ ਵਿਰੋਧੀ ਕਾਨੂੰਨ ਰੱਦ ਕਰਵਾਉਣ ਦੀ ਹੈ, ਬਾਕੀ ਸਾਰੇ ਮਸਲੇ ਉਸ ਤੋਂ ਬਾਅਦ ਵਿਚਾਰੇ ਜਾਣਗੇ। ਇਸ ਮੌਕੇ ਮੋਰਚੇ ਦੇ ਪ੍ਰਮੁੱਖ ਆਗੂ ਵੀ ਮੌਜੂਦ ਸਨ।

# ਪੰਜ ਪਿਆਰਿਆਂ ਵਾਲੇ ਬਿਆਨ ਉੱਤੇ ਕਾਂਗਰਸ ਦੇ ਇੰਚਾਰਜ ਰਾਵਤ ਨੇ ਮੁਆਫ਼ੀ ਮੰਗੀ

ਚੰਡੀਗੜ੍ਹ, 2 ਸਤੰਬਰ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਚਾਰ ਵਰਕਿੰਗ ਪ੍ਰਧਾਨਾਂ ਦੀ ਤੁਲਨਾ ਪੰਜ ਪਿਆਰਿਆਂ ਨਾਲ ਕਰਨ ਦਾ ਵਿਵਾਦ ਭਖ ਜਾਣ ਪਿੱਛੋਂ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਤ ਨੇ ਆਪਣੇ ਬਿਆਨਦੀ ਮੁਆਫ਼ੀ ਮੰਗ ਲਈ ਅਤੇ ਕਿਹਾ ਹੈ ਕਿ ਉਹ ਇਸ ਵਿਵਾਦਿਤ ਬਿਆਨ ਬਾਰੇ ਉਤਰਾਖੰਡ ਦੇ ਕਿਸੇ ਗੁਰਦੁਆਰਾ ਸਾਹਿਬ ਵਿੱਚ ਜਾ ਕੇ ਝਾੜੂ ਲਾ ਕੇ ਸਫ਼ਾਈ ਕਰਨਗੇ।

ਹਰੀਸ਼ ਰਾਵਤ ਨੇ ਆਪਣੇ ਬਿਆਨ ਉੱਤੇ ਦੁੱਖ ਪ੍ਰਗਟ ਕਰਦਿਆਂ ਸੋਸ਼ਲ ਮੀਡੀਆ ਉੱਤੇ ਇੱਕ ਮੁਆਫ਼ੀਨਾਮਾ ਸ਼ੇਅਰ ਕਰ ਕੇ ਲਿਖਿਆ ਕਿ ‘ਕਦੇ-ਕਦੇ ਤੁਸੀਂ ਆਦਰ ਪੇਸ਼ ਕਰਦੇ ਹੋਏ ਅਜਿਹੇ ਸ਼ਬਦਾਂ ਦੀ ਵਰਤੋਂ ਕਰ ਦਿੰਦੇ ਹੋ, ਜੋ ਇਤਰਾਜ਼ਯੋਗ ਹੁੰਦੇ ਹਨ। ਮੇਰੇ ਤੋਂ ਵੀ ਕੱਲ੍ਹ ਆਪਣੇ ਪੰਜਾਬ ਕਾਂਗਰਸ



ਪ੍ਰਧਾਨ ਅਤੇ ਚਾਰ ਕਾਰਜਕਾਰੀ ਪ੍ਰਧਾਨਾਂ ਲਈ ਪੰਜ ਪਿਆਰੇ ਸ਼ਬਦ ਦੀ ਵਰਤੋਂ ਕਰਨ ਦੀ ਗਲਤੀ ਹੋਈ ਹੈ। ਪੰਜ ਪਿਆਰਿਆਂ ਦੀ ਕਿਸੇ ਵੀ ਹੋਰ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਮੇਰੇ ਤੋਂ ਇਹ ਗਲਤੀ ਹੋਈ ਹੈ, ਮੈਂ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪੁਚਾਉਣ ਲਈ ਖਿਮਾ ਦਾ ਜਾਚਕ ਹਾਂ।ਮੈਂ ਪਛਤਾਵੇ ਵਜੋਂ ਆਪਣੇ ਸੂਬੇ ਦੇ ਕਿਸੇ ਗੁਰਦੁਆਰਾ ਸਾਹਿਬ ਵਿੱਚ ਕੁਝ ਦੇਰ ਝਾੜੂ ਲਾ ਕੇ ਸਫ਼ਾਈ ਕਰਾਂਗਾ। ਮੈਂ ਸਿੱਖ ਧਰਮ ਤੇ ਉਸਦੀਆਂ ਮਹਾਨ ਪ੍ਰੰਪਰਾਵਾਂ ਦੇ ਪ੍ਰਤੀ ਹਮੇਸ਼ਾ ਸਮਰਪਿਤ ਭਾਵ ਅਤੇ ਇੱਜ਼ਤ ਭਾਵ ਰੱਖਦਾ ਰਿਹਾ ਹਾਂ। ਮੈਂ ਚੰਪਾਵਤ ਜ਼ਿਲ੍ਹੇ ਵਿੱਚ ਸ੍ਰੀ ਰੀਠਾ ਸਾਹਿਬ ਦੇ ਮਿੱਠੇ-ਰੀਠੇ, ਦੇਸ਼ ਦੇ ਰਾਸ਼ਟਰਪਤੀ ਸਣੇ ਪਤਾ ਨਹੀਂ ਕਿੰਨੇ ਲੋਕਾਂ ਨੂੰ ਪ੍ਰਸਾਦ ਵਜੋਂ ਪੁਚਾਉਣ ਦਾ ਕੰਮ ਕੀਤਾ ਹੈ। ਜਦੋਂ ਮੁੱਖ ਮੰਤਰੀ ਬਣਿਆ ਤਾਂ ਸ੍ਰੀ ਨਾਨਕਮੱਤਾ ਸਾਹਿਬ ਤੇ ਰੀਠਾ ਸਾਹਿਬ, ਜਿੱਥੇ ਦੋਵੇਂ ਸਥਾਨਾਂ ਉੱਤੇ ਸ੍ਰੀ ਗੁਰੂ ਨਾਨਕ ਦੇਵ ਜੀ ਆਏ ਸਨ, ਨੂੰ ਸੜਕ ਨਾਲ ਜੋੜਨ ਦਾ ਕੰਮ ਕੀਤਾ ਸੀ। ਹਿਮਾਲੀਅਨ ਸੁਨਾਮੀ ਦੇ ਵਕਤ ਹੇਮਕੁੰਟ ਸਾਹਿਬ ਯਾਤਰਾ ਸੁਚਾਰੂ ਰੂਪ ਨਾਲ ਚਲਾਉਣ ਲਈ ਮੇਰੇ ਕਾਰਜਕਾਲ ਵਿੱਚ ਹੋਏ ਕੰਮ ਨੂੰ ਅੱਜ ਵੀ ਵੇਖਿਆ ਜਾ ਸਕਦਾ ਹੈ। ਸਮਾਂ ਕੁਝ ਹੋਰ ਮਿਲ ਜਾਂਦਾ ਤਾਂ ਘੰਗਰਿਆ ਤੋਂ ਹੇਮਕੁੰਟ ਸਾਹਿਬ ਦੇ ਰਸਤੇ ਤਕ ਰੋਪਵੇਅ ਬਣਾਉਣਾ ਵੀ ਆਰੰਭ ਕਰ ਦੇਂਦਾ। ਮੈਂ ਮੁੜ ਸਨਮਾਨ ਸੂਚਕ ਸ਼ਬਦ ਦੀ ਵਰਤੋਂ ਕਰਨ ਲਈ ਆਪਣੇ ਸ਼ਬਦ ਲਈ ਸਭ ਤੋਂ ਮੁਆਫ਼ੀ ਚਾਹੁੰਦਾ ਹਾਂ।’

## ਗੁਰਦਾਸ ਮਾਨ ਦੀ ਅਗੇਤੀ ਜ਼ਮਾਨਤ ਉਤੇ ਸੁਣਵਾਈ 7 ਨੂੰ

ਜਲੰਧਰ, 2 ਸਤੰਬਰ (ਪੋਸਟ ਬਿਊਰੋ)- ਜੁਡੀਸ਼ੀਅਲ ਮੈਜਿਸਟਰੇਟ ਮਨਜਿੰਦਰ ਸਿੰਘ ਦੀ ਕੋਰਟ ਵਿੱਚ ਪੰਜਾਬੀ ਗਾਇਕ ਗੁਰਦਾਸ ਮਾਨ ਨੇ ਅਗੇਤੀ ਜ਼ਮਾਨਤ ਦੀ ਅਰਜ਼ੀ ਦਿੱਤੀ ਹੈ। ਕੋਰਟ ਵਿੱਚ ਪੁਲਸ ਨੇ ਨੋਟਿਸ ਜਾਰੀ ਕਰ ਕੇ ਕੇਸ ਫਾਈਲ ਮੰਗੀ ਹੈ ਅਤੇ7 ਸਤੰਬਰ ਨੂੰ ਜ਼ਮਾਨਤ ਦੀ ਇਸ ਅਰਜ਼ੀ ਉੱਤੇ ਬਹਿਸ ਹੋਵੇਗੀ।

ਵਰਨਣ ਯੋਗ ਹੈ ਕਿ ਥਾਣਾ ਸਿਟੀ ਨਕੋਦਰ ਵਿੱਚ 26 ਅਗਸਤ ਨੂੰ ਗਾਇਕ ਗੁਰਦਾਸ ਮਾਨ ਦੇ ਖਿਲਾਫ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਕੇਸ ਦਰਜ ਕੀਤਾ ਗਿਆ ਸੀ। ਸਿੱਖ ਜਥੇਬੰਦੀਆਂ ਨੇ ਦੋਸ਼ ਲਾਇਆ ਸੀ ਕਿ ਗੁਰਦਾਸ ਮਾਨ ਨੇ ਲਾਡੀ ਸਾਈਂ ਨੂੰ ਗੁਰੂ ਅਮਰਦਾਸ ਜੀ ਦਾ ਵੰਸ਼ਜ਼ ਦੱਸ ਕੇ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਲਾਈ ਹੈ।

# ਕਿਸਾਨ ਆਗੂ ਰੁਲਦੂ ਸਿੰਘ ਨੂੰ ਵੀ ਪੁਲਸ ਸੁਰੱਖਿਆ ਮਿਲੀ



ਮਾਨਸਾ, 2 ਸਤੰਬਰ (ਪੋਸਟ ਬਿਊਰੋ)- ਪੰਜਾਬ ਕਿਸਾਨ ਯੂਨੀਅਨ ਦੇ ਪ੍ਰਧਾਨ ਰੁਲਦੂ ਸਿੰਘ ਮਾਨਸਾ ਨੂੰ ਪੰਜਾਬ ਪੁਲਸ ਨੇ ਸੁਰੱਖਿਆ ਮੁਲਾਜ਼ਮ ਦੇ ਦਿੱਤੇ ਹਨ। ਉਹ ਕੱਲ੍ਹ ਆਪਣੀਆਂ ਸਰਗਰਮੀਆਂ ਦੌਰਾਨ ਪੰਜਾਬ ਪੁਲਸ ਦੇ ਜਵਾਨਾਂ ਨਾਲ ਨਜ਼ਰ ਆਏ। ਰੁਲਦੂ ਸਿੰਘ ਨੇ ਦੱਸਿਆ ਕਿ ਜਥੇਬੰਦੀ ਦੇ ਆਗੂਆਂ ਦੀ ਸਲਾਹ ਨਾਲ ਹੀ ਉਨ੍ਹਾਂ ਨੇ ਗੰਨਮੈਨ ਲਏ ਹਨ।

ਭਾਰਤ ਸਰਕਾਰ ਦੇ ਖੇਤੀ ਕਾਨੂੰਨਾਂ ਖਿਲਾਫ ਸੂਬੇ ਵਿੱਚ ਵਿੱਢੇ ਸੰਘਰਸ਼ ਪਿੱਛੋਂ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਜਥੇਬੰਦੀ ਦੇ ਪ੍ਰਧਾਨ ਨੂੰ ਪੰਜਾਬ ਪੁਲਸ ਨੇ ਸੁਰੱਖਿਆ ਦਿੱਤੀ ਹੈ। ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਰੁਲਦੂ ਸਿੰਘ ਵੱਲੋਂ ਦਿੱਲੀ ਦੀ ਇੱਕ ਕਿਸਾਨ ਕਾਨਫਰੰਸ ਵਿੱਚ ਕੀਤੀ ਤਕਰੀਰ ਪਿੱਛੋਂ ਕੁਝ ਗਰਮ ਸੋਚ ਵਾਲੇ ਲੋਕਾਂ ਨੇ ਸੋਸ਼ਲ ਮੀਡੀਆ ਉੱਤੇ ਉਨ੍ਹਾਂ ਨੂੰ ਸਬਕ ਸਿਖਾਉਣ ਦੀਆਂ ਗੱਲਾਂ ਕਹੀਆਂ ਸਨ। ਫਿਰਰੁਲਦੂ ਸਿੰਘ ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ ਦੋ ਹਫਤਿਆਂ ਲਈ ਸਸਪੈਂਡ ਕਰ ਦਿੱਤਾ ਸੀ। ਦੋ ਹਫਤੇ ਬੀਤਣ ਉੱਤੇ ਰੁਲਦੂ ਸਿੰਘ ਨੇ ਕਿਹਾ ਕਿ ਜਥੇਬੰਦੀ ਦੇ ਆਗੂਆਂ ਦੀ ਸਲਾਹ ਤੋਂ ਬਾਅਦ ਉਨ੍ਹਾਂ ਨੇ ਮਾਨਸਾ ਪੁਲਸ ਤੋਂ ਦੋ ਗੰਨਮੈਨ ਲਏ ਹਨ।

# ਬਠਿੰਡੇ ’ਚ ਸਰਕਾਰੀ ਗੱਡੀਆਂ ਨੂੰ ਵਰਤਣ ਉਤੇ ਪਾਕਿਸਤਾਨੀ ਕਾਨੂੰਨ ਲਾਗੂ ਹੁੰਦੇ ਨੇ!

ਬਠਿੰਡਾ, 2 ਸਤੰਬਰ (ਪੋਸਟ ਬਿਊਰੋ)- ਬਠਿੰਡਾ ਵਿੱਚ ਅਧਿਕਾਰੀਆਂ ਕੋਲ ਜੋ ਗੱਡੀਆਂ ਹਨ, ਉਨ੍ਹਾਂ ਉੱਤੇ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਕਾਨੂੰਨ ਲਾਗੂ ਹੁੰਦੇ ਹਨ। ਇਹ ਗੱਲ ਸੁਣਨ ਵਿੱਚ ਥੋੜ੍ਹੀ ਅਜੀਬ ਲੱਗਦੀ ਹੈ, ਪਰ ਡਿਪਟੀ ਕਮਿਸ਼ਨਰ ਦਫਤਰ ਦੇ ਮੁਲਾਜ਼ਮ ਸ਼ਾਇਦ ਇਹੀ ਮੰਨਦੇ ਹੋ ਸਕਦੇ ਹਨ। ਮਿਲੀ ਜਾਣਕਾਰੀ ਅਨੁਸਾਰ ਜ਼ਿਲਾ ਬਠਿੰਡਾ ਦੇ ਪਿੰਡ ਘੁੱਦਾ ਦੇ ਸੁਪਰੀਮ ਕੋਰਟ ਦੇ ਵਕੀਲ ਗੁਰਲਾਭ ਸਿੰਘ ਨੇ ਜਦ ਪ੍ਰਸ਼ਾਸਨ ਤੋਂ ਆਰ ਟੀ ਆਈ (ਸੂਚਨਾ ਅਧਿਕਾਰ ਐਕਟ) ਦੇ ਤਹਿਤ ਜਾਣਕਾਰੀ ਮੰਗੀ ਤਾਂ ਉਨ੍ਹਾਂ ਨੂੰ ਪਾਕਿਸਤਾਨੀ ਪੰਜਾਬ ਦੇ ਨਿਯਮ ਫੜਾ ਦਿੱਤੇ ਗਏ। ਅਸਲ ਵਿੱਚ ਵਕੀਲ ਗੁਰਲਾਭ ਸਿੰਘ ਨੇ ਪੁੱਛਿਆ ਸੀ ਕਿ ਜ਼ਿਲ੍ਹੇ ਵਿੱਚ ਸਰਕਾਰੀ ਗੱਡੀਆਂ ਦੀ ਵਰਤੋਂ ਉੱਤੇ ਕਿਹੜੇ ਨਿਯਮ ਲਾਗੂ ਹੁੰਦੇ ਹਨ? ਇਸ ਪਿੱਛੋਂ ਡਿਪਟੀ ਕਮਿਸ਼ਨਰ ਦਫਤਰ ਦੇ ਮੁਲਾਜ਼ਮਾਂ ਨੇ ਜਾਣਕਾਰੀ ਦੇਣ ਲਈ ਇੰਟਰਨੈਟ ਉੱਤੇ ਸਰਚ ਕੀਤਾ ਅਤੇ ਜੋ ਨਿਯਮ ਸਾਹਮਣੇ ਆਏ, ਆਰ ਟੀ ਆਈ ਨਾਲ ਜੋੜ ਕੇ ਫੜਾ ਦਿੱਤੇ। ਇਸ ਨੂੰ ਜਦ ਗੁਰਲਾਭ ਸਿੰਘ ਨੇ ਪੜ੍ਹਿਆ ਤਾਂ ਉਹ ਹੈਰਾਨ ਹੋ ਗਏ। ਮੁਲਾਜ਼ਮਾਂ ਵੱਲੋਂ ਡੀ ਸੀ ਬਠਿੰਡਾ, ਏ ਡੀ ਸੀ ਬਠਿੰਡਾ ਅਤੇ ਸਹਾਇਕ ਕਮਿਸ਼ਨਰ ਦੇ ਕੋਲ ਚੱਲਣ ਵਾਲੀਆਂ ਗੱਡੀਆਂ ਦੀ ਜਾਣਕਾਰੀ ਉਨ੍ਹਾਂ ਦੇ ਨੰਬਰ ਸਮੇਤ ਸਹੀ ਦਿੱਤੀ ਗਈ, ਪਰ ਨਿਯਮ ਪਾਕਿਸਤਾਨ ਵਾਲੇ ਦੇ ਦਿੱਤੇ ਗਏ। ਇਥੋਂ ਤੱਕ ਕਿ ਆਰ ਟੀ ਆਈ ਹੇਠ ਇਸ ਜਾਣਕਾਰੀ ਉੱਤੇ ਡੀ ਸੀ ਦਫਤਰ ਦੇ ਸੁਪਰਡੈਂਟ ਗ੍ਰੇਡ-2 ਦੇ ਦਸਤਖਤ ਵੀ ਹਨ। ਬਾਅਦ ਵਿੱਚ ਉਨ੍ਹਾਂ ਨੂੰ ਬਿਨਾਂ ਪੜ੍ਹੇ ਸਾਈਨ ਕਰਨ ਉੱਤੇ ਆਪਣੀ ਗਲਤੀ ਮੰਨ ਲਈ, ਪਰ ਰਿਕਾਰਡ ਗਲਤ ਦੇਣ ਦੀ ਗਲਤੀ ਆਪਣੇ ਜੂਨੀਅਰ ਮੁਲਾਜ਼ਮਾਂ ਦੀ ਦੱਸੀ। ਕਾਗਜ਼ਾਂ ਨੂੰ ਬਿਨਾਂ ਪੜ੍ਹੇ ਸਾਈਨ ਕਰਨ ਦੇ ਲਈ ਕੰਮ ਦਾ ਬੋਝ ਵੀ ਜ਼ਿਆਦਾ ਹੋਣ ਦਾ ਤਰਕ ਦਿੱਤਾ।





# ਸਰਨਾ ਧੜੇ ਨੂੰ ਵੱਡਾ ਝਟਕਾ: ਦਿੱਲੀ ਗੁਰਦੁਆਰਾ ਕਮੇਟੀ ਦਾ ਮੈਂਬਰ ਸੁਖਬੀਰ ਸਿੰਘ ਕਾਲੜਾ ਬਾਦਲ ਅਕਾਲੀ ਦਲ ਵਿੱਚ ਸ਼ਾਮਲ



ਜਲੰਧਰ, 2 ਸਤੰਬਰ (ਪੋਸਟ ਬਿਊਰੋ)- ਅਕਾਲੀ ਦਲ (ਦਿੱਲੀ) ਵਾਲੇ ਸਰਨਾ ਧੜੇ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ ਜਦੋਂ ਇਸ ਦੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਚੁਣੇ ਮੈਂਬਰ ਸੁਖਬੀਰ ਸਿੰਘ ਕਾਲੜਾ ਪਾਰਟੀ ਦੀ ਪ੍ਰਾਇਮਰੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਕੇ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਅਤੇ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਦੀ ਹਾਜ਼ਰੀ ਵਿੱਚ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ।

ਵਰਨਣ ਯੋਗ ਹੈ ਕਿ ਕਾਲੜਾ ਵਾਰਡ ਨੰਬਰ ਦੋ ਸਵਰੂਪ ਨਗਰ ਤੋਂ ਦੂਜੀ ਵਾਰ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਮੈਂਬਰ ਚੁਣੇ ਗਏ ਹਨ। ਉਨ੍ਹਾ ਨੂੰ ਪਾਰਟੀ ਵਿੱਚ ਸ਼ਾਮਲ ਹੋਣ ਉੱਤੇ ਜੀ ਆਇਆਂ ਕਹਿ ਕੇ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਉਹ ਦਿੱਲੀ ਦੀ ਸੰਗਤ ਦਾ ਸਤਿਕਾਰ ਕਰਦਿਆਂ ਸਰਨਾ ਧੜਾ ਛੱਡ ਕੇ ਅਕਾਲੀ ਦਲ ਵਿੱਚ ਸ਼ਾਮਲ ਹੋਏ ਹਨ ਤੇ ਉਨ੍ਹਾਂ ਦਾ ਇੱਕੋ-ਇੱਕ ਮਕਸਦ ਸਿੱਖ ਕੌਮ ਦੀ ਤੇ ਗੁਰੂ ਘਰਾਂ ਦੀ ਸੇਵਾ ਕਰਨਾ ਹੈ। ਇਸ ਮੌਕੇ ਸੁਖਬੀਰ ਸਿੰਘ ਕਾਲੜਾ ਨੇ ਕਿਹਾ ਕਿ ਸਰਨਾ ਭਰਾ ਪਾਰਟੀ ਨੂੰ ਦੋ ਮੈਂਬਰੀ ਕਮੇਟੀ ਵਾਂਗ ਚਲਾ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਉਥੇ ਘੁੱਟਣ ਮਹਿਸੂਸ ਕਰ ਰਹੇ ਸਨ, ਇਸ ਲਈ ਫੈਸਲਾ ਕੀਤਾ ਹੈ ਕਿ ਅਕਾਲੀ ਦਲ ਵਿੱਚ ਸ਼ਾਮਲ ਹੋ ਕੇ ਸੰਗਤ ਦੀ ਸੇਵਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਉਹ ਬਾਲਾ ਸਾਹਿਬ ਹਸਪਤਾਲ ਦੇ ਉਦਘਾਟਨ ਅਤੇ ਦਿੱਲੀ ਕਮੇਟੀ ਦੇ ਸਕੂਲਾਂ ਤੇ ਕਾਲਜਾਂ ਵਿੱਚ ਵੱਧ ਤੋਂ ਵੱਧ ਵਿਦਿਆਰਥੀ ਦਾਖ਼ਲ ਕਰਵਾਉਣ ਲਈ ਕਮੇਟੀ ਨੂੰ ਪੂਰਾ ਸਹਿਯੋਗ ਦੇਣਗੇ। ਉਨ੍ਹਾਂ ਦੱਸਿਆ ਕਿ ਹੋਰ ਮੈਂਬਰ ਵੀ ਜਲਦੀ ਹੀ ਅਕਾਲੀ ਦਲ ਵਿੱਚ ਸ਼ਾਮਲ ਹੋਣਗੇ, ਕਿਉਂਕਿ ਉਹ ਸਰਨਾ ਭਰਾਵਾਂ ਤੋਂ ਅੱਕੇ ਪਏ ਹਨ।

# ਚੋਣ ਪਟੀਸ਼ਨ ਦਾਇਰ ਕਰਨ ਦਾ ਸਮਾਂ ਮਿਥਣ ਲਈ ਸੁਪਰੀਮ ਕੋਰਟ ਨੂੰ ਅਰਜ਼ੀ ਪੇਸ਼



ਨਵੀਂ ਦਿੱਲੀ, 2 ਸਤੰਬਰ (ਪੋਸਟ ਬਿਊਰੋ)- ਭਾਰਤ ਦੇ ਚੋਣ ਕਮਿਸ਼ਨ ਨੇ ਛੇ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵਰਤੀਆਂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਦੇ ਕੇਸ ਵਿੱਚ ਫੌਰੀ ਸੁਣਵਾਈ ਲਈ ਸੁਪਰੀਮ ਕੋਰਟ ਨੂੰ ਬੇਨਤੀ ਕੀਤੀ ਹੈ। ਇਨ੍ਹਾਂ ਮਸ਼ੀਨਾਂ ਦੀ ਅਜੇ ਵਰਤੋਂ ਨਹੀਂ ਹੋ ਰਹੀ, ਕਿਉਂਕਿ ਹੁਕਮਾਂ ਹੇਠ ਕੋਵਿਡ-19 ਦੀ ਦੂਜੀ ਲਹਿਰ ਵੇਲੇ ਚੋਣ ਪਟੀਸ਼ਨ ਸਮੇਤ ਹੋਰ ਅਰਜ਼ੀਆਂ ਦਾਖਲ ਹੋਣ ਕਾਰਨ ਉਨ੍ਹਾਂ ਨੂੰ ਸੰਭਾਲ ਕੇ ਰੱਖਣ ਦਾ ਸਮਾਂ ਵਧਾ ਦਿੱਤੀ ਗਈ ਸੀ।

ਚੀਫ ਜਸਟਿਸ ਐਨ ਵੀ ਰਾਮੰਨਾ ਦੀ ਅਗਵਾਈ ਵਾਲੇ ਬੈਂਚ ਅੱਗੇ ਕਮਿਸ਼ਨ ਵੱਲੋਂ ਸੀਨੀਅਰ ਵਕੀਲ ਵਿਕਾਸ ਸਿੰਘ ਨੇ ਕਿਹਾ ਕਿ ਵੱਡੀ ਗਿਣਤੀ ਵਿੱਚ ਈ ਵੀ ਐਮਜ਼ ਅਤੇ ਵੀ ਵੀ ਪੈਟ ਦੀ ਵਰਤੋਂ ਨਹੀਂ ਹੋ ਰਹੀ, ਜਦ ਕਿ ਅਗਲੀਆਂ ਚੋਣਾਂ ਲਈ ਚੋਣ ਕਮਿਸ਼ਨ ਨੂੰ ਉਨ੍ਹਾਂ ਦੀ ਲੋੜ ਹੈ। ਬੈਂਚ ਨੇ ਵਕੀਲ ਦੀ ਦਲੀਲ ਸੁਣਨ ਪਿੱਛੋਂ ਅਰਜ਼ੀ ਦੀ ਸੁਣਵਾਈ ਅਗਲੇ ਹਫਤੇ ਕਰਨ ਦੀ ਸਹਿਮਤੀ ਦੇ ਦਿੱਤੀ। ਚੋਣ ਕਮਿਸ਼ਨ ਨੇ ਆਸਾਮ, ਕੇਰਲਾ, ਦਿੱਲੀ, ਪੁੱਡੂਚੇਰੀ, ਤਾਮਿਲ ਨਾਡੂ ਤੇ ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਨਾਲ ਸਬੰਧਤ ਚੋਣ ਅਰਜ਼ੀਆਂ ਦਾਖਲ ਕਰਨ ਲਈ ਸਮਾਂ ਹੱਦ ਤੈਅ ਕਰਨ ਦੀ ਬੈਂਚ ਨੂੰ ਬੇਨਤੀ ਕੀਤੀ ਸੀ। ਸੀਨੀਅਰ ਵਕੀਲ ਨੇ ਕਿਹਾ, "ਸਾਨੂੰ ਇਨ੍ਹਾਂ ਈ ਵੀ ਐਮਜ਼ ਅਤੇ ਵੀ ਵੀ ਪੈਟ ਮਸ਼ੀਨਾਂ ਨੂੰ ਠੀਕ ਕਰਨਾ ਹੋਵੇਗਾ ਅਤੇ ਉਤਰ ਪ੍ਰਦੇਸ਼, ਉਤਰਾਖੰਡ ਤੇ ਪੰਜਾਬ ਜਿਹੇ ਰਾਜਾਂ ਵਿੱਚ ਚੋਣਾਂ ਕਾਰਨ ਇਸ ਅਰਜ਼ੀ ਉਤੇ ਸੁਣਵਾਈ ਜ਼ਰੂਰੀ ਹੈ।"

## ਕਮਿਸ਼ਨ ਦੀ ਜਾਂਚ ਵਿੱਚ ਅਨੰਤ ਦੇਵ ਸਣੇ 8 ਜਣੇ ਦੋਸ਼ੀ ਕਰਾਰ



ਕਾਨਪੁਰ, 2 ਸਤੰਬਰ (ਪੋਸਟ ਬਿਊਰੋ)- ਬਿਕਰੂ ਕਾਂਡ ਬਾਰੇ ਉਤਰ ਪ੍ਰਦੇਸ਼ ਸਰਕਾਰ ਨੂੰ ਸੌਂਪੀ ਜੁਡੀਸ਼ਲ ਕਮਿਸ਼ਨ ਦੀ ਰਿਪੋਰਟ ਵਿੱਚ ਹੈਰਾਨ ਕਰ ਦੇਣ ਵਾਲੀ ਜਾਣਕਾਰੀ ਸਾਹਮਣੇ ਆਈ ਹੈ। ਕਮਿਸ਼ਨ ਨੇ ਬਰਖਾਸਤ ਕੀਤੇ ਗਏ ਡੀ ਆਈਜੀ ਅਨੰਤ ਦੇਵ ਨੂੰ ਇਸ ਕੇਸ ਵਿੱਚ ਦੋਸ਼ੀ ਮੰਨਿਆ ਅਤੇ ਅੱਠ ਹੋਰ ਅਧਿਕਾਰੀਆਂ ਦੇ ਖਿਲਾਫ ਵੀ ਜਾਂਚ ਕੀਤੀ ਸੀ। ਜਾਂਚ ਰਿਪੋਰਟ ਵਿੱਚ ਕਮਿਸ਼ਨ ਨੇ ਲਿਖਿਆ ਹੈ ਕਿ ਅਫਸਰਾਂ ਦੇ ਇਨ੍ਹਾਂ ਕੰਮਾਂ ਨਾਲ ਪੁਲਸ ਵਿਭਾਗ ਦਾ ਅਕਸ ਤੇ ਸ਼ਾਸਨ ਦੀ ਭਰੋਸੇਯੋਗਤਾ ਪ੍ਰਭਾਵਤ ਹੋਈ ਹੈ। ਦੋ ਜੁਲਾਈ 2020 ਨੂੰ ਕਾਨਪੁਰ ਵਿੱਚ ਚੌਬੇਪੁਰ ਥਾਣਾ ਖੇਤਰ ਦੇ ਬਿਕਰੂ ਪਿੰਡ ਵਿੱਚ ਗੈਂਗਸਟਰ ਵਿਕਾਸ ਦੁਬੇ ਦੇ ਘਰ ਛਾਪਾ ਮਾਰਨ ਗਈ ਪੁਲਸ ਟੀਮ ਉਤੇ ਹਮਲਾ ਕਰ ਦਿੱਤਾ ਗਿਆ ਸੀ। ਇਸ ਵਿੱਚ ਓਦੋਂ ਦੇ ਸੀ ਓ ਬਿਲਹੌਰ ਦੇਵੇਂਦਰ ਮਿਸ਼ਰਾ ਸਣੇ ਅੱਠ ਪੁਲਸ ਵਾਲੇ ਮਾਰੇ ਗਏ ਸਨ। ਬਾਅਦ ਵਿੱਚ ਪੁਲਸ ਨੇ ਜਵਾਬੀ ਕਾਰਵਾਈ ਕਰਦੇ ਹੋਏ ਵਿਕਾਸ ਦੁਬੇ ਸਮੇਤ ਛੇ ਦੋਸ਼ੀਆਂ ਨੂੰ ਐਨਕਾਊਂਟਰ ਵਿੱਚ ਮਾਰ ਦਿੱਤਾ ਸੀ। ਇਸ ਦੀ ਜਾਂਚ ਲਈ ਸੂਬਾ ਸਰਕਾਰ ਨੇ ਸੁਪਰੀਮ ਕੋਰਟ ਦੇ ਸੇਵਾ-ਮੁਕਤ ਜਸਟਿਸ ਡੀ ਐਸ ਚੌਹਾਨ ਦੀ ਅਗਵਾਈ ਵਿੱਚ ਤਿੰਨ ਮੈਂਬਰੀ ਜੁਡੀਸ਼ਲ ਕਮਿਸ਼ਨ ਬਣਾਇਆ ਸੀ।

ਮੀਡੀਆ ਦੀ ਰਿਪੋਰਟ ਨਾਲ ਜੁੜੇ ਕੁਝ ਅੰਸ਼ ਮਿਲੇ ਹਨ, ਜਿਸ ਵਿੱਚ ਕਮਿਸ਼ਨ ਨੇ ਅਨੰਤ ਦੇਵ, ਓਦੋਂ ਦੇ ਐਸ ਐਸ ਪੀ ਦਿਨੇਸ਼ ਕੁਮਾਰ, ਓਦੋਂ ਦੇ ਐਸ ਪੀ ਦਿਹਾਤੀ ਬ੍ਰਿਜੇਸ਼ ਕੁਮਾਰ, ਓਦੋਂ ਦੇ ਸੀ ਓ ਐਲ ਆਈ ਯੂ ਸੂਕਸ਼ਮ ਪ੍ਰਕਾਸ਼, ਸਾਬਕਾ ਐਸ ਪੀ ਦਿਹਾਤੀ ਪ੍ਰਦੁੱਮਣ ਸਿੰਘ, ਸਾਬਕਾ ਸੀ ਓ ਕੈਂਟ ਆਰ ਕੇ ਚਤੁਰਵੇਦੀ, ਤਤਕਾਲੀ ਨੋਡਲ ਅਧਿਕਾਰੀ ਪਾਸਪੋਰਟ ਅਮਿਤ ਕੁਮਾਰ ਅਤੇ ਸਾਬਕਾ ਸੀ ਓ ਬਿਲਹੌਰ ਨੰਦਲ ਲਾਲ ਨੂੰ ਦੋਸ਼ੀ ਮੰਨਿਆ ਹੈ।

# ਘੋਲ ਮੱਛੀਆਂ ਫੜ ਕੇ ਮਛੇਰਾ ਰਾਤੋ-ਰਾਤ ਕਰੋੜਪਤੀ ਬਣ ਗਿਆ

ਮੁੰਬਈ, 2 ਸਤੰਬਰ (ਪੋਸਟ ਬਿਊਰੋ)- ਮਾਨਸੂਨ ਦੌਰਾਨ ਸਮੁੰਦਰ ਵਿੱਚ ਮੱਛੀਆਂ ਫੜਨ ਉਤੇ ਪਾਬੰਦੀ ਸੀ ਅਤੇ ਮੱਛੀਆਂ ਫੜਨ ਉਤੇ ਲੱਗੀ ਰੋਕ ਹਟਾਉਣ ਮਗਰੋਂ ਚੰਦਰਕਾਂਤ ਪਹਿਲੀ ਵਾਰ 28 ਅਗਸਤ ਦੀ ਰਾਤ ਅਰਬ ਸਾਗਰ ਵਿੱਚ ਮੱਛੀਆਂ ਫੜਨ ਗਿਆ ਸੀ। ਕੁਦਰਤ ਦਾ ਕ੍ਰਿਸ਼ਮਾ ਦੇਖੋ, ਇੱਕ ਜਾਂ ਦੋ ਨਹੀਂ, ਕੁਲ 157 ਘੋਲ ਮੱਛੀਆਂ ਉਸ ਦੇ ਜਾਲ ਵਿੱਚ ਫਸ ਗਈਆਂ। ਇਹ ਮੱਛੀਆਂ ਚੰਦਰਕਾਂਤ ਤੇ ਉਸ ਦੇ ਪੁੱਤਰ ਸੋਮਨਾਥ ਤਰੇ ਨੇ 1.33 ਕਰੋੜ ਰੁਪਏ ਵਿੱਚ ਵੇਚੀਆਂ। ਉਸ ਨੂੰ ਇੱਕ ਮੱਛੀ ਦੇ ਕਰੀਬ 85 ਹਜ਼ਾਰ ਰੁਪਏ ਮਿਲੇ।

ਵਰਨਣ ਯੋਗ ਹੈ ਕਿ ਘੋਲ ਮੱਛੀ ਦੀ ਕੀਮਤ ਬਾਜ਼ਾਰ ਵਿੱਚ ਬਹੁਤ ਜ਼ਿਆਦਾ ਹੈ। ਇਹ ਮੱਛੀ ਡਾਕਟਰੀ ਇਲਾਜ ਵਿੱਚ ਲਾਭਦਾਇਕ ਹੈ।ਚੰਦਰਕਾਂਤ ਤਰੇ ਦੇ ਪੁੱਤਰ ਸੋਮਨਾਥ ਨੇ ਦੱਸਿਆ ਕਿ ਚੰਦਰਕਾਂਤ ਤਰੇ ਸਮੇਤ ਅੱਠ ਲੋਕ ਹਰਬਾ ਦੇਵੀ ਨਾਂ ਦੀ ਕਿਸ਼ਤੀ ਵਿੱਚ ਮੱਛੀਆਂ ਫੜਨ ਗਏ ਸੀ। ਸਾਰੇ ਮਛੇਰੇ ਸਮੁੰਦਰ ਦੇ ਕਿਨਾਰੇ ਤੋਂ 20 ਤੋਂ 25 ਨਾਟੀਕਲ ਮੀਲ ਦੀ ਦੂਰੀ ਉਤੇ ਵਧਵਾਨ ਵੱਲ ਚਲੇ ਗਏ। ਮਛੇਰਿਆਂ ਨੂੰ 157 ਘੋਲ ਮੱਛੀਆਂ ਮਿਲੀਆਂ, ਜਿਨ੍ਹਾਂ ਨੂੰ ਸਮੁੰਦਰੀ ਸੋਨਾ ਵੀ ਕਿਹਾ ਜਾਂਦਾ ਹੈ ਕਿਉਂਕਿ ਇਨ੍ਹਾਂ ਮੱਛੀਆਂ ਦੀ ਕੀਮਤ ਸੋਨੇ ਤੋਂ ਘੱਟ ਨਹੀਂ।ਘੋਲ ਮੱਛੀਨੂੰ 'ਪ੍ਰੋਟੋਨੀਬੀਆ ਡਾਇਕੈਂਥਸ' ਦਾ ਨਾਂ ਵੀ ਦਿੱਤਾ ਗਿਆ ਹੈ। ਇਸ ਮੱਛੀ ਨੂੰ ਸੋਨੇ ਦੇ ਦਿੱਲ ਵਾਲੀ ਮੱਛੀ ਵੀ ਕਿਹਾ ਜਾਂਦਾ ਹੈ। ਘੋਲ ਮੱਛੀ ਦੀ ਵਰਤੋਂ ਡਾਕਟਰੀ ਇਲਾਜ, ਦਵਾਈਆਂ, ਸ਼ਿੰਗਾਰ ਸਮਗਰੀ ਲਈ ਕੀਤੀ ਜਾਂਦੀ ਹੈ। ਥਾਈਲੈਂਡ, ਇੰਡੋਨਸ਼ੀਆ, ਜਾਪਾਨ, ਸਿੰਗਾਪੁਰ ਵਰਗੇ ਦੇਸ਼ਾਂ ਵਿੱਚ ਇਨ੍ਹਾਂ ਘੋਲ ਮੱਛੀਆਂ ਦੀ ਬਹੁਤ ਮੰਗ ਹੈ। ਸਰਜਰੀ ਲਈ ਵਰਤੇ ਜਾਂਦੇ ਧਾਗੇ, ਜੋ ਆਪਣੇ ਆਪ ਗਲ਼ ਜਾਂਦੇ ਹਨ, ਵੀ ਇਸੇ ਮੱਛੀ ਤੋਂ ਬਣੇ ਹੁੰਦੇ ਹਨ।ਇਹ ਮੱਛੀਆਂ ਯੂਪੀ ਤੇ ਬਿਹਾਰ ਦੇ ਵਪਾਰੀਆਂ ਨੇ ਖ਼ਰੀਦੀਆਂ। ਪਾਲਘਰ ਦੇ ਮੁਰਬੇ ਵਿੱਚ ਮੱਛੀਆਂ ਦੀ ਨਿਲਾਮੀ ਹੋਈ। ਸਮੁੰਦਰ ਵਿੱਚ ਪ੍ਰਦੂਸ਼ਣ ਦੀ ਮਾਤਰਾ ਵਧਣ ਕਾਰਨ ਇਹ ਮੱਛੀਆਂ ਕਿਨਾਰੇ ਉਤੇ ਨਹੀਂ ਮਿਲਦੀਆਂ। ਇਨ੍ਹਾਂ ਮੱਛੀਆਂ ਲਈ, ਮਛੇਰਿਆਂ ਨੂੰ ਡੂੰਘੇ ਸਮੁੰਦਰ ਵਿੱਚ ਜਾਣਾ ਪੈਂਦਾ ਹੈ।

## ਰੋਹਤਕ ਵਿੱਚ ਚਾਰ ਕਤਲਾਂ ਦਾ ਦੋਸ਼ੀ ਪੁੱਤਰ ਹੀ ਨਿਕਲਿਆ

ਰੋਹਤਕ, 2 ਸਤੰਬਰ (ਪੋਸਟ ਬਿਊਰੋ)- ਰੋਹਤਕ ਵਿੱਚ 27 ਅਗਸਤ ਨੂੰ ਹੋਈ ਚਾਰ ਜਣਿਆਂ ਦੀ ਹੱਤਿਆ ਦੇ ਕੇਸ ਵਿੱਚ ਪੁਲਸ ਨੇ ਕੱਲ੍ਹ ਸਨਸਨੀਖੇਜ਼ ਖੁਲਾਸਾ ਕੀਤਾ ਹੈ ਕਿ ਬਬਲੂ ਪਹਿਲਵਾਨ ਦੇ 20 ਸਾਲਾ ਇਕਲੌਤੇ ਬੇਟੇ ਅਭਿਸ਼ੇਕ ਉਰਫ ਮੋਨੂੰ ਨੇ ਹੀ ਇਹ ਵਾਰਦਾਤ ਕੀਤੀ ਸੀ। ਸੋਨੂੰ ਬੀ ਕਾਮ ਫਾਈਨਲ ਈਅਰ ਦਾ ਸਟੂਡੈਂਟ ਹੈ। ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ, ਪਰ ਵਾਰਦਾਤ ਦੀ ਰੰਜਿਸ਼ ਨੂੰ ਪੁਲਸ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਕਰ ਸਕੀ।

ਦੱਸਿਆ ਜਾਂਦਾ ਹੈ ਕਿ ਮੋਨੂੰ ਨੈਨੀਤਾਲ ਦੇ ਦੋਸਤ ਨੂੰ ਪੰਜ ਲੱਖ ਹੁਦਾਰ ਦੇਣ ਉੱਤੇ ਅੜਿਆ ਸੀ, ਪਰ ਮੰਮੀ-ਪਾਪਾ ਨੇ ਰੁਪਏ ਨਾ ਦਿੱਤੇ ਤਾਂ ਮੋਨੂੰ ਨੇ ਆਪਣਿਆਂ ਦਾ ਕਤਲ ਕਰ ਦਿੱਤਾ। ਸਦਮੇ ਦੇ ਨਾਂਅ ਉਤੇ ਚਾਰ ਦਿਨ ਬਚਦਾ ਰਿਹਾ। ਪੁਲਸ ਨੇ ਮੋਨੂੰ ਅਤੇ ਹੋਰਨਾਂ ਕਰੀਬੀਆਂ ਉਤੇ ਨਜ਼ਰ ਰੱਖੀ ਹੋਈ ਸੀ।ਮੋਨੂੰ ਬਿਆਨ ਬਦਲ ਰਿਹਾ ਸੀ। ਜਾਣਬੁੱਝ ਕੇ ਹੋਟਲ ਵਿੱਚ ਦੋਸਤ ਦੇ ਨਾਲ ਸੀ ਸੀ ਟੀ ਵੀ ਦੇ ਸਾਹਮਣੇ ਖੜ੍ਹਾ ਰਿਹਾ। ਪੁਲਸ ਚਾਲ ਸਮਝ ਗਈ। ਵਾਰਦਾਤ ਦੇ ਬਾਅਦ 12.46 ਵਜੇ ਉਹ ਹੋਟਲ ਤੋਂ ਨਿਕਲ ਕੇ ਦੋਸਤ ਦੇ ਨਾਲ ਢਾਬੇ ਉੱਤੇ ਖਾਣਾ ਖਾਣ ਪਹੁੰਚਿਆ। ਇਥੋਂ ਸ਼ੱਕ ਹੋਇਆ। ਜਦ ਕੋਈ ਪੁਲਸ ਮੁਲਾਜ਼ਮ ਗੱਲ ਕਰਨ ਦੀ ਕੋਸ਼ਿਸ਼ ਕਰਦਾ ਤਾਂ ਸਦਮੇ ਵਿੱਚ ਹੋਣ ਦੀ ਐਕਟਿੰਗ ਕਰਨ ਲੱਗਦਾ।

# ਕਰਨਾਲ ਲਾਠੀਚਾਰਜ : ਐਸ ਐਚ ਓ ਖਹਿਰਾ ਦੇ ਪਰਵਾਰ ਵੱਲੋਂ ਸਪੱਸ਼ਟੀਕਰਨ



ਕੁਰੂਕਸ਼ੇਤਰ, 2 ਸਤੰਬਰ (ਪੋਸਟ ਬਿਊਰੋ)- ਹਰਿਆਣਾ ਦਾ ਕਰਨਾਲ ਵਿੱਚ ਹੋਏ ਲਾਠੀਚਾਰਜ ਤੋਂ ਬਾਅਦ ਐਸ ਐਚ ਓ ਹਰਜਿੰਦਰ ਸਿੰਘ ਖਹਿਰਾ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਣ ਮਗਰੋਂ ਐਸ ਐਚ ਓ ਦੇ ਪਰਵਾਰਕ ਮੈਂਬਰਾਂ ਨੇ ਪ੍ਰੈਸ ਕਾਨਫਰੰਸ ਕਰ ਕੇ ਕਿਹਾ ਹੈ ਕਿ ਉਨ੍ਹਾਂ ਦੇ ਪਰਵਾਰ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਰਚੀ ਗਈ ਹੈ।

ਐਸ ਐਚ ਓ ਹਰਜਿੰਦਰ ਸਿੰਘ ਦੇ ਚਾਚਾ ਡਾਕਟਰ ਮੇਜਰ ਸਿੰਘ ਨੇ ਦੱਸਿਆ ਕਿ ਜੇ ਲਾਠੀਚਾਰਜ ਸਮੇਂ ਉਨ੍ਹਾਂ ਦਾ ਭਤੀਜਾ ਕਿਸੇ ਖਾਸ ਭਾਈਚਾਰੇ ਨੂੰ ਛੱਡ ਕੇ ਦੂਜਿਆਂ ਉੱਤੇ ਲਾਠੀਆਂ ਦੀ ਵਰਤੋਂ ਕਰਦਾ ਤਾਂ ਭਾਈਚਾਰਾ ਬਦਨਾਮ ਹੋਣਾ ਸੀ। ਐਸ ਐਚ ਓ ਅਨੁਸਾਰ ਉਸ ਨੇ ਗਲਤ ਨਹੀਂ ਕੀਤਾ ਅਤੇ ਨਾ ਉਹ ਕਿਸੇ ਤੋਂ ਡਰਦਾ ਹੈ। ਡਾਕਟਰ ਮੇਜਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪਰਵਾਰ ਹਮੇਸ਼ਾ ਕਿਸਾਨ ਹਿਤੈਸ਼ੀ ਰਿਹਾ ਹੈ। ਪਰਵਾਰ ਦੇ ਬਹੁਤ ਸਾਰੇ ਮੈਂਬਰ ਕਿਸਾਨ ਅੰਦੋਲਨ ਨਾਲ ਜੁੜੇ ਹੋਏ ਹਨ। ਉਨ੍ਹਾਂ ਕਿਹਾ ਕਿ ਸਾਜ਼ਿਸ਼ ਤਹਿਤ ਐਸ ਐਚ ਓ ਖਹਿਰਾ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਲਾਠੀਚਾਰਜ ਦੌਰਾਨ ਹਰਜਿੰਦਰ ਸਿੰਘ ਪੁਲਸ ਦੇ ਜਵਾਨ ਵਜੋਂ ਡਿਊਟੀ ਕਰ ਰਿਹਾ ਸੀ। ਵਾਇਰਲ ਹੋ ਰਹੀ ਵੀਡੀਓ ਉੱਤੇ ਸਵਾਲ ਕਰਦਿਆਂ ਉਨ੍ਹਾਂ ਕਿਹਾ ਕਿ ਸਿਰਫ ਹਰਜਿੰਦਰ ਸਿੰਘ ਦੀ ਵੀਡੀਓ ਕਿਉਂ ਵਾਇਰਲ ਹੋਈ, ਕਿਸੇ ਹੋਰ ਅਫਸਰ ਦੀ ਕਿਉਂ ਨਹੀਂ। ਇਹ ਸਪੱਸ਼ਟ ਹੈ ਕਿ ਉਸ ਨੂੰ ਸਾਜ਼ਿਸ ਤਹਿਤ ਨਿਸ਼ਾਨਾ ਬਣਾਇਆ ਗਿਆ ਹੈ। ਐਸ ਐਚ ਓ ਖਹਿਰਾ ਦੇ ਪਿਤਾ ਬੂਟਾ ਸਿੰਘ ਨੇ ਕਰਨਾਲ ਲਾਠੀਚਾਰਜ ਦੀ ਨਿਖੇਧੀ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਪਰਵਾਰ ਕਿਸਾਨ ਅੰਦੋਲਨ ਨਾਲ ਜੁੜਿਆ ਹੈ ਅਤੇ ਉਹ ਇਨੈਲੋ ਪਾਰਟੀ ਨਾਲ ਜੁੜੇ ਹੋਏ ਹਨ, ਪਰ ਅੱਗੇ ਤੋਂ ਉਹ ਪਾਰਟੀ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਨਹੀਂ ਲੈਣਗੇ।

# ਨੌਂ ਸਾਲ ਤਕ ਭਾਰਤੀਆਂ ਦੀ ਉਮਰ ਘਟਾ ਸਕਦਾ ਹੈ ਹਵਾ ਪ੍ਰਦੂਸ਼ਣ

ਨਵੀਂ ਦਿੱਲੀ, 2 ਸਤੰਬਰ (ਪੋਸਟ ਬਿਊਰੋ)- ਦੁਨੀਆ ਭਰ ਵਿੱਚ ਦਿਨੋ ਦਿਨ ਵੱਧ ਰਹੇ ਹਵਾ ਪ੍ਰਦੂਸ਼ਣ ਕਾਰਨ ਲੋਕਾਂ ਦੀ ਜ਼ਿੰਦਗੀ ਘੱਟ ਹੋ ਰਹੀ ਹੈ। ਇੱਕ ਅਮਰੀਕੀ ਰਿਸਰਚ ਗਰੁੱਪ ਦੀ ਤਾਜ਼ਾ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਹਵਾ ਪ੍ਰਦੂਸ਼ਣ ਕਾਰਨ 40 ਫੀਸਦੀ ਭਾਰਤੀਆਂ ਦਾ ਜੀਵਨ 9 ਸਾਲ ਤਕ ਘੱਟ ਹੋ ਸਕਦਾ ਹੈ।

ਯੂਨੀਵਰਸਿਟੀ ਆਫ ਸ਼ਿਕਾਗੋ ਦੇ ਐਨਰਜੀ ਪਾਲਿਸੀ ਇੰਸਟੀਚਿਊਟ (ਐਪਿਕ) ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮੱਧ, ਪੂਰਬੀ ਅਤੇ ਉਤਰੀ ਭਾਰਤ ਦੀ ਪੱਟੀ ਵਿੱਚ ਰਹਿਣ ਵਾਲੇ ਕਰੀਬ 48 ਕਰੋੜ ਲੋਕ ਹਵਾ ਪ੍ਰਦੂਸ਼ਣ ਦਾ ਉਚ ਪੱਧਰ ਝੱਲ ਰਹੇ ਹਨ। ਐਪਿਕ ਦੀ ਰਿਪੋਰਟ ਮੁਤਾਬਕ ਸਮੇਂ ਨਾਲ ਭੂਗੋਲਿਕ ਤੌਰ ਉਤੇ ਹਵਾ ਪ੍ਰਦੂਸ਼ਣ ਦਾ ਉਚ ਪੱਧਰ ਵੱਧ ਰਿਹਾ ਹੈ। ਮਿਸਾਲ ਵਜੋਂ ਮੱਧ ਪ੍ਰਦੇਸ਼ ਤੇ ਮਹਾਰਾਸ਼ਟਰ ਵਿੱਚ ਹਵਾ ਗੁਣਵੱਤਾ ਤੇਜ਼ੀ ਨਾਲ ਖਰਾਬ ਹੋਈ ਹੈ। ਖਤਰਨਾਕ ਪ੍ਰਦੂਸ਼ਣ ਪੱਧਰਾਂ ਉਤੇ ਲਗਾਮ ਲਾਉਣ ਲਈ 2019 ਵਿੱਚ ਸ਼ੁਰੂ ਕੀਤੇ ਭਾਰਤ ਦੇ 'ਰਾਸ਼ਟਰੀ ਸਵੱਛ ਵਾਯੂ ਕਾਰਜਕ੍ਰਮ' (ਐਨ ਸੀ ਏ ਪੀ) ਦੀ ਪ੍ਰਸ਼ੰਸਾ ਕਰਦੇ ਹੋਏ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਐਨ ਸੀ ਏ ਪੀ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਤੇ ਉਨ੍ਹਾਂ ਨੂੰ ਬਣਾਈ ਰੱਖਣ ਨਾਲ ਸਮੁੱਚੀ ਜੀਵਨ ਉਮੀਦ 1.7 ਸਾਲ ਤੇ ਨਵੀਂ ਦਿੱਲੀ ਦੀ 3.1 ਸਾਲ ਵੱਧ ਜਾਵੇਗੀ। ਐਨ ਸੀ ਏ ਪੀ ਦਾ ਟੀਚਾ ਸਨਅਤਾਂ ਦੇਇਮਿਸ਼ਨਜ਼ਕੈਰਿਜਵਿਦਡ੍ਰਾਲ ਵਿੱਚ ਕਟੌਤੀ ਯਕੀਨੀ ਕਰਕੇ ਪੈਟਰੋਲ, ਡੀਜ਼ਲ ਤੇ ਬਾਇਓਮਾਸ ਦੀ ਵਰਤੋਂ ਲਈ ਸਖ਼ਤ ਨਿਯਮ ਲਾਗੂ ਕਰਨਾ ਤੇ ਧੂੜ ਪ੍ਰਦੂਸ਼ਣ ਨੂੰ ਘੱਟ ਕਰਕੇ 2024 ਤਕ 102 ਸਭ ਤੋਂ ਵੱਧ ਪ੍ਰਭਾਵਤ ਸ਼ਹਿਰਾਂ ਵਿੱਚ ਪ੍ਰਦੂਸ਼ਣ ਨੂੰ 20 ਤੋਂ 30 ਫ਼ੀਸਦੀ ਤਕ ਘੱਟ ਕਰਨਾ ਹੈ।

## ਭਾਜਪਾ ਦੇ ਇਸ਼ਾਰੇ ਉੱਤੇ ਅਕਾਲੀ ਪ੍ਰੋਗਰਾਮਾਂ ਵਿੱਚ ਕਾਂਗਰਸ ਵੱਲੋਂ ਵਿਘਨ ਪਵਾਇਆ ਜਾਂਦੈ: ਮਜੀਠੀਆ

ਬਟਾਲਾ, 2 ਸਤੰਬਰ, (ਪੋਸਟ ਬਿਊਰੋ)- ਅਕਾਲੀ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਕਹਿਣਾ ਹੈ ਕਿ ਅਕਾਲੀ ਦਲ ਤੇ ਕਿਸਾਨਾਂ ਦਾ ਨਹੁੰ-ਮਾਸ ਦਾ ਰਿਸ਼ਤਾ ਹੈ, ਪਰ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਹੋਏ ਇਸ਼ਾਰੇ ਉੱਤੇ ਪੰਜਾਬ ਦੀ ਕਾਂਗਰਸ ਸਰਕਾਰ ਜਾਣਬੁਝ ਕੇ ਅਕਾਲੀ ਦਲ ਦੇ ਪ੍ਰੋਗਰਾਮਾਂ ਵਿੱਚ ਵਿਘਨ ਪਵਾ ਰਹੀ ਹੈ। ਇਹ ਗੱਲ ਉਨ੍ਹਾਂ ਨੇ ਕਸਬਾ ਘੁਮਾਣ ਦੇ ਪਿੰਡ ਕਿਸ਼ਨਕੋਟ ਵਿਖੇ ਸੀਨੀਅਰ ਅਕਾਲੀ ਆਗੂ ਸਰਦੂਲ ਸਿੰਘ ਚੀਮਾ ਦੇ ਘਰ ਪਾਰਟੀ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਹੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਸਦਾ ਕਿਸਾਨਾਂ ਦੀ ਆਵਾਜ਼ ਚੁੱਕੀ ਹੈ ਤੇ ਅੱਜ ਵੀ ਕਿਸਾਨਾਂ ਦਾ ਹਰ ਕਦਮ ਉੱਤੇ ਮੋਢੇ ਨਾਲ ਮੋਢਾ ਜੋੜ ਕੇ ਸਾਥਦੇ ਰਿਹਾ ਹੈ।

ਇਸ ਮੌਕੇ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਇੱਕ ਦਿਨ ਪਹਿਲਾਂ ਬਟਾਲਾ ਵਿੱਚ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਪ੍ਰੋਗਰਾਮ ਕੀਤੇ ਤਾਂ ਉਸਦਾ ਕਿਸਾਨਾਂ ਨੇ ਵਿਰੋਧ ਨਹੀਂ ਕੀਤਾ, ਜਦਕਿ ਕਾਲੇ ਕਾਨੂੰਨਾਂ ਨੂੰ ਪਾਸ ਕਰਨ ਵੇਲੇ ਕਾਂਗਰਸ ਪਾਰਟੀ ਨੇ ਭਾਜਪਾ ਸਰਕਾਰ ਦਾ ਪੂਰਾ ਸਾਥ ਦਿੱਤਾ ਸੀ। ਉਨ੍ਹਾਂ ਕਿਹਾ ਕਿ ਕਾਂਗਰਸ ਵੀ ਭਾਜਪਾ ਸਰਕਾਰ ਨਾਲ ਮਿਲੀ ਹੋਈ ਹੈ ਅਤੇ ਭਾਜਪਾ ਦੇ ਇਸ਼ਾਰੇ ਉੱਤੇ ਅਕਾਲੀ ਦਲ ਨੂੰ ਬਦਨਾਮ ਕਰਨ ਲਈ ਕਾਂਗਰਸ ਇਹ ਸਭ ਕਰਵਾ ਰਹੀ ਹੈ। ਉਨ੍ਹਾਂ ਨੇ ਹਲਕਾ ਸ੍ਰੀ ਹਰਗੋਬਿੰਦਪੁਰ ਬਾਰੇ ਕਿਹਾ ਕਿ ਏਥੋਂ ਲੋਕਲ ਤੇ ਪੜ੍ਹੇ ਲਿਖੇ ਆਗੂ ਰਾਜਨਬੀਰ ਸਿੰਘ ਘੁਮਾਣ ਨੂੰ ਟਿਕਟ ਦਿਵਾਉਣ ਲਈਵਰਕਰਾਂ ਦੀ ਆਵਾਜ਼ ਉਹ ਪਾਰਟੀ ਹਾਈਕਮਾਂਡ ਨੂੰ ਪੁਚਾਉਣਗੇ।



Other Realtors only Promise
But JAG AUJLA SOLD YOUR HOME WITH
GUARANTEE
Advertisement GUARANTEED Till SOLD
Top 1% Broker
Call For a Quick & Free Home Evaluation
www.BramptonQuickHomeEvaluation.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com
ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON


ਕੈਨੇਡੀ / ਦੂੱਗਲ
ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਈਨੀਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਂਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

BRAMPTON

$749,905
William /Vodden /Main
3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।

BRAMPTON

$ 1,199,905 Bramlea Rd./Bovaird Dr.
2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON

$1,299,905
ਲਗਭਗ 2900 ਸਕੇਅਰ ਫੁੱਟ ਦਾ ਡਿਟੈਚਡ ਘਰ। 5 ਬੈਡਰੂਮ, 4 ਵਾਸ਼ਰੂਮ ਅਤੇ 2 ਬੈਡਰੂਮਜ਼ ਦੀ ਸੈਪਰੇਟ ਐਂਟਰੈਂਸ ਵਾਲੀ ਫਿਨਿਸ਼ਡ ਬੇਸਮੈਂਟ, 1 ਓਕ ਸਟੇਅਰ ਕੇਸ, ਹਾਰਡਵੁੱਡ ਅਤੇ ਸੀਰੀਮਿਕ ਫਲੋਰ, ਪੌਟ ਲਾਈਟ, 1 ਮਾਸਟਰ ਬੈਡਰੂਮ ਵਿਚ 5 ਪੀ.ਸੀ. ਇਨਸੂਟ ਅਤੇ ਵਾਕਇਨ ਕਲਾਸਿਟ, ਅਪਗ੍ਰੇਡਡ ਕਿਚਨ, ਘਰ ਮੂਹਰੇ ਕੋਈ ਸਾਈਡ ਵਾਕ ਨਹੀਂ, ਸਕੂਲ, ਪਾਲਜ਼ਾ ਤੋਂ ਮਿੰਟਾਂ ਦੀ ਦੂਰੀ ਉਤੇ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ।

BRAMPTON

CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈੱਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।
ਸੰਪਰਕ: 416-371-7777


Orangeville Ontario L9W3X5
Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777



A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ



ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587



# ਗ੍ਰਾਹਮ ਸ਼ਾਰਟ ਨੇ ਸੂਈ ਦੇ ਨੱਕੇ ਵਿੱਚ ਮੂਲਮੰਤਰ ਅਤੇ ਸੂਈ ਪਿੰਨ ਦੀ ਨੋਕ ਉਤੇ ਦਰਬਾਰ ਸਾਹਿਬ ਦੇ ਚਿੱਤਰ ਉਕਾਰੇ

ਲੰਡਨ, 2 ਸਤੰਬਰ (ਪੋਸਟ ਬਿਊਰੋ)- ਸਿੱਖ ਧਰਮ ਤੋਂ ਪ੍ਰਭਾਵਤ ਯੂ ਕੇ ਦੇ ਮਸ਼ਹੂਰ ਮਾਈਕਰੋ ਚਿੱਤਰਕਾਰ ਗ੍ਰਾਹਮ ਸ਼ਾਰਟ ਨੇ ਸੂਈ ਦੇ ਨੱਕੇ ਵਿਚ ਮੂਲ ਮੰਤਰ ਅਤੇ ਸੂਈ ਪਿੰਨ ਦੀ ਛੋਟੀ ਟੋਪੀ ਉਤੇ ਸ੍ਰੀ ਦਰਬਾਰ ਸਾਹਿਬ ਦੇ ਚਿੱਤਰ ਉਕਾਰੇ ਹਨ, ਜਿਨ੍ਹਾਂ ਨੂੰ ਵੇਖਣ ਦੇ ਬਾਅਦ ਹਰ ਕੋਈ ਹੈਰਾਨ ਰਹਿ ਜਾਂਦਾ ਹੈ।

ਮੀਡੀਆ ਨਾਲ ਗੱਲ ਕਰਦਿਆਂ ਗ੍ਰਾਹਮ ਸ਼ਾਰਟ ਨੇ ਕਿਹਾ ਕਿ ਉਨ੍ਹਾਂ ਨੂੰ ਸੂਈ ਦੇ ਨੱਕੇ ਵਿੱਚ ਮੂਲ ਮੰਤਰ ਉਕਾਰਨ ਲਈ ਤਿੰਨ ਮਹੀਨੇ ਅਤੇ ਸ੍ਰੀ ਦਰਬਾਰ ਸਾਹਿਬ ਦੇ ਚਿੱਤਰ ਨੂੰ ਉਕਾਰਨ ਲਈ ਚਾਰ ਮਹੀਨੇ ਦਾ ਸਮਾਂ ਲੱਗਾ। ਉਹ ਯੂ ਕੇ ਦੇ ਸ਼ਾਹੀ ਮਹੱਲ, 10 ਡਾਊਨਿੰਗ ਸਟਰੀਟ ਅਤੇ ਪਾਰਲੀਮੈਂਟ ਸਮੇਤ ਕਈ ਮਹੱਤਵਪੂਰਨ ਥਾਵਾਂ ਲਈ ਕੰਮ ਕਰਦਾ ਹੈ। ਉਨ੍ਹਾਂ ਕਿਹਾ ਕਿ ਉਹ ਅਮਰੀਕਾ ਦੇ ਨਿਊਓਲੀਨਜ਼ ਵਿੱਚ ਆਏ ਹੜ੍ਹ ਮੌਕੇ ਸਿੱਖ ਭਾਈਚਾਰੇ ਵੱਲੋਂ ਗੁਰਦੁਆਰਾ ਸਾਹਿਬ ਤੇ ਸਿੱਖਾਂ ਦੀ ਸੰਭਾਲ ਦੇ ਨਾਲ ਹੋਰ ਭਾਈਚਾਰਿਆਂ ਦੀ ਵੀ ਮਦਦ ਕਰਦਿਆਂ ਵੇਖ ਕੇ ਉਹ ਬਹੁਤ ਪ੍ਰਭਾਵਤ ਹੋਇਆ। ਖਾਸ ਗੱਲ ਇਹ ਹੈ ਕਿ ਗ੍ਰਾਹਮ ਦੇ ਬਣਾਏ ਇਨ੍ਹਾਂ ਚਿੱਤਰਾਂ ਨੂੰ ਸਿਰਫ਼ ਮੈਈਕਰੋਸਕੋਪ ਰਾਹੀਂ ਵੇਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਉਹ ਯੂ ਕੇ ਦੇ ਵੱਖ-ਵੱਖ ਗੁਰੂ ਘਰਾਂ ਵਿੱਚ ਜਾ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕਰ ਰਹੇ ਹਨ। ਇੱਥੇ ਹੀ ਬੱਸ ਨਹੀਂ ਗ੍ਰਾਹਮ ਨੇ ਯੂ ਕੇ ਦੇ ਪੰਜ ਪੌਂਡ ਦੇ ਨੋਟ ਉਤੇ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਚਿੱਤਰ ਬਣਾਇਆ ਹੈ, ਜੋ ਉਨ੍ਹਾਂ ਦੇ 350ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੈ। ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਲਗਾਈ ਪ੍ਰਦਰਸ਼ਨੀ ਮੌਕੇ ਗ੍ਰਾਹਮ ਦੀ ਕਲਾ ਦਾ ਨਮੂਨੇ ਵੇਖ ਕੇ ਸਿੱਖ ਭਾਈਚਾਰਾ ਬਹੁਤ ਖੁਸ਼ ਹੋਇਆ।



# ਕਾਬੁਲ ਵਿੱਚ ਹੋਏ ਡਰੋਨ ਹਮਲੇ ਵਿੱਚ 7 ਬੱਚਿਆਂ ਸਮੇਤ ਇੱਕੋ ਘਰ ਦੇ 10 ਲੋਕ

ਕਾਬੁਲ, 2 ਸਤੰਬਰ (ਪੋਸਟ ਬਿਊਰੋ)- ਅਮਰੀਕਾ ਨੇ ਜਿਸ ਡਰੋਨ ਹਮਲੇ ਨਾਲ ਇਸਲਾਮਕ ਸਟੇਟ ਖੁਰਾਸਾਨ ਨੂੰ ਨਿਸ਼ਾਨਾ ਬਣਾਉਣ ਦਾ ਦਾਅਵਾ ਕੀਤਾ ਸੀ, ਉਸ ਵਿੱਚ ਇੱਕੋਘਰ ਦੇ 10 ਲੋਕ ਮਾਰੇ ਗਏ। ਇਨ੍ਹਾਂ ਵਿੱਚ ਸੱਤ ਬੱਚੇ ਹਨ। ਮ੍ਰਿਤਕਾਂ ਵਿੱਚ ਇੱਕ ਅਮਰੀਕੀ ਫੌਜ ਲਈ ਕੰਮ ਕਰਦਾ ਸੀ।

ਸੋਮਵਾਰ ਨੂੰ ਮਾਰੇ ਗਏ ਲੋਕਾਂ ਵਿੱਚੋਂ ਇੱਕ ਦੇ ਰਿਸ਼ਤੇਦਾਰ ਨੇ ਕਿਹਾ, ਹਮਲੇ ਵਿੱਚ ਬੱਚੇ ਮਾਰੇ ਗਏ। ਦੋ ਬੱਚੀਆਂ ਤਾਂ ਦੋ ਸਾਲ ਦੀਆਂ ਸਨ। ਇਨ੍ਹਾਂ ਵਿੱਚੋਂ ਇੱਕ ਬੱਚੀ ਮਲਿਕਾ ਦੇ ਸਰੀਰਕ ਹਿੱਸੇ ਘਰ ਦੇ ਨੇੜੇ ਮਲਬੇ ਵਿੱਚੋਂ ਮਿਲੇ।



ਮੈਂ ਕਿਵੇਂ ਮੰਨ ਲਵਾਂ ਕਿ ਬੱਚੀ ਕਿਸੇ ਵਾਹਨ ਵਿੱਚ ਸੀ। ਭਰਾ ਦੇ ਮਾਰੇ ਜਾਣ ਤੋਂ ਦੁਖੀ ਨੌਜਵਾਨ ਨੇ ਦੱਸਿਆ; ਸਾਡਾ ਪਰਵਾਰ ਬੇਹੱਦ ਸਾਧਾਰਨ ਹੈ। ਆਈ ਐਸ ਖੁਰਾਸਾਨ ਨਾਲ ਦੂਰ-ਦੂਰ ਦਾ ਲੈਣਾ-ਦੇਣਾ ਨਹੀਂ ਹੈ। ਮੇਰਾ ਭਰਾ ਘਰ ਦੇ ਅੰਦਰ ਰਾਕੇਟ ਨਾਲ ਮਾਰਿਆ ਗਿਆ। ਸੋਮਵਾਰ ਨੂੰ ਸਾਰਾ ਦਿਨ ਹਸਪਤਾਲ ਵਿੱਚ ਪਰਵਾਰ ਨੇ ਆਪਣਿਆਂ ਦੇ ਅੰਗਪਛਾਣੇ। ਉਹ ਇੱਕ-ਇੱਕ ਅੰਗ ਨੂੰ ਚੁਕ ਕੇ ਨਾਂਅ ਲਿਖੇ ਤਬੂਤਾਂ ਵਿੱਚ ਰੱਖਦੇ ਰਹੇ। ਦੋ ਸਾਲ ਦੀ ਸੁਮਾਇਆ ਤੇ ਮਲਿਕਾ ਦੇ ਨਾਂਅ ਦੇ ਵੀ ਤਾਬੂਤ ਰੱਖੇ ਹੋਏ ਸਨ। ਬਾਅਦ ਵਿੱਚ ਦਿੱਲ ਉੱਤੇ ਪੱਥਰ ਰੱਖ ਕੇ ਪਰਵਾਰ ਨੇ ਉਨ੍ਹਾਂ ਨੂੰ ਦਫਨਾਇਆ। ਇਸ ਦੌਰਾਨ ਉਨ੍ਹਾਂ ਨੇ ਨਾਅਰਾ ਲਗਾਇਆ, ਅਮਰੀਕਾ ਨੂੰ ਮੌਤ ਮਿਲੇ...। ਦੂਜੇ ਪਾਸੇ ਸੰਯੁਕਤ ਫੌਜ ਸਟਾਫ ਦੇ ਮੇਜਰ ਜਨਰਲ ਵਿਲੀਅਮ ਟੇਲਰ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਸੀਂ ਗੰਭੀਰ ਹਾਂ। ਸਾਨੂੰ ਦੁੱਖ ਹੈ। ਐਤਵਾਰ ਨੂੰ ਕਾਬੁਲ ਵਿੱਚ ਇਸ ਹਮਲੇ ਦੇ ਬਾਅਦ ਅਮਰੀਕਾ ਨੇ ਕਿਹਾ ਸੀ ਕਿ ਉਸ ਨੇ ਵਿਸਫੋਟਕ ਲੱਦੇ ਵਾਹਨ ਨੂੰ ਉਡਾਇਆ ਹੈ।

## ਭਵਿੱਖ ਵਿੱਚ ਇਨਸਾਨਾਂ ਨੂੰ ਆਪਣਾ ਗੁਲਾਮ ਬਣਾ ਸਕਦੇ ਹਨ ਰੋਬੋਟ



ਵਾਸ਼ਿੰਗਟਨ, 2 ਸਤੰਬਰ (ਪੋਸਟ ਬਿਊਰੋ)- ਇਨਸਾਨ ਦਾ ਦਿਮਾਗ ਉਸ ਦੀ ਜ਼ਿੰਦਗੀ ਨਾਲ ਜੁੜੀ ਹਰ ਚੀਜ਼ ਯਾਦ ਰੱਖਦਾ ਹੈ। ਇਨਸਾਨ ਜੋ ਕੁਝ ਵੀ ਆਪਣੇ ਅਨੁਭਵਾਂ ਤੋਂ ਸਿੱਖਦਾ ਹੈ, ਇਨਸਾਨੀ ਦਿਮਾਗ ਉਸ ਨੂੰ ਸੁਰੱਖਿਅਤ ਕਰ ਲੈਂਦਾ ਹੈ, ਪਰ ਖੋਜਕਾਰਾਂ ਨੇ ਇਸ ਬਾਰੇ ਨਵਾਂ ਸ਼ੱਕ ਪ੍ਰਗਟਾਇਆ ਹੈ।

ਖੋਜਕਾਰ ਸੋਚਦੇ ਹਨ ਕਿ ਇਨਸਾਨੀ ਦਿਮਾਗ ਦੇ 'ਫਿਲਟਰ' ਹੋਣ ਦੀ ਸੰਭਾਵਨਾ ਹੈ, ਯਾਨੀ ਉਹ ਸਭ ਭੁੱਲ ਜਾਣਾ, ਜੋ ਯਾਦ ਰੱਖਣ ਲਈ ਜ਼ਰੂਰੀ ਨਹੀਂ ਹੈ। ਵਿਗਿਆਨ ਪੱਤਰਕਾਰ ਅਤੇ ਅਮਰੀਕੀ ਨੇਵੀ ਵਿੱਚ ਕੰਮ ਕਰ ਚੁੱਕੇ ਟਿਸਟਨ ਗ੍ਰੀਨੇ ਦਾ ਮੰਨਣਾ ਹੈ ਕਿ ਇੱਕ ਮਾਮੂਲੀ ਬਦਲਾਅ ਪੂਰੀ ਤਰ੍ਹਾਂ ਮਨੁੱਖੀ ਸਭਿਅਤਾ ਦਾ ਭਵਿੱਖ ਬਦਲ ਸਕਦਾ ਹੈ।ਇਹ ਦਾਅਵਾ ਇਸ ਲਈ ਕੀਤਾ ਜਾ ਰਿਹਾ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਨੂੰ ਬੱਚਿਆਂ ਅਤੇ ਜਵਾਨਾਂ ਦੇ ਦਿਮਾਗ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਗਿਆ ਹੈ। ਏ ਆਈ ਕਿਸੇ ਵੀ ਚੀਜ਼ ਨੂੰ ਜਲਦੀ ਸਿੱਖਣ, ਪਰ ਆਜ਼ਾਦੀ ਨਾਲ ਬਦਲਾਅ ਕਰਨ ਵਿੱਚ ਸਮਰੱਥ ਹੁੰਦਾ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ ਦਿਮਾਗ ਦੇ ਆਪਣੇ 'ਕੋਡ' ਹੁੰਦੇ ਹਨ, ਇਸ ਲਈ ਏ ਆਈ ਇਨਸਾਨੀ ਦਿਮਾਗ ਦੀ ਕੁਝ ਵੀ ਕਾਪੀ ਨਹੀਂ ਕਰ ਸਕਦਾ। ਇਹ ਕੋਡ ਤਦ ਨੋਟ ਹੁੰਦੇ ਹਨ, ਜਦ ਦਿਮਾਗ ਵਿਕਸਿਤ ਹੋ ਰਿਹਾ ਹੁੰਦਾ ਹੈ।ਰਿਸਰਚ ਦੇ ਲੇਖਕ ਅਨੁਸਾਰ ਜੇ ਅਸੀਂ ਕਵਾਂਟਮ, ਆਈ ਸਿਸਟਮ ਵਿਕਸਿਤ ਕਰਦੇ ਹਾਂ ਜੋ ਇਨਸਾਨੀ ਦਿਮਾਗ ਵੱਲ ਜ਼ਿਆਦਾ ਚੰਗੀ ਤਰ੍ਹਾਂ ਨਾਲ ਨਕਲ ਕਰ ਸਕਦਾ ਹੈ ਤਾਂ ਇਹ ਕਾਰਬਨਿਕ ਪਦਾਰਥ ਤੋਂ ਸੰਵੇਦਨਾ ਵਿਕਸਿਤ ਕਰਨ ਦੀ ਦਿਸ਼ਾ ਵਿੱਚ ਤਕਨੀਕ ਦੀ ਖੋਜ ਲਈ ਲੰਬਾ ਸਫਰ ਤੈਅ ਕਰ ਸਕਦਾ ਹੈ। ਖੋਜਕਰਤਾ ਮੁਤਾਬਕ ਮਜ਼ਬੂਤ ਬ੍ਰੇਨ-ਕੰਪਿਊਟਰ-ਇੰਟਰਫੇਸ ਇੱਕ ਦਿਨ ਇਨਸਾਨੀ ਦਿਮਾਗ ਦੀ ਭਾਸ਼ਾ ਬੋਲਣ ਦੇ ਸਮਰੱਥ ਹੋ ਸਕਦਾ ਹੈ। ਇਸ ਸਥਿਤੀ ਵਿੱਚ ਕੰਪਿਊਟਰ ਸਾਡੀਆਂ ਇੰਦਰੀਆਂ ਉਤੇ ਕਬਜ਼ਾ ਕਰ ਸਕਦੇ ਹਨ ਅਤੇ ਦਿਮਾਗ ਵਿੱਚ ਸਿੱਧੇ ਇਨਪੁਟ ਭੇਜ ਸਕਦੇ ਹਨ।

# ਗੋਲਡ ਮੈਡਲ ਜਿੱਤਣ ਤੋਂ ਬਾਅਦ ਡਿਸਕੁਆਲੀਫਾਈ ਐਲਾਨਿਆ

ਟੋਕੀਓ, 2 ਸਤੰਬਰ (ਪੋਸਟ ਬਿਊਰੋ)- ਮਲੇਸ਼ੀਆ ਦੇ ਗੋਲਾ ਸੁੱਟ ਖਿਡਾਰੀ ਮੁਹੰਮਦ ਜ਼ਿਆਦ ਜੋਲਕੇਫਲੀ ਗੋਲਾ ਸੁੱਟ ਐਫ 20 ਮੁਕਾਬਲੇ ਵਿੱਚ ਮੰਗਲਵਾਰ ਨੂੰ ਚੋਟੀ ਉੱਤੇ ਰਹੇ, ਪਰ ਬਾਅਦ ਵਿੱਚ ਉਨ੍ਹਾਂ ਨੂੰ ਚੈਂਪੀਅਨਸ਼ਿਪ ਲਈ ਦੇਰ ਨਾਲ ਪੁੱਜਣ ਕਾਰਨ ਡਿਸਕੁਆਲੀਫਾਈ ਕਰ ਦਿੱਤਾ ਗਿਆ ਹੈ।



ਅੰਤਰਰਾਸ਼ਟਰੀ ਪੈਰਾਲੰਪਿਕ ਕਮੇਟੀ ਦੇ ਬੁਲਾਰੇ ਕ੍ਰੇਗ ਸਪੇਂਸ ਨੇ ਕਿਹਾ ਕਿ ਜੋਲਕੇਫਲੀ ਅਤੇ ਮੈਡਲ ਜਿੱਤਣ ਵਿੱਚ ਨਾਕਾਮ ਰਹੇ ਦੋ ਹੋਰ ਖਿਡਾਰੀ ਮੁਕਾਬਲੇ ਲਈ ਸਮੇਂ ਉਤੇ ਨਹੀਂ ਪੁੱਜੇ ਸਨ ਤੇ ਉਨ੍ਹਾਂ ਦੇ ਵਿਰੋਧ ਕਰਨ ਕਾਰਨ ਹੀ ਉਨ੍ਹਾਂ ਨੂੰ ਮੁਕਾਬਲੇ ਪੇਸ਼ ਕਰਨ ਦੀ ਮਨਜ਼ੂਰੀ ਦਿੱਤੀ ਗਈ ਸੀ। ਸਪੇਂਸ ਨੇ ਕਿਹਾ ਕਿ ਉਹ ਦੇਰ ਨਾਲ ਆਏ ਸਨ, ਦੇਰ ਨਾਲ ਆਉਣ ਦਾ ਜਾਇਜ਼ ਕਾਰਨ ਹੋ ਸਕਦਾ ਹੈ ਅਤੇ ਇਸ ਲਈ ਅਸੀਂ ਉਨ੍ਹਾਂ ਨੂੰ ਮੁਕਾਬਲੇ ਦੀ ਮਨਜ਼ੂਰੀ ਦਿੱਤੀ ਅਤੇ ਬਾਅਦ ਵਿੱਚ ਤੱਥਾਂ ਉੱਤੇ ਗੌਰ ਕੀਤਾ। ਪੈਰਾ ਖੇਡਾਂ ਦੇ ਟ੍ਰੈਕ ਅਤੇ ਫੀਲਡ ਮੁਕਾਬਲੇ ਦਾ ਪ੍ਰਬੰਧ ਕਰਨ ਵਾਲੇ ਵਿਸ਼ਵ ਪੈਰਾ ਐਥਲੈਟਿਕਸ ਨੇ ਕਿਹਾ ਕਿ ਰੈਫਰੀ ਨੇ ਮੁਕਾਬਲੇ ਤੋਂ ਬਾਅਦ ਤੈਅ ਕੀਤਾ ਕਿ ਖਿਡਾਰੀਆਂ ਦੇ ਸਮੇਂ ਉੱਤੇ ਨਾ ਪੁੱਜਣ ਦਾ ਕੋਈ ਜਾਇਜ਼ ਕਾਰਨ ਨਹੀਂ ਸੀ। ਇਸ ਤੋਂ ਬਾਅਦ ਖਿਡਾਰੀ ਦੀ ਅਪੀਲ ਵੀ ਰੱਦ ਕਰ ਕਰ ਦਿੱਤੀ ਗਈ।

ਜੋਲਕੇਫਲੀ ਦੇ ਡਿਸਕੁਆਲੀਫਾਈ ਹੋਣ ਤੋਂ ਬਾਅਦ ਯੂਕਰੇਨ ਦੇ ਮਾਕਸਿਮ ਕੋਵਲ ਨੂੰ ਗੋਲਡ ਤੇ ਯੂਕਰੇਨ ਟੀਮ ਦੇ ਉਨ੍ਹਾਂ ਦੇ ਸਾਥੀ ਓਲੇਕਸਾਂਦਰ ਯਾਰੋਵਈ ਨੂੰ ਸਿਲਵਰ ਮੈਡਲ ਮਿਲਿਆ। ਯੂਨਾਨ ਦੇ ਐਫਸਟ੍ਰੇਟੀਓਸ ਨਿਕੋਲੇਦਿਸ ਨੂੰ ਕਾਂਸੇ ਦਾ ਮੈਡਲ ਮਿਲਿਆ।ਕ੍ਰੇਗ ਸਪੇਂਸ ਨੇ ਕਿਹਾ ਕਿ ਡਿਸਕੁਆਲੀਫਾਈ ਪਿੱਛੋਂ ਸੋਸ਼ਲ ਮੀਡੀਆ ਉਤੇ ਲੋਕਾਂ ਵਿੱਚ ਨਾਰਾਜ਼ਗੀ ਹੈ। ਉਨ੍ਹਾਂ ਕਿਹਾ ਕਿ ਯੂਕਰੇਨ ਪੈਰਾਲੰਪਿਕ ਕਮੇਟੀ ਨੂੰ ਮਲੇਸ਼ੀਆ ਦੇ ਲੋਕਾਂ ਦੇ ਮਾੜੇ ਵਤੀਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਨਿਯਮ ਤਾਂ ਨਿਯਮ ਹਨ, ਬਦਲੇ ਨਹੀਂ ਜਾ ਸਕਦੇ।

## ਆਸਟ੍ਰੇਲੀਆ ਵਿੱਚ ਸੰਸਾਰ ਜੰਗ ਨੂੰ ਸਮਰਪਿਤ ਸਿੱਖ ਫ਼ੌਜੀਆਂ ਦੇ ਬੁੱਤ ਲੱਗਣਗੇ



ਮੈਲਬੌਰਨ, 2 ਸਤੰਬਰ (ਪੋਸਟ ਬਿਊਰੋ)- ਆਸਟ੍ਰੇਲੀਆ ਦੇ ਸ਼ਹਿਰ ਸਿਡਨੀ ਵਿਖੇ ਪਹਿਲੀ ਤੇ ਦੂਜੀ ਸੰਸਾਰ ਜੰਗ ਦੌਰਾਨ ਸ਼ਹੀਦ ਹੋਏ ਬਹਾਦਰ ਸਿੱਖ ਫ਼ੌਜੀਆਂ ਦੀ ਯਾਦ ਨੂੰ ਸਮਰਪਿਤ ਇੱਕ ਯਾਦਗਾਰ ਬਣਾਉਣ ਨੂੰ ਪ੍ਰਵਾਨਗੀ ਮਿਲ ਗਈ ਹੈ, ਜਿਸ ਪਿੱਛੋਂ ਅਗਲੇ ਦਿਨਾਂ ਵਿੱਚ ਯਾਦਗਾਰ ਵਿੱਚ ਸਿੱਖ ਫ਼ੌਜੀਆਂ ਦੇ ਬੁੱਤ ਲਾਏ ਜਾਣਗੇ। ਇਹ ਯਾਦਗਾਰ ਸਿਡਨੀ ਵਿੱਚ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਇਲਾਕੇ ਬਲੈਕਟਾਊਨ ਕੌਂਸਲ ਦੇ ਗਲੈਨਵੁੱਡ ਵਿਖੇ ਬਣਾਈ ਜਾਵੇਗੀ। ਵਰਨਣ ਯੋਗ ਹੈ ਕਿ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿੱਚ ਸਿੱਖ ਫ਼ੌਜੀਆਂ ਦੀ ਬਹਾਦਰੀ ਨੂੰ ਦਰਸਾਉਂਦਾ ਇਹ ਪਹਿਲਾਂ ਬੁੱਤ ਹੋਵੇਗਾ।ਇਸ ਯਾਦਗਾਰ ਨੂੰ ਬਣਾਉਣ ਲਈ ਫ਼ਤਿਹ ਫ਼ਾਊਂਡੇਸ਼ਨ ਨੂੰ ਕਾਫ਼ੀ ਲੰਮਾ ਸੰਘਰਸ਼ ਕਰਨਾ ਪਿਆ। ਫ਼ਤਿਹ ਫ਼ਾਊਂਡੇਸ਼ਨ ਦੇ ਅਮਰਿੰਦਰ ਸਿੰਘ ਬਾਜਵਾ ਅਤੇ ਹੋਰਨਾਂ ਦੇ ਯਤਨਾਂ ਤੇ ਬਲੈਕਟਾਊਨ ਕੌਂਸਲ ਦੇ ਸਹਿਯੋਗ ਸਦਕਾ ਇਹ ਯਾਦਗਾਰ ਬਣਨ ਲੱਗੀ ਹੈ ਜਿਸ ਲਈ ਫ਼ਤਿਹ ਫ਼ਾਊਂਡੇਸ਼ਨ ਨੂੰ ਚਾਰ ਸਾਲ ਦੇ ਕਰੀਬ ਚਾਰਾਜੋਈ ਕਰਨੀ ਪਈ ਤੇ ਵੱਖ-ਵੱਖ ਪੱਖਾਂ ਦੇ ਇਤਿਹਾਸਕ ਤੱਥ ਪੇਸ਼ ਕਰਨੇ ਪਏ।ਫ਼ਾਊਂਡੇਸ਼ਨ ਨੇ ਕਿਹਾ ਕਿ ਇਹ ਯਾਦਗਾਰੀ ਬੁੱਤ ਜਿੱਥੇ ਨਵੀਂ ਪੀੜ੍ਹੀ ਦਾ ਮਾਰਗ ਦਰਸ਼ਨ ਕਰਨਗੇ, ਉਥੇ ਸਿੱਖਾਂ ਦੇ ਆਸਟਰੇਲੀਆ ਵਿੱਚ

## ਅਮਰੀਕੀ ਹਸਪਤਾਲ ਵਿੱਚ ਅੱਠ ਮਹੀਨੇ ਬਾਅਦ ਕੋਰੋਨਾ ਦੇ ਮਰੀਜ਼ ਸਭ ਤੋਂ ਵੱਧ ਹੋਏ



ਵਾਸ਼ਿੰਗਟਨ, 2 ਸਤੰਬਰ (ਪੋਸਟ ਬਿਊਰੋ)- ਕੋਰੋਨਾ ਦੀਆਂ ਦੋ ਲਹਿਰਾਂ ਝੱਲ ਚੁੱਕੇ ਅਮਰੀਕਾ ਵਿੱਚ ਇਸ ਵਾਇਰਸ ਦੇ ਕਾਰਨ ਫਿਰ ਹਾਲਾਤ ਵਿਗੜ ਰਹੇ ਹਨ। ਹਸਪਤਾਲਾਂ ਵਿੱਚ ਮਰੀਜ਼ਾਂ ਦੀ ਗਿਣਤੀ ਰਿਕਾਰਡ ਪੱਧਰ ਉਤੇ ਪਹੁੰਚ ਗਈ ਹੈ। ਇਸ ਸਮੇਂ ਹਸਪਤਾਲਾਂ ਵਿੱਚ ਭਰਤੀ ਮਰੀਜ਼ਾਂ ਦੀ ਗਿਣਤੀ ਇੱਕ ਲੱਖ ਨੂੰ ਟੱਪ ਗਈ ਹੈ, ਜੋ ਕਰੀਬ ਅੱਠ ਮਹੀਨੇ ਬਾਅਦ ਸਭ ਤੋਂ ਵੱਧ ਹੈ। ਇਸ ਸਾਲ ਜਨਵਰੀ ਵਿੱਚ ਇਹ ਕਰੀਬ ਇੱਕ ਲੱਖ ਚਾਲੀ ਹਜ਼ਾਰ ਦੇ ਪਾਰ ਸੀ।

ਅਮਰੀਕਾ ਵਿੱਚ ਇਸ ਸਮੇਂ ਰੋਜ਼ਾਨਾ ਔਸਤ ਇੱਕ ਲੱਖ ਤੋਂ ਵੱਧ ਨਵੇਂ ਮਰੀਜ਼ ਮਿਲ ਰਹੇ ਹਨ ਤੇ ਇੱਕ ਹਜ਼ਾਰ ਤੋਂ ਵੱਧ ਪੀੜਤਾਂ ਦੀ ਮੌਤ ਹੋ ਰਹੀ ਹੈ। ਦੇਸ਼ ਭਰ ਦੇ ਹਸਪਤਾਲਾਂ ਵਿੱਚ ਬੀਤੇ ਦੋ ਮਹੀਨਿਆਂ ਵਿੱਚ ਕੋਰੋਨਾ ਮਰੀਜ਼ਾਂ ਦੀ ਗਿਣਤੀ ਵਿੱਚ ਕਰੀਬ 500 ਫੀਸਦੀ ਵਾਧਾ ਹੋਇਆ ਹੈ। ਅਮਰੀਕਾ ਦੇ ਦੱਖਣੀ ਸੂਬੇ ਕੋਰੋਨਾ ਤੋਂ ਸਭ ਤੋਂ ਵੱਧ ਪ੍ਰਭਾਵਤ ਹਨ। ਇਸ ਖੇਤਰ ਵਿੱਚ ਹਸਪਤਾਲਾਂ ਦੇ ਆਈ ਸੀ ਯੂ ਮਰੀਜ਼ਾਂ ਨਾਲ ਪੂਰੀ ਤਰ੍ਹਾਂ ਭਰ ਗਏ ਹਨ। ਇਨਫੈਕਸ਼ਨ ਵਧਣ ਦਾ ਕਾਰਨ ਘੱਟ ਟੀਕਾਕਰਨ ਅਤੇ ਮਾਸਕ ਦਾ ਵਿਰੋਧ ਦੱਸਿਆ ਜਾਂਦਾ ਹੈ। ਫਲੋਰੀਡਾ ਸੂਬੇ ਵਿੱਚ ਸਭ ਤੋਂ ਵੱਧ 16 ਹਜ਼ਾਰ 457 ਮਰੀਜ਼ ਭਰਤੀ ਹਨ। ਇਸ ਦੇ ਬਾਅਦ ਟੈਕਸਾਸ ਦੇ ਹਸਪਤਾਲਾਂ ਵਿੱਚ ਸਭ ਤੋਂ ਵੱਧ ਰੋਗੀ ਹਨ।




# ਅਫਗਾਨਿਸਤਾਨ ਤੋਂ ਅਪਮਾਨਜਨਕ ਵਾਪਸੀ ਕਾਰਨ ਅਮਰੀਕਾ ਵਿੱਚ ਸਿਆਸੀ ਭੇੜ ਛਿੜ ਗਿਆ

*** ਬਾਇਡੇਨ ਵੱਲੋਂ ਟਰੰਪ ਦੇ ਖਿਲਾਫ ਜਵਾਬੀ ਮਿਹਣੇਬਾਜ਼ੀ * ਪੁਤਿਨ ਨੇ ਅਮਰੀਕਾ ਨੂੰ ਅਫ਼ਗਾਨਿਸਤਾਨ ਤੋਂ ਖਾਲੀ ਹੱਥ ਮੁੜਿਆ ਕਿਹਾ**

ਵਾਸ਼ਿੰਗਟਨ, 1 ਸਤੰਬਰ, (ਪੋਸਟ ਬਿਊਰੋ)-ਅਫਗਾਨਿਸਤਾਨ ਤੋਂ ਅਮਰੀਕਾ ਦੀ ਅਪਮਾਨਜਨਕ ਵਾਪਸੀ ਬਾਰੇਮੌਜੂਦਾ ਰਾਸ਼ਟਰਪਤੀ ਜੋ ਬਾਇਡੇਨ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਜ਼ਿਮੇਵਾਰ ਕਿਹਾ ਹੈ।



ਮੌਜੂਦਾ ਰਾਸ਼ਟਰਪਤੀ ਜੋ ਬਾਈਡੇਨ ਨੇ ਇਹ ਦੋਸ਼ ਲਾਇਆ ਕਿ ਡੋਨਾਲਡ ਟਰੰਪ ਨੇ ਤਾਲਿਬਾਨ ਨਾਲ ਸਮਝੌਤੇ ਹੇਠ ਪਿਛਲੇ ਸਾਲ 5000 ਖਤਰਨਾਕ ਅੱਤਵਾਦੀ ਜੇਲ ਤੋਂ ਛੱਡੇ ਸਨ, ਉਹ ਹੀ ਅੱਜ ਅਫਗਾਨਿਸਤਾਨ ਦੀ ਸੱਤਾ ਸੰਭਾਲੀ ਬੈਠੇ ਹਨ। ਉਨ੍ਹਾਂ ਕਿਹਾ ਕਿ ਜਦੋਂ ਮੈਂ ਸੱਤਾ ਸੰਭਾਲੀ, ਓਦੋਂ ਤਾਲਿਬਾਨ 2001 ਤੋਂ ਬਾਅਦ ਆਪਣੀ ਸਭ ਤੋਂ ਵਧੀਆ ਪੋਜ਼ੀਸ਼ਨ ਵਿਚ ਸਨ ਤੇ ਲਗਭਗ ਅੱਧੇ ਦੇਸ਼ ਨੂੰ ਕੰਟਰੋਲ ਕਰ ਰਹੇ ਸਨ। 20 ਸਾਲ ਬਾਅਦ ਅਫਗਾਨਿਸਤਾਨ ਤੋਂ ਅਮਰੀਕੀ ਫੌਜ ਦੀ ਅਪਮਾਨ ਜਨਕ ਵਾਪਸੀ ਦਾ ਬਚਾਅ ਕਰਦੇ ਹੋਏ ਬਾਈਡੇਨ ਨੇ ਇਸਨੂੰ ਸਭ ਤੋਂ ਚੰਗਾ ਫੈਸਲਾ ਕਿਹਾ ਹੈ। ਵ੍ਹਾਈਟ ਹਾਊਸ ਤੋਂ ਦੇਸ਼ ਨੂੰ ਸੰਬੋਧਨ ਕਰਦੇ ਹੋਏ ਬਾਈਡੇਨ ਨੇ ਕਿਹਾ ਕਿ ਅਜਿਹੀ ਜੰਗ ਲੜਨ ਦਾ ਕੋਈ ਕਾਰਨ ਨਹੀਂ, ਜੋ ਅਮਰੀਕੀ ਲੋਕਾਂ ਦੇ ਵੱਡੇ ਹਿੱਤ ਵਿਚ ਨਾ ਹੋਵੇ।ਉਨ੍ਹਾਂ ਦੇਸ਼ ਦੇ ਨਾਂ ਸੰਬੋਧਨ ਓਦੋਂ ਕੀਤਾ ਹੈ, ਜਦੋਂ 11 ਸਤੰਬਰ 2001 ਦੇ ਅੱਤਵਾਦੀ ਹਮਲੇ ਦੀ 20ਵੀਂ ਬਰਸੀ ਵਿਚ 11 ਦਿਨ ਬਾਕੀ ਹਨ। ਇਸੇ ਅੱਤਵਾਦੀ ਹਮਲੇ ਕਾਰਨ ਅਮਰੀਕਾ ਨੇ ਅਫਗਾਨਿਸਤਾਨ ਵਿਚ ਜੰਗ ਸ਼ੁਰੂ ਕੀਤੀ ਸੀ। ਬਾਈਡੇਨ ਨੇ ਕਿਹਾ ਕਿ ਅਫਗਾਨਿਸਤਾਨ ਵਿਚ ਸਾਡੇ ਸਾਹਮਣੇ ਲੜਾਈ ਛੱਡਣ ਜਾਂ ਉਸਨੂੰ ਵਧਾਉਣ ਦਾਬਦਲ ਸੀ, ਮੈਂ ਇਸ ਜੰਗ ਨੂੰ ਹਮੇਸ਼ਾ ਲਈ ਵਧਾਉਣਾ ਨਹੀਂ ਚਾਹੁੰਦਾ ਸੀ।ਬਾਈਡੇਨ ਨੇ ਆਪਣੇ ਸਵਰਗੀ ਬੇਟੇ ਨੂੰ ਯਾਦ ਕੀਤਾ ਜੋ ਕਦੇ ਈਰਾਕ ਵਿਚ ਤਾਇਨਾਤ ਰਹਿ ਚੁੱਕਾ ਸੀ ਅਤੇ ਕਿਹਾ; ਸ਼ਾਇਦ ਮੈਂ ਆਪਣੇ ਮਰਹੂਮ ਬੇਟੇ ਬਿਊ ਬਾਈਡੇਨ ਲਈ ਵੀ ਅਫਗਾਨ ਜੰਗ ਮੁਕਾਉਣ ਦਾ ਫੈਸਲਾ ਲਿਆ ਹੈ।46 ਸਾਲਾਬਿਊ ਬਾਈਡੇਨ ਨੇ ਪੂਰਾ ਇਕ ਸਾਲ ਈਰਾਕ ਵਿਚ ਸੇਵਾ ਕੀਤੀ ਅਤੇ 2015 ਵਿਚ ਬ੍ਰੇਨ ਕੈਂਸਰ ਨਾਲ ਉਸ ਦਾ ਦਿਹਾਂਤ ਹੋ ਗਿਆ ਸੀ।

ਇਸ ਦੌਰਾਨ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਅਫ਼ਗਾਨਿਸਤਾਨ ਵਿਚ ਅਮਰੀਕੀ ਫ਼ੌਜ ਦੀ 20 ਸਾਲ ਦੀ ਜੰਗ ਪਿੱਛੋਂ ਵਾਪਸੀਬਾਰੇ ਕਿਹਾ ਕਿ ਅਮਰੀਕਾ ਨੂੰ ਇਸ ਨਾਲ ਨੁਕਸਾਨ ਤੋਂ ਬਿਨਾਂ ਕੁਝ ਵੀ ਨਹੀਂ ਮਿਲ ਸਕਿਆ ਅਤੇ ਅਫ਼ਗਾਨਿਸਤਾਨ ਮਿਸ਼ਨ ਤ੍ਰਾਸਦੀ ਬਣ ਕੇ ਰਹਿ ਗਿਆ। ਉਨ੍ਹਾਂ ਕਿਹਾ ਕਿ ਕਿਸੇ ਦੇਸ਼ ਉੱਤੇ ਵਿਦੇਸ਼ੀ ਕਦਰਾਂ-ਕੀਮਤਾਂ ਨੂੰ ਥੋਪਣਾ ਅਸੰਭਵ ਹੈ। ਨੌਜਵਾਨਾਂ ਦੇ ਇਕ ਪ੍ਰੋਗਰਾਮ ਵਿੱਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਿਹਾ ਕਿ ਅਮਰੀਕਾ ਏਥੇ 20 ਸਾਲ ਰਿਹਾ, ਇਸ ਮੌਕੇ ਉਸ ਨੇ ਆਪਣੀ ਜੀਵਨ ਸ਼ੈਲੀ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਤੇ ਆਪਣੀਆਂ ਕਦਰਾਂ-ਕੀਮਤਾਂ ਥੋਪਣਲੱਗਾ ਰਿਹਾ, ਪਰ ਸਿੱਟਾ ਕੁਝ ਨਹੀਂ ਨਿਕਲਿਆ ਅਤੇ ਉਲਟਾ ਲੋਕਾਂ ਦਾ ਜਾਨ ਮਾਲ ਦਾ ਨੁਕਸਾਨ ਹੋਇਆ।

# ਕੋਰੋਨਾ ਬਾਰੇ ਟੈਸਟ ਕਰਵਾ ਰਿਹਾ ਅਫਗਾਨੀ ਨੌਜਵਾਨ ਗ੍ਰਿਫ਼ਤਾਰ

ਕਠੂਆ, 2 ਸਤੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਇੰਟਰੀ ਗੇਟ ਲਖਨਪੁਰ ਵਿਚ ਕੋਰੋਨਾ ਟੈਸਟ ਕਰਾ ਰਹੇ ਇੱਕ 17 ਸਾਲਾ ਅਫਗਾਨਿਸਤਾਨੀ ਨੌਜਵਾਨ ਨੂੰ ਪੁਲਸ ਨੇ ਗ੍ਰਿਫ਼ਤਾਰ ਕੀਤਾ ਹੈ। ਉਹ ਕੋਵਿਡ ਟੈਸਟਿੰਗ ਸੈਂਟਰ ਵਿੱਚ ਕੋਰੋਨਾ ਦੀ ਜਾਂਚ ਲਈ ਲਾਈਨ ਵਿੱਚ ਖੜ੍ਹਾ ਸੀ ਅਤੇ ਉਸ ਨੇ ਪਛਾਣ ਲਈ ਜਦੋਂ ਆਪਣਾ ਪਾਸਪੋਰਟ ਕੱਢਿਆ ਤਾਂ ਪੁਲਸ ਨੇ ਉਸਨੂੰ ਗ੍ਰਿਫ਼ਤਾਰ ਕਰ ਲਿਆ। ਇਸ ਬਾਰੇ ਅਗਲੀ ਜਾਂਚ ਚੱਲ ਰਹੀ ਹੈ। ਫੜੇ ਗਏ ਨੌਜਵਾਨ ਦੀ ਪਹਿਚਾਣ ਅਬਦੁੱਲ ਰਹਿਮਾਨ (17) ਪੁੱਤਰ ਅਬਦੁੱਲ ਰਸ਼ੀਦ ਰਹਿਮਾਨੀ ਨਿਵਾਸੀ ਕਾਬੁਲ ਵਜੋਂ ਹੋਈ ਹੈ। ਜਾਂਚ ਵਿਚ ਪਤਾ ਲੱਗਾ ਕਿ ਅਫਗਾਨੀ ਨਾਗਰਿਕ ਦੇ ਕੋਲ ਜੰਮੂ-ਕਸ਼ਮੀਰ ਦਾ ਕੋਈ ਪਾਸਪੋਰਟ ਅਤੇ ਵੀਜ਼ਾ ਨਹੀਂ ਸੀ। ਉਹ ਭਾਰਤ ਵਿੱਚ ਜੁਲਾਈ ਵਿੱਚ ਆਇਆ ਸੀ। ਉਸ ਦੇ ਅਨੁਸਾਰ ਉਸਦਾ ਵੀਜ਼ਾ ਅਤੇ ਪਾਸਪੋਰਟ ਅਕਤੂਬਰ 2021 ਤਕ ਯੋਗ ਹੈ। ਪੁਲਸ ਅਫਗਾਨ ਦੂਤਘਰ ਤੋਂ ਨੌਜਵਾਨ ਦੀ ਵੈਰੀਫਿਕੇਸ਼ਨ ਕਰ ਰਹੀ ਹੈ।

# ਕੋਵਿਡ-19 ਵੈਕਸੀਨ ਪਾਸਪੋਰਟ ਲਿਆਉਣ ਵਾਲੇ ਪ੍ਰੋਵਿੰਸਾਂ ਨੂੰ ਦਿੱਤੀ ਜਾਵੇਗੀ ਆਰਥਿਕ ਮਦਦ: ਟਰੂਡੋ



ਮਿਸੀਸਾਗਾ, 2 ਸਤੰਬਰ (ਪੋਸਟ ਬਿਊਰੋ) :ਲਿਬਰਲ ਆਗੂ ਜਸਟਿਨ ਟਰੂਡੋ ਨੇ ਕੰਜ਼ਰਵੇਟਿਵ ਪ੍ਰੀਮੀਅਰਜ਼ ਉੱਤੇ ਨਿਸ਼ਾਨਾ ਸਾਧਦਿਆਂ ਆਖਿਆਂ ਕਿ ਉਹ ਉਨ੍ਹਾਂ ਪ੍ਰੋਵਿੰਸਾਂ ਨੂੰ ਇੱਕ ਬਿਲੀਅਨ ਡਾਲਰ ਦੀ ਮਦਦ ਦੇਣਗੇ ਜਿਹੜੀਆਂ ਵੈਕਸੀਨ ਪਾਸਪੋਰਟ ਦਾ ਨਿਯਮ ਲਾਗੂ ਕਰਨਗੀਆਂ। ਉਨ੍ਹਾਂ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦਾ ਨਾਂ ਲੈਂਦਿਆਂ ਉਨ੍ਹਾਂ ਨੂੰ ਆਖਿਆ ਕਿ ਉਹ ਇਹ ਪੇਸ਼ਕਸ਼ ਸਵੀਕਾਰ ਕਰਨ।

ਪ੍ਰੋਵਿੰਸ਼ੀਅਲ ਪੱਧਰ ਉੱਤੇ ਸਿਰਫ ਕਿਊਬਿਕ ਤੇ ਬ੍ਰਿਟਿਸ਼ ਕੋਲੰਬੀਆ ਵੱਲੋ ਹੀ ਵੈਕਸੀਨ ਪਾਸਪੋਰਟਸ ਸ਼ੁਰੂ ਕੀਤੇ ਜਾ ਰਹੇ ਹਨ।ਕਿਊਬਿਕ ਵਿੱਚ ਅਗਲੇ ਹਫਤੇ ਤੋਂ ਇਨ੍ਹਾਂ ਨੂੰ ਲਾਗੂ ਕੀਤਾ ਜਾ ਰਿਹਾ ਹੈ ਤੇ ਬੀ ਸੀ ਵੱਲੋਂ ਸਤੰਬਰ ਦੇ ਮੱਧ ਵਿੱਚ ਇਨ੍ਹਾਂ ਨੂੰ ਲਾਗੂ ਕੀਤਾ ਜਾਵੇਗਾ। ਮੈਨੀਟੋਬਾ ਵੀ ਵੈਕਸੀਨ ਪਾਸਪੋਰਟ ਬਾਰੇ ਜਲਦ ਹੀ ਐਲਾਨ ਕਰੇਗਾ। ਟਰੂਡੋ ਨੇ ਬੀਸੀ ਦੇ ਪ੍ਰੀਮੀਅਰ ਜੌਹਨ ਹੋਰਗਨ ਤੇ ਕਿਊਬਿਕ ਦੇ ਪ੍ਰੀਮੀਅਰ ਫਰੈਂਕੌਇਸ ਲੀਗਾਲਟ ਨੂੰ ਉਨ੍ਹਾਂ ਦੇ ਪਲੈਨਜ਼ ਲਈ ਧੰਨਵਾਦ ਕੀਤਾ।

ਟਰੂਡੋ ਨੇ ਆਖਿਆ ਕਿ ਉਹ ਆਸ ਕਰਦੇ ਹਨ ਕਿ ਪ੍ਰੀਮੀਅਰ ਫੋਰਡ ਵੀ ਜਲਦ ਹੀ ਵੈਕਸੀਨ ਪਾਸ-ਪੋਰਟ ਲੈ ਕੇ ਆਉਣਗੇ। ਉਨ੍ਹਾਂ ਆਖਿਆ ਕਿ ਹੁਣ ਸਮਾਂ ਆ ਗਿਆ ਹੈ ਕਿ ਹੈਲਥ ਅਧਿਕਾਰੀਆਂ ਦੀ ਸੁਣੀ ਜਾਵੇ।ਇਸ ਦੇ ਜਵਾਬ ਵਿੱਚ ਫੋਰਡ ਦੇ ਆਫਿਸ ਨੇ ਆਖਿਆ ਕਿ ਸਰਕਾਰ ਤੇਜ਼ੀ ਨਾਲ ਫੈਲ ਰਹੇ ਡੈਲਟਾ ਵੇਰੀਐਂਟ ਤੇ ਉਸ ਦੀ ਗੰਭੀਰਤਾ ਉੱਤੇ ਬਾਰੀਕੀ ਨਾਲ ਨਜ਼ਰ ਰੱਖ ਰਹੀ ਹੈ। ਤਰਜ਼ਮਾਨ ਇਵਾਨਾ ਯੇਲਿਚ ਨੇ ਆਖਿਆ ਕਿ ਰੀਓਪਨਿੰਗ ਪਲੈਨ ਨੂੰ ਬੜੀ ਸਾਵਧਾਨੀ ਨਾਲ ਅਮਲ ਵਿੱਚ ਲਿਆਂਦਾ ਜਾ ਰਿਹਾ ਹੈ, ਵੈਕਸੀਨੇਸ਼ਨ ਪੂਰੇ ਜ਼ੋਰਾਂ ਉੱਤੇ ਹੈ, ਜਨਤਕ ਇੰਡੋਰ ਥਾਂਵਾਂ ਉੱਤੇ ਮਾਸਕ ਲਾਉਣ ਦੇ ਨਾਲ ਨਾਲ ਸੋਸ਼ਲ ਡਿਸਟੈਂਸਿੰਗ ਵੀ ਬਰਕਰਾਰ ਰੱਖਣ ਦੀਆਂ ਹਦਾਇਤਾਂ ਹਨ, ਹਾਈ ਰਿਸਕ ਇਲਾਕਿਆਂ ਵਿੱਚ ਲਾਜ਼ਮੀ ਵੈਕਸੀਨੇਸ਼ਨ ਉੱਤੇ ਵੀ ਜ਼ੋਰ ਦਿੱਤਾ ਜਾ ਰਿਹਾ ਹੈ।

# ਤੈਸ਼ ਵਿੱਚ ਆਈ ਭੀੜ ਨੇ ਟਰੂਡੋ ਦੇ ਈਵੈਂਟ ਵਿੱਚ ਡਾਹਿਆ ਅੜਿੱਕਾ




ਓਟਵਾ, 2 ਸਤੰਬਰ (ਪੋਸਟ ਬਿਊਰੋ) : ਐਤਵਾਰ ਨੂੰ ਕੈਂਬ੍ਰਿਜ, ਓਨਟਾਰੀਓ ਵਿੱਚ ਇੱਕ ਕੈਂਪੇਨ ਈਵੈਂਟ ਦੌਰਾਨ ਗੁੱਸੇ ਵਿੱਚ ਆਏ ਕੁੱਝ ਲੋਕਾਂ ਵੱਲੋਂ ਲਿਬਰਲ ਆਗੂ ਜਸਟਿਨ ਟਰੂਡੋ ਦੀ ਕੈਂਪੇਨ ਬੱਸ ਨੂੰ ਘੇਰਾ ਪਾ ਲਿਆ ਗਿਆ ਤੇ ਟਰੂਡੋ ਖਿਲਾਫ ਅਪਸ਼ਬਦ ਵੀ ਬੋਲੇ ਗਏ।

ਜਿਸ ਈਵੈਂਟ ਨੂੰ ਟਰੂਡੋ ਨੇ ਸੰਬੋਧਨ ਕਰਨਾ ਸੀ ਉਹ ਇੱਕ ਘੰਟਾ ਪਛੜ ਗਿਆ।ਲੋਕਲ ਸੀਟ ਮੈਟਲ ਬਿਜ਼ਨਸ ਦੀ ਐਂਟਰੈਂਸ ਨੂੰ ਲੋਕਾਂ ਨੇ ਘੇਰਾ ਪਾ ਕੇ ਰੋਕ ਦਿੱਤਾ। ਇੱਥੇ ਟਰੂਡੋ ਵੱਲੋਂ ਕਲਾਈਮੇਟ ਸਬੰਧੀ ਐਲਾਨ ਕੀਤਾ ਜਾਣਾ ਸੀ।ਇਸ ਤੋਂ ਦੋ ਦਿਨ ਪਹਿਲਾਂ ਬੋਲਟਨ, ਓਨਟਾਰੀਓ ਵਿੱਚ ਟਰੂਡੋ ਦੀ ਇੱਕ ਹਰ ਰੈਲੀ ਨੂੰ ਗੁੱਸੇ ਵਿੱਚ ਆਏ ਲੋਕਾਂ ਦੀ ਭੀੜ ਕਾਰਨ ਸਕਿਊਰਿਟੀ ਕਾਰਨਾਂ ਕਰਕੇ ਰੱਦ ਕਰ ਦਿੱਤਾ ਗਿਆ ਸੀ।

ਟਰੂਡੋ ਨੇ ਆਖਿਆ ਕਿ ਉਹ ਸਮਝ ਸਕਦੇ ਹਨ ਕਿ ਮਹਾਂਮਾਰੀ ਨੇ ਕਿਸ ਤਰ੍ਹਾਂ ਬਹੁਤ ਸਾਰੇ ਲੋਕਾਂ ਵਿੱਚ ਡਰ ਤੇ ਤਣਾਅ ਨੂੰ ਵਧਾਅ ਦਿੱਤਾ ਹੈ ਪਰ ਉਨ੍ਹਾਂ ਕਿਸੇ ਵੀ ਤਰ੍ਹਾਂ ਦੀ ਹਿੰਸਾ, ਨਸਲਵਾਦ ਤੇ ਕੱਟੜਤਾ ਦੀ ਨਿਖੇਧੀ ਕੀਤੀ। ਉਨ੍ਹਾਂ ਆਖਿਆ ਕਿ ਜਿਹੜੇ ਲੋਕ ਵੈਕਸੀਨਜ਼ ਸਬੰਧੀ ਸਾਇੰਸ ਤੇ ਕਲਾਇਮੇਟ ਚੇਂਜ ਤੋਂ ਇਨਕਾਰ ਕਰਦੇ ਹਨ ਉਨ੍ਹਾਂ ਨੇ ਇਹ ਤੈਅ ਨਹੀਂ ਕਰਨਾ ਹੈ ਕਿ ਕੈਨੇਡਾ ਕਿਵੇਂ ਅੱਗੇ ਵਧੇਗਾ। ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਕੈਂਪੇਨ ਸਬੰਧੀ ਈਵੈਂਟਸ ਨੇ ਉਨ੍ਹਾਂ ਦੇ ਪਲੇਟਫਾਰਮ ਨੂੰ ਅੱਗੇ ਵਧਾਉਣ ਦੇ ਉਨ੍ਹਾਂ ਦੇ ਦ੍ਰਿੜ ਨਿਸ਼ਚੇ ਨੂੰ ਹਰ ਵੀ ਪੱਕਿਆਂ ਕਰ ਦਿੱਤਾ ਹੈ।

ਹੁਣ ਤੱਕ ਟਰੂਡੋ ਦੀ ਕੈਂਪੇਨ ਕਾਫੀ ਖਰਾਬ ਹੋ ਚੁੱਕੀ ਹੈ।ਚੋਣ ਸਰਵੇਖਣਾਂ ਤੋਂ ਸਾਹਮਣੇ ਆ ਰਿਹਾ ਹੈ ਕਿ ਇਸ ਸਾਲ ਦੇ ਸ਼ੁਰੂ ਵਿੱਚ ਟਰੂਡੋ ਨੂੰ ਜਿਹੜੀ ਲੀਡ ਹਾਸਲ ਹੋਈ ਸੀ ਉਹ ਹੁਣ ਉੱਡ-ਪੁੱਡ ਚੁੱਕੀ ਹੈ। ਕਈ ਥਾਂਵਾਂ ਉੱਤੇ ਟਰੂਡੋ ਦੀ ਕੈਂਪੇਨ ਨੂੰ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ ਕੁੱਝ ਦਿਨਾਂ ਵਿੱਚ ਭੀੜ ਦੀ ਮਾਨਸਿਕਤਾ ਤੇ ਮੁਜ਼ਾਹਰਾਕਾਰੀਆਂ ਦੀ ਭੀੜ ਵਿੱਚ ਵਾਧਾ ਹੀ ਦਰਜ ਕੀਤਾ ਗਿਆ ਹੈ।

ਇਸ ਦੌਰਾਨ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਤੇ ਐਨਡੀਪੀ ਆਗੂ ਜਗਮੀਤ ਸਿੰਘ ਨੇ ਗੁੱਸੇ ਵਿੱਚ ਆਈ ਇਸ ਭੀੜ ਦੀ ਨਿਖੇਧੀ ਕੀਤੀ ਤੇ ਲੋਕਾਂ ਨੂੰ ਸਨਮਾਨਜਨਕ ਢੰਗ ਨਾਲ ਪੇਸ਼ ਆਉਣ ਲਈ ਵੀ ਆਖਿਆ।


## ਨੈਨੀ ਦੀ ਲੋੜ

ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।

ਸੰਪਰਕ ਕਰੋ:

**416556 6884**


# ਵਿਅਕਤੀ ਉੱਤੇ ਵੈਨ ਚੜ੍ਹਾਉਣ ਵਾਲੇ ਮਸ਼ਕੂਕਾਂ ਦੀ ਭਾਲ 'ਚ ਪੁਲਿਸ

ਮਿਸੀਸਾਗਾ, 2 ਸਤੰਬਰ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਸੋਮਵਾਰ ਸਵੇਰੇ ਇੱਕ ਵਿਅਕਤੀ ਤੋਂ ਪਹਿਲਾਂ ਮਸ਼ਕੂਕਾਂ ਨੇ ਡਲਿਵਰੀ ਵੈਨ ਖੋਹ ਲਈ ਤੇ ਫਿਰ ਉਸ ਦੇ ਉੱਤੇ ਹੀ ਚੜ੍ਹਾ ਦਿੱਤੀ।ਪੁਲਿਸ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ।

ਪੀਲ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਸਵੇਰੇ 6:43 ਉੱਤੇ ਡੰਡਸ ਸਟਰੀਟ ਈਸਟ ਤੇ ਹੇਨਜ਼ ਰੋਡ ਉੱਤੇ ਸਥਿਤ ਇੱਕ ਰੈਸਟੋਰੈਂਟ ਨੇੜੇ ਇੱਕ ਵਿਅਕਤੀ ਨੇ ਆਪਣੀ ਵੈਨ ਪਾਰਕ ਕੀਤੀ।ਜਿਸ ਤੋਂ ਬਾਅਦ ਦੋ ਮਸ਼ਕੂਕ ਵੈਨ ਕੋਲ ਪਹੁੰਚੇ ਤੇ ਉਨ੍ਹਾਂ ਉਸ ਵਿਅਕਤੀ ਨੂੰ ਖਿੱਚ ਕੇ ਵੈਨ ਵਿੱਚੋਂ ਬਾਹਰ ਕੱਢ ਦਿੱਤਾ ਤੇ ਫਿਰ ਮੌਕੇ ਤੋਂ ਫਰਾਰ ਹੁੰਦੇ ਸਮੇਂ ਉਸ ਦੀ ਵੈਨ ਉਸ ਉੱਤੇ ਹੀ ਚੜ੍ਹਾ ਦਿੱਤੀ।

ਪੈਰਾਮੈਡਿਕਸ ਨੇ ਆਖਿਆ ਕਿ ਜ਼ਖ਼ਮੀ ਵਿਅਕਤੀ ਨੇ ਉਨ੍ਹਾਂ ਨੂੰ ਦੱਸਿਆ ਕਿ ਉਸ ਨੇ ਮਸ਼ਕੂਕਾਂ ਦੇ ਹੱਥ ਵਿੱਚ ਕੋਈ ਹਥਿਆਰ ਨਹੀਂ ਸਨ ਵੇਖੇ। ਵੈਨ ਨਿਸਨ ਕੰਪਨੀ ਦੀ ਤੇ ਚਿੱਟੇ ਰੰਗ ਦੀ ਸੀ ਜਿਸ ਉੱਤੇ ਓਨਟਾਰੀਓ ਦੀ ਲਾਇਸੰਸ ਪਲੇਟ ਬੀਡੀ 83714 ਲੱਗੀ ਹੋਈ ਸੀ। ਉਸ ਨੂੰ ਆਖਰੀ ਵਾਰੀ ਡੰਡਸ ਸਟਰੀਟ ਉੱਤੇ ਉੱਤਰ ਵੱਲ ਜਾਂਦਿਆਂ ਵੇਖਿਆ ਗਿਆ।

# ਅਮਰੀਕਾ ਵਿੱਚ ਸੜਕ ਹਾਦਸੇ 'ਚ ਪੁਲਸ ਅਫਸਰ ਸਣੇ ਦੋ ਪੰਜਾਬੀਆਂ ਦੀ ਮੌਤ



ਸਾਨ ਫਰਾਂਸਿਸਕੋ, 2 ਸਤੰਬਰ (ਪੋਸਟ ਬਿਊਰੋ)- ਬੀਤੇ ਦਿਨੀਂ ਸੈਕਰਾਮੈਂਟੋ ਨੇੜੇ ਪੈਂਦੇ ਸ਼ਹਿਰ ਗਾਲਟ ਦੇ ਪੰਜਾਬੀ ਸਿੱਖ ਅਫਸਰ ਹਰਮਿੰਦਰ ਸਿੰਘ ਗਰੇਵਾਲ ਸਮੇਤ ਸੜਕ ਹਾਦਸੇ ਵਿੱਚ ਦੋ ਨੌਜਵਾਨਾਂ ਦੀ ਮੌਤ ਹੋ ਗਈ ਹੈ। ਜਿਸ ਗੱਡੀ ਨਾਲ ਸਿੱਖ ਪੁਲਸ ਅਫਸਰ ਦੀ ਗੱਡੀ ਟਕਰਾਈ, ਉਹ ਵੀ ਪੰਜਾਬੀ ਨੌਜਵਾਨ ਸੀ।

ਪਤਾ ਲੱਗਾ ਹੈ ਕਿ ਪੁਲਸ ਅਫਸਰ ਹਰਮਿੰਦਰ ਸਿੰਘ ਗਰੇਵਾਲ ਸੈਂਕਰਾਮੈਂਟੋ ਨੇੜੇ ਲੱਗੀ ਹੋਈ ਅੱਗ ਦੀ ਘਟਨਾ ਦਾ ਜਾਇਜ਼ਾ ਲੈਣ ਲਈ ਗਰਾਂਟ ਲਾਈਨ ਜਾ ਰਿਹਾ ਸੀ, ਪਰ ਦੂਜੇ ਪਾਸੇ ਤੋਂ ਆਉਂਦੇ ਟਰੱਕ ਨੇ ਸੜਕ ਪਾਰ ਕਰਦੇ ਸਮੇਂ ਉਸ ਅਫਸਰ ਦੀ ਗੱਡੀ ਵਿੱਚ ਟੱਕਰ ਮਾਰ ਦਿੱਤੀ। ਇਸ ਕਾਰਨ ਪੁਲਸ ਅਫਸਰ ਹਰਮਿੰਦਰ ਸਿੰਘ ਗਰੇਵਾਲ (27) ਗੰਭੀਰ ਜ਼ਖਮੀ ਹੋ ਗਿਆ ਤੇ ਉਨ੍ਹਾਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ, ਪਰ ਦੂਸਰੇ ਦਿਨ ਉਸ ਦੀ ਹਸਪਤਾਲ ਵਿੱਚ ਮੌਤ ਹੋ ਗਈ। ਇਸ ਦੌਰਾਨ ਇੱਕ ਹੋਰ ਔਰਤ ਅਫਸਰ ਕੇ ਪੀ ਹਰੇਰਾ, ਜੋ ਅਫਸਰ ਗਰੇਵਾਲ ਨਾਲ ਜਾ ਰਹੀ ਸੀ, ਵੀ ਗੰਭੀਰ ਜ਼ਖਮੀ ਹੋ ਗਈ ਅਤੇ ਉਹ ਆਈ ਸੀ ਯੂ ਡੇਵਿਸ ਵਿੱਚ ਜ਼ੇਰੇ ਇਲਾਜ ਹੈ। ਪੁਲਸ ਦੀ ਗੱਡੀ ਵਿੱਚ ਵੱਜਣ ਵਾਲਾ ਪਿਕਅਪ ਦਾ ਡਰਾਈਵਰ ਵੀ ਪੰਜਾਬੀ ਮਨਜੋਤ ਸਿੰਘ ਥਿੰਦ (26) ਸੀ, ਜੋ ਮੋਨਟੀਕਾ ਸ਼ਹਿਰ ਦਾ ਦੱਸਿਆ ਗਿਆ ਹੈ। ਉਸ ਨਾਲ ਵੀ ਦੋ ਹੋਰ ਵਿਅਕਤੀ ਸਨ, ਜੋ ਡਬਲਿਨ ਅਤੇ ਟਰਲੱਕ ਸ਼ਹਿਰ ਦੇ ਸਨ, ਉਹ ਵੀ ਜ਼ਖਮੀ ਹੋ ਗਏ। ਥਿੰਦ ਦਾ ਪਿੰਡ ਰਾਏਕੋਟ (ਲੁਧਿਆਣਾ) ਦੱਸਿਆ ਗਿਆ ਹੈ। ਗਰੇਵਾਲ ਦਾ ਪਿੰਡ ਗਾਲਬ ਕਲਾਂ ਨੇੜੇ ਜਗਰਾਓਂ ਦੱਸਿਆ ਗਿਆ ਹੈ। ਉਹ ਇੱਥੇ ਗਾਲਟ ਵਿੱਚ ਆਪਣੇ ਮਾਂ-ਬਾਪ ਤੇ ਭਰਾ ਨਾਲ ਰਹਿ ਰਿਹਾ ਸੀ।

# ਯੌਰਕਡੇਲ ਮਾਲ ਵਿੱਚ ਚੱਲੀ ਗੋਲੀ, ਇੱਕ ਹਿਰਾਸਤ ਵਿੱਚ

*ਦੂਜੇ ਮਸ਼ਕੂਕ ਦੀ ਭਾਲ ਕਰ ਰਹੀ ਹੈ ਪੁਲਿਸ

ਟੋਰਾਂਟੋ, 2 ਸਤੰਬਰ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਯੌਰਕਡੇਲ ਮਾਲ ਵਿੱਚ ਗੋਲੀਆਂ ਚਲਾਏ ਜਾਣ ਦੀ ਘਟਨਾ ਵਾਪਰਨ ਤੋਂ ਬਾਅਦ ਇੱਕ ਵਿਅਕਤੀ ਨੂੰ ਪੁਲਿਸ ਵੱਲੋਂ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਤੇ ਦੂਜੇ ਦੀ ਪੁਲਿਸ ਭਾਲ ਕਰ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਦੁਪਹਿਰੇ 3:38 ਉੱਤੇ ਨੌਰਥ ਟੋਰਾਂਟੋ ਮਾਲ ਵਿੱਚ ਗੋਲੀਆਂ ਚੱਲਣ ਸਬੰਧੀ ਕਈ ਕਾਲਜ਼ ਮਿਲੀਆਂ ਜਿਸ ਮਗਰੋਂ ਉਹ ਮੌਕੇ ਉੱਤੇ ਪਹੁੰਚੇ। ਪੁਲਿਸ ਨੇ ਦੱਸਿਆ ਕਿ ਮਾਲ ਦੀ ਸਕਿਊਰਿਟੀ, ਅਧਿਕਾਰੀਆਂ ਦੀ ਮਦਦ ਨਾਲ ਉਨ੍ਹਾਂ ਵੱਲੋਂ ਇੱਕ ਮਸ਼ਕੂਕ ਦੀ ਪਛਾਣ ਕਰ ਲਈ ਗਈ ਤੇ ਉਸ ਦਾ ਪਿੱਛਾ ਕਰਨ ਮਗਰੋਂ ਉਨ੍ਹਾਂ ਉਸ ਨੂੰ ਹਾਈਵੇਅ 401 ਉੱਤੇ ਗ੍ਰਿਫਤਾਰ ਕਰ ਲਿਆ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਮਸ਼ਕੂਕ ਕੋਲੋਂ ਭਰਿਆ ਹੋਇਆ ਹਥਿਆਰ ਵੀ ਮਿਲਿਆ।

ਦੁਪਹਿਰ ਨੂੰ ਜਾਰੀ ਕੀਤੀ ਗਈ ਅਪਡੇਟ ਅਨੁਸਾਰ ਜਾਂਚਕਾਰਾਂ ਨੇ ਦੱਸਿਆ ਕਿ ਉਹ ਇਸ ਸ਼ੂਟਿੰਗ ਦੇ ਸਬੰਧ ਵਿੱਚ ਇੱਕ ਹੋਰ ਮਸ਼ਕੂਕ ਦੀ ਭਾਲ ਕਰ ਰਹੇ ਹਨ।ਉਸ ਸਮੇਂ ਪੁਲਿਸ ਵੱਲੋਂ ਚਸ਼ਮਦੀਦਾਂ ਕੋਲੋਂ ਜਾਣਕਾਰੀ ਹਾਸਲ ਕੀਤੀ ਜਾ ਰਹੀ ਸੀ ਇਸ ਲਈ ਉਨ੍ਹਾਂ ਵੱਲੋਂ ਮਸ਼ਕੂਕ ਦਾ ਕੋਈ ਵੇਰਵਾ ਮੁਹੱਈਆ ਨਹੀਂ ਕਰਵ-ਾਇਆ ਗਿਆ। ਪੁਲਿਸ ਨੇ ਇਹ ਤਾਂ ਨਹੀਂ ਦੱਸਿਆ ਕਿ ਉਹ ਦੋਵੇਂ ਇੱਕ ਦੂਜੇ ਉੱਤੇ ਗੋਲੀਆਂ ਚਲਾ ਰਹੇ ਸਨ ਪਰ ਇਸ ਗੱਲ ਦੀ ਪੁਸ਼ਟੀ ਜ਼ਰੂਰ ਕੀਤੀ ਗਈ ਕਿ ਦੋ ਵਿਅਕਤੀਆਂ ਕੋਲ ਹਥਿਆਰ ਸਨ।

ਇਸ ਘਟਨਾ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਰਿਪੋਰਟ ਨਹੀਂ ਮਿਲੀ ਪਰ ਪੈਰਾਮੈਡਿਕਸ ਨੇ ਦੱਸਿਆ ਕਿ ਮਾਲ ਤੋਂ ਬਾਹਰ ਨਿਕਲਣ ਸਮੇਂ ਮਚੀ ਅਫਰਾ ਤਫਰੀ ਵਿੱਚ ਕੁੱਝ ਲੋਕਾਂ ਨੂੰ ਮਾਮੂਲੀ ਸੱਟਾਂ ਜ਼ਰੂਰ ਲੱਗੀਆਂ।

# 12 ਸਾਲ ਤੋਂ ਵੱਧ ਉਮਰ ਦੇ ਬੱਚਿਆਂ ਲਈ ਹੈਲਥ ਕੈਨੇਡਾ ਨੇ ਮੌਡਰਨਾ ਨੂੰ ਦਿੱਤੀ ਮਨਜ਼ੂਰੀ



ਟੋਰਾਂਟੋ, 2 ਸਤੰਬਰ (ਪੋਸਟ ਬਿਊਰੋ) : ਬੀਤੇ ਦਿਨੀਂ ਹੈਲਥ ਕੈਨੇਡਾ ਵੱਲੋਂ ਵੱਡੇ ਬੱਚਿਆਂ ਲਈ ਕੋਵਿਡ-19 ਸਬੰਧੀ ਦੂਜੀ ਵੈਕਸੀਨ ਨੂੰ ਵੀ ਮਨਜ਼ੂਰੀ ਦੇ ਦਿੱਤੀ ਗਈ ਹੈ।

ਏਜੰਸੀ ਨੇ ਸ਼ੁੱਕਰਵਾਰ ਨੂੰ ਆਖਿਆ ਕਿ 12 ਤੇ 17 ਸਾਲ ਦਰਮਿਆਨ ਬੱਚਿਆਂ ਲਈ ਕੋਵਿਡ-19 ਦੀ ਰੋਕਥਾਮ ਵਾਸਤੇ ਮੌਡਰਨਾ ਵੈਕਸੀਨ ਨੂੰ ਸੇਫ ਤੇ ਪ੍ਰਭਾਵਸ਼ਾਲੀ ਮੰਨਿਆ ਗਿਆ ਹੈ। ਇਸ ਤੋਂ ਪਹਿਲਾਂ ਮਈ ਵਿੱਚ ਫਾਈਜ਼ਰ ਦੀ ਕੋਵਿਡ-19 ਵੈਕਸੀਨ ਨੂੰ ਇਸੇ ਉਮਰ ਵਰਗ ਦੇ ਬੱਚਿਆਂ ਲਈ ਮਨਜ਼ੂਰੀ ਦਿੱਤੀ ਗਈ ਸੀ।ਦਸੰਬਰ 2020 ਵਿੱਚ ਮੌਡਰਨਾ ਵੈਕਸੀਨ ਨੂੰ ਹੈਲਥ ਕੈਨੇਡਾ ਵੱਲੋਂ 18 ਸਾਲ ਤੇ ਇਸ ਤੋਂ ਵੱਧ ਉਮਰ ਵਰਗ ਦੇ ਬਾਲਗਾਂ ਲਈ ਮਨਜ਼ੂਰੀ ਦਿੱਤੀ ਗਈ ਸੀ।

ਹੈਲਥ ਏਜੰਸੀ ਨੇ ਆਖਿਆ ਕਿ ਬਾਲਗਾਂ ਵਾਂਗ ਹੀ ਬੱਚਿਆਂ ਨੂੰ ਵੀ ਇਸ ਐਮ ਆਰ ਐਨ ਏ ਵੈਕਸੀਨ ਦੀਆਂ ਦੋ ਡੋਜ਼ਾਂ ਇੱਕ ਮਹੀਨੇ ਦੇ ਵਕਫੇ ਉੱਤੇ ਦੇਣੀਆਂ ਚਾਹੀਦੀਆਂ ਹਨ।ਕਲੀਨਿਕਲ ਟ੍ਰਾਇਲਸ ਅਨੁਸਾਰ 12 ਤੋਂ 17 ਸਾਲ ਦੇ ਜਿਨ੍ਹਾਂ ਬੱਚਿਆਂ ਉੱਤੇ ਵੈਕਸੀਨ ਅਜ਼ਮਾਈ ਗਈ ਉਨ੍ਹਾਂ ਨੂੰ ਦਿੱਤੀ ਗਈ ਦੂਜੀ ਡੋਜ਼ ਤੋਂ ਬਾਅਦ ਇਹ ਵੈਕਸੀਨ 100 ਫੀ ਸਦੀ ਪ੍ਰਭਾਵਸ਼ਾਲੀ ਪਾਈ ਗਈ।

# ਲਿਬਰਲਾਂ ਤੇ ਕੰਜ਼ਰਵੇਟਿਵਾਂ ਨੇ ਚੋਣ ਪ੍ਰਚਾਰ ਦੇ ਤੀਜੇ ਹਫਤੇ ਇੱਕ ਦੂਜੇ ਉੱਤੇ ਉਛਾਲਿਆ ਚਿੱਕੜ



ਓਟਵਾ, 2 ਸਤੰਬਰ (ਪੋਸਟ ਬਿਊਰੋ) : ਬੀਤੇ ਦਿਨੀਂ ਲਿਬਰਲਾਂ ਤੇ ਕੰਜ਼ਰਵੇਟਿਵਾਂ ਨੇ ਅੱਜ ਸਵੇਰੇ ਇੱਕ ਦੂਜੇ ਉੱਤੇ ਹਮਲਾ ਬੋਲਦਿਆਂ ਇੱਕ ਦੂਜੇ ਦੀ ਖੂਬ ਨਿਖੇਧੀ ਕੀਤੀ।

ਕੰਜ਼ਰਵੇਟਿਵ ਆਗੂ ਐਰਿਨ ਓਟੂਲ ਦੀ ਪਾਰਟੀ ਨੇ ਦਿਨ ਦੀ ਸ਼ੁਰੂਆਤ ਲਿਬਰਲ ਉਮੀਦਵਾਰ ਸਟੀਵਨ ਗਿਲਬਟ ਵੱਲੋਂ ਪਾਰਲੀਆਮੈਂਟਰੀ ਐਥਿਕਸ ਫਾਈਲਿੰਗ ਦੌਰਾਨ ਜ਼ਾਹਰ ਕੀਤੇ ਗਏ ਟੈਕਸ ਏਰੀਅਰਜ਼ ਉੱਤੇ ਸਵਾਲ ਉਠਾ ਕੇ ਕੀਤੀ। ਇਸੇ ਤਰ੍ਹਾਂ ਗਿਲਬਟ ਨੇ ਕਲਾਈਮੇਟ ਚੇਂਜ ਤੋਂ ਇਨਕਾਰ ਕਰਨ ਵਾਲੇ ਦਰਜਨਾਂ ਉਮੀਦਵਾਰਾਂ ਦੀਆਂ ਟਵਿੱਟਰ ਉੱਤੇ ਕੀਤੀਆਂ ਪੋਸਟਸ ਦਾ ਹਵਾਲਾ ਦੇ ਕੇ ਉਨ੍ਹਾਂ ਦੀ ਨੁਕਤਾਚੀਨੀ ਕੀਤੀ।

ਲਿਬਰਲ ਆਗੂ ਜਸਟਿਨ ਟਰੂਡੋ ਨੇ ਗ੍ਰੈਨਬੀ, ਕਿਊਬਿਕ ਵਿੱਚ ਗੱਲ ਕਰਦਿਆਂ ਆਖਿਆ ਕਿ ਓਟੂਲ ਨੂੰ ਲਿਬਰਲ ਉਮੀਦਵਾਰਾਂ ਉੱਤੇ ਚਿੱਕੜ ਉਛਾਲਣ ਤੋਂ ਪਹਿਲਾਂ ਆਪਣੀ ਪਾਰਟੀ ਦੇ ਉਮੀਦਵਾਰਾਂ ਦੀ ਪੀੜ੍ਹੀ ਥੱਲੇ ਸੋਟਾ ਫੇਰ ਲੈਣਾ ਚਾਹੀਦਾ ਹੈ। ਟਰੂਡੋ ਨੇ ਕੈਨੇਡਾ ਦੀਆਂ ਵੱਡੀਆਂ ਝੀਲਾਂ ਤੇ ਰਿਵਰ ਸਿਸਟਮ ਨੂੰ ਰੀਸਟੋਰ ਕਰਨ ਸਬੰਧੀ ਪਲੈਨ ਤਿਆਰ ਕਰਨ ਦੀ ਵੀ ਗੱਲ ਆਖੀ।ਟਰੂਡੋ ਅੱਜ ਆਪਣੇ ਚੋਣ ਪ੍ਰਚਾਰ ਲਈ ਨੁਨਾਵਤ ਜਾਣਗੇ ਤੇ ਰਾਹ ਵਿੱਚ ਉਹ ਇਕੁਆਲੁਇਟ ਵੀ ਰੁਕਣਗੇ।

ਓਟਵਾ ਵਿੱਚ ਐਨਡੀਪੀ ਆਗੂ ਜਗਮੀਤ ਸਿੰਘ ਨੇ ਕੈਨੇਡਾ ਰੈਵਨਿਊ ਏਜੰਸੀ ਉੱਤੇ ਹੋਰ ਖਰਚਾ ਕਰਨ ਤੇ ਟੈਕਸ ਨਾ ਅਦਾ ਕਰਨ ਵਾਲੇ ਧੰਨ ਕੁਬੇਰਾਂ ਉੱਤੇ ਸ਼ਿਕੰਜਾ ਕੱਸਣ ਦਾ ਵਾਅਦਾ ਕੀਤਾ।ਬਾਅਦ ਵਿੱਚ ਉਨ੍ਹਾਂ ਲੇਡੀਸਮਿੱਥ, ਬੀਸੀ ਵਿਖੇ ਆਪਣੇ ਸਮਰਥਕਾਂ ਨੂੰ ਮਿਲਣ ਜਾਣ ਦੀ ਆਪਣੀ ਯੋਜਨਾ ਸਪਸ਼ਟ ਕੀਤੀ। ਇਸ ਦੌਰਾਨ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਅੱਜ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਹੀ ਰਹਿਣ ਦਾ ਫੈਸਲਾ ਕੀਤਾ। ਉਨ੍ਹਾਂ ਦਿਨ ਦੀ ਸ਼ੁਰੂਆਤ ਕਿੰਗ ਸਿਟੀ, ਓਨਟਾਰੀਓ ਸਥਿਤ ਡੌਗ ਸੈਂਚੁਰੀ ਤੋਂ ਕੀਤੀ ਤੇ ਫਿਰ ਅੱਜ ਉਹ ਮਾਰਖਮ ਵਿੱਚ ਆਪਣੇ ਸਮਰਥਕਾਂ ਨਾਲ ਮੁਲਾਕਾਤ ਕਰਨਗੇ।


Steinmetz & Associates

PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU

647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca



## ਲੇਡੀ ਵਰਕਰ ਦੀ ਲੋੜ

Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

## ਹੈਂਡੀਮੈਨ ਦੀ ਲੋੜ

ਪਲੰਬਿੰਗ, ਇਲੈਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।

**ਸੰਪਰਕ: 416-816-1695**

ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ



Visions of Punjab



Natasha Mahal
Co-Host

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Iqbal Mahal
Producer & Host

Serving the South Asian Community Since 1976



jobs! jobs! jobs! jobs! jobs!

HELP WANTED

DUNDAS·JAFINE

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department

# ਰੈਡ ਵਿੱਲੋ ਕਲੱਬ ਨੇ ਕੈਨੇਡਾ ਡੇਅ ਅਤੇ ਭਾਰਤ ਦਾ ਆਜ਼ਾਦੀ ਦਿਵਸ ਮਨਾਇਆ






(ਹਰਜੀਤ ਬੇਦੀ): ਬਰੈਂਪਟਨ ਦੀ ਰੈਡ ਵਿੱਲੋ ਕਲੱਬ ਵਲੋਂ ਪਿਛਲੇ ਹਫਤੇ ਕਨੇਡਾ ਡੇਅ ਅਤੇ ਭਾਰਤ ਦਾ ਆਜਾਦੀ ਦਿਹਾੜਾ ਐਨਐਸ਼ ਪਾਰਕ ਵੈਲੀਕਰੀਕ ਵਿੱਚ ਮਨਾਇਆ ਗਿਆ। ਮਹਿਮਾਨਾਂ ਦੇ ਚਾਹ ਪਾਣੀ ਪੀਣ ਤੋਂ ਬਾਦ ਪਰੋਗਰਾਮ ਦੀ ਸੁਰੂਆਤ ਕਨੇਡਾ ਅਤੇ ਭਾਰਤ ਦੇ ਝੰਡੇ ਝੁਲਾ ਕੇ ਕੀਤੀ ਗਈ। ਇਸ ਤੋਂ ਬਾਦ "ਓ ਕਨੇਡਾ" ਅਤੇ "ਜਨ ਗਨ ਮਨ" ਰਾਸ਼ਟਰੀ ਗੀਤ ਗਾਏ ਗਏ। ਕਲੱਬ ਦੇ ਸਕੱਤਰ ਕੁਲਵੰਤ ਸਿੰਘ ਨੇ ਸਟੇਜ ਦੀ ਕਾਰਵਾਈ ਸੰਭਾਲਦਿਆਂ ਕਲੱਬ ਦੇ ਪਰਧਾਨ ਗੁਰਨਾਮ ਸਿੰਘ ਗਿੱਲ ਨੂੰ ਆਏ ਮਹਿਮਾਨਾਂ ਨੂੰ ਜੀ ਆਇਆਂ ਕਹਿਣ ਲਈ ਸੱਦਾ ਦਿੱਤਾ। ਪਰਧਾਨ ਜੀ ਨੇ ਜੀ ਆਇਆਂ ਕਹਿਣ ਦੇ ਨਾਲ ਹੀ ਆਉਣ ਵਾਲੇ ਬੁਲਾਰਿਆਂ ਨੂੰ ਬੇਨਤੀ ਕੀਤੀ ਕਿ ਕਨੇਡਾ ਡੇਅ, ਭਾਰਤ ਦੇ ਆਜਾਦੀ ਦਿਵਸ, ਅਤੇ ਸੀਨੀਅਰਜ਼ ਬਾਰੇ ਹੀ ਵਿਚਾਰ ਪੇਸ਼ ਕੀਤੇ ਜਾਣ।

ਪ੍ਰੋਗਰਾਮ ਦੀ ਸੁਰੂਆਤ ਸਕਾਈ ਪਟੇਲ ਦੇ ਬੈਂਜੋ ਅਤੇ ਉਸ ਦੇ ਸਾਥੀ ਮਹਿੰਦਰਾ ਪਟੇਲ ਦੇ ਢੋਲਕ ਰਾਹੀਂ ਗੁਰੂ ਨਾਨਕ ਦੇ ਸਰਬ ਸਾਂਝੀਵਾਲਤਾ ਦਾ ਸੰਦੇਸ਼, ਐ ਮੇਰੇ ਵਤਨ ਕੇ ਲੋਗੋ, ਹੈ ਪ੍ਰੀਤ ਜਹਾਂ ਕੀ ਰੀਤ ਗੀਤਾਂ ਨੂੰ ਸਾਜਾਂ ਦੁਆਰਾ ਸੰਗੀਤਕ ਧੁੰਨਾਂ ਰਾਹੀਂ ਪੇਸ਼ ਕਰ ਕੇ ਦਰਸ਼ਕਾਂ ਨੂੰ ਖੁਸ਼ ਕਰ ਦਿੱਤਾ। ਰੀਜਨਲ ਕੌਂਸਲਰ ਪੈਟ ਫਰੋਟੀਨੀ, ਗੁਰਪਰੀਤ ਢਿੱਲੋਂ,ਕੌਂਸਲਰ ਹਰਕੀਰਤ ਸਿੰਘ ਅਤੇ ਵਿਲੀਅਮ ਨੇ ਆਪਣੇ ਵਿਚਾਰ ਪੇਸ਼ ਕੀਤੇ। ਉਹਨਾਂ ਦੱਸਿਆ ਕਿ ਉਹ ਸੀਨੀਅਰਜ ਦੀਆਂ ਸਮੱਸਿਆਵਾਂ ਦੇ ਹੱਲ ਲਈ ਯਤਨ ਕਰਦੇ ਰਹਿੰਦੇ ਹਨ। ਉਹਨਾਂ ਇਹ ਸੂਚਨਾ ਸਾਂਝੀ ਕੀਤੀ ਕਿ ਨਵੰਬਰ ਤੋਂ ਸੀਨੀਅਰਜ਼ ਲਈ ਬੱਸ ਸੇਵਾ ਫਰੀ ਹੋ ਜਾਵੇਗੀ। ਗੁਰਰਤਨ ਸਿੰਘ ਐਮ ਪੀ ਪੀ ਨੇ ਆਪਣੀ ਹਾਜ਼ਰੀ ਲਵਾਉਂਦਿਆਂ ਪਰਧਾਨ ਜੀ ਨੂੰ ਪਰਸ਼ੰਸ਼ਾ ਪੱਤਰ ਭੇਟ ਕੀਤਾ। ਮਨਿੰਦਰ ਸਿੱਧੂ ਐਮ ਪੀ ਨੇ ਦੱਸਿਆ ਕਿ 75 ਸਾਲ ਦੀ ਉਮਰ ਵਾਲੇ ਸੀਨੀਅਰਜ਼ ਨੂੰ ਜੁਲਾਈ 2022 ਤੋਂ 10 ਪ੍ਰਤੀਸ਼ਤ ਦੇ ਵਾਧੇ ਨਾਲ ਪੈਨਸ਼ਨ ਮਿਲੇਗੀ। ਪਰਮਜੀਤ ਬੜਿੰਗ ਨੇ ਸਵਾਲ ਉਠਾਇਆ ਕਿ ਪੈਨਸ਼ਨ ਸਲੈਬ ਵਿੱਚ ਅਜਿਹਾ ਵਾਧਾ ਹਰ ਪੰਜ ਸਾਲ ਬਾਦ ਹੋਣਾ ਚਾਹੀਦਾ ਹੈ। ਉਹਨਾਂ ਇਹ ਮੰਗ ਵੀ ਕੀਤੀ ਕਿ 10 ਸਾਲ ਤੋਂ ਘੱਟ ਸਟੇਅ ਵਾਲੇ ਸੀਨੀਅਰਜ਼ ਨੂੰ ਘੱਟੋ ਘੱਟ 500 ਡਾਲਰ ਗੁਜਾਰਾ ਭੱਤਾ ਮਿਲਣਾ ਚਾਹੀਦਾ ਹੈ। ਬਰੈਂਪਟਨ ਵਿੱਚ ਮੈਰੀਜੁਆਨਾਂ (ਸੁੱਖੇ)ਦੇ ਧੜਾਧੜ ਖੁੱਲ੍ਹ ਰਹੇ ਸਟੋਰਾਂ ਬਾਰੇ ਹੋਈ ਗੱਲ ਵਿੱਚ ਹਰਕੀਰਤ ਸਿੰਘ, ਗੁਰਪ੍ਰੀਤ ਢਿੱਲੋਂ ਅਤੇ ਵਿਲੀਅਮ ਨੇ ਦੱਸਿਆ ਕਿ ਉਹਨਾਂ ਨੇ ਇਸ ਦੇ ਵਿਰੋਧ ਵਿੱਚ ਵੋਟ ਪਾਈ। ਬਲਵੀਰ ਸੋਹੀ ਨੇ ਸੀਨੀਅਰਜ਼ ਨੂੰ ਕਿਹਾ ਕਿ ਸਾਡੇ ਬੱਚੇ ਸਾਡੇ ਵਿਰਸੇ ਤੋਂ ਟੁੱਟ ਰਹੇ ਹਨ। ਇਹ ਸਾਡੀ ਜਿੰਮੇਵਾਰੀ ਹੈ ਕਿ ਉਹਨਾਂ ਨੂੰ ਆਪਣੇ ਵਿਰਸੇ ਨਾਲ ਜੋੜਨ ਦੀ ਕੋਸ਼ਿਸ਼ ਕਰੀਏ।

ਪ੍ਰੋਗਰਾਮ ਵਿੱਚ ਸ਼ਾਮਲ ਸੰਭੂ ਦੱਤ ਸ਼ਰਮਾ, ਜੰਗੀਰ ਸਿੰਘ ਸੈਂਭੀ,ਪ੍ਰੋ ਬਲਵੰਤ ਸਿੰਘ,ਅਮਰੀਕ ਸਿੰਘ ਕੁਮਰੀਆ ਆਦਿ ਨੇ ਸੀਨੀਅਰਜ਼ ਦੀਆਂ ਸਮੱਸਿਆਵਾਂ ਬਾਰੇ ਗੱਲ ਕਰਦੇ ਹੋਏ ਕਿਹਾ ਕਿ ਸਮੱਸਿਆਵਾਂ ਦਾ ਹੱਲ ਏਕੇ ਨਾਲ ਹੀ ਹੋ ਸਕਦਾ ਹੈ ਤੇ ਸਾਨੂੰ ਪੇਸ਼ ਸਮੱਸਿਆਵਾਂ ਦੇ ਹੱਲ ਲਈ ਏਕਾ ਬਣਾ ਕੇ ਰੱਖਣਾ ਚਾਹੀਦਾ ਹੈ। ਸੁਖਦੇਵ ਸਿੰਘ ਗਿੱਲ ਨੇ ਟੈਗੋਰ ਦੀ ਕਵਿਤਾ ਸਾਂਝੀ ਕੀਤੀ ਜਿਸ ਦਾ ਤੱਤਸਾਰ ਸੀ ਕਿ ਅਸੀਂ ਆਦਮੀ ਦੇ ਮਰਨ ਬਾਦ ਜੋ ਕਰਦੇ ਹਾਂ ਉਸ ਦੇ ਜਿਉਂਦੇ ਜੀਅ ਉਸ ਵਾਸਤੇ ਕਰਨਾ ਚਾਹੀਦਾ ਹੈ। ਨਿਰਮਲਾ ਪਰਾਸ਼ਰ ਨੇ ਕਵਿਤਾ ਸੁਣਾ ਕੇ ਆਪਣੀ ਹਾਜਰੀ ਲਵਾਈ। ਨਵੀ ਔਜਲਾ ਨੇ ਰੁਜਗਾਰ ਨਾਲ ਸਬੰਧਤ ਔਕੜਾਂ ਬਾਰੇ ਜਾਣਕਾਰੀ ਦਿੱਤੀ। ਕੰਮ ਸਮੇਂ ਸੱਟ ਲੱਗਣੀ, ਪੇਅ ਸਬੰਧੀ ਮੁਸ਼ਕਲਾਂ ਵਗੈਰਾ ਦੇ ਹੱਲ ਲਈ ਸਾਥ ਦੇਣ ਦਾ ਭਰੋਸਾ ਦਿਵਾਇਆ। ਚਾਹ ਪਾਣੀ ਦੇ ਸਮਾਨ ਦਾ ਪਰਬੰਧ ਕਰਨ ਦੀ ਜਿੰਮੇਵਾਰੀ ਅਮਰਜੀਤ ਸਿੰਘ, ਕੁਲਵੰਤ ਸਿੰਘ , ਜੋਗਿੰਦਰ ਪੱਡਾ ਅਤੇ ਬਣਾਉਣ ਦੀ ਸੇਵਾ ਕਲੱਬ ਮੈਂਬਰ ਗੁਰਬਿੰਦਰ ਸਿੰਘ ਨੇ ਨਿਭਾਈ। ਪਰੋਗਰਾਮ ਦੇ ਸਮੁੱਚੇ ਪਰਬੰਧ ਲਈ ਕਲੱਬ ਦੇ ਪਰਧਾਨ ਗੁਰਨਾਮ ਸਿੰਘ ਗਿੱਲ ਦੀ ਅਗਵਾਈ ਵਿੱਚ ਸ਼ਿਵਦੇਵ ਸਿੰਘ ਰਾਏ, ਬਲਵੰਤ ਸਿੰਘ ਕਲੇਰ, ਹਿੰਮਤ ਸਿੰਘ ਲੱਛੜ ਨੇ ਵਿਸ਼ੇਸ਼ ਹਿੰਮਤ ਕੀਤੀ। ਮਹਿੰਦਰ ਕੌਰ ਪੱਡਾ, ਬਲਜੀਤ ਕੌਰ ਸੇਖੋਂ, ਪਰਕਾਸ਼ ਕੌਰ, ਨਿਰਮਲਾ ਪਰਾਸ਼ਰ, ਸ਼ਰਨਜੀਤ ਕੌਰ ਨੇ ਚਾਹ ਪਾਣੀ ਵਰਤਾਉਣ ਦਾ ਕੰਮ ਬੜੇ ਸਲੀਕੇ ਨਾਲ ਨੇਪਰੇ ਚਾੜ੍ਹਿਆ। ਕਲੱਬ ਦੇ ਸਮੂਹ ਮੈਂਬਰਾਂ ਦੇ ਸਹਿਯੋਗ ਸਦਕਾ ਇਹ ਪਰੋਗਰਾਮ ਬਹੁਤ ਸਫਲ ਰਿਹਾ। ਇਸ ਪਰੋਗਰਾਮ ਨੂੰ ਸਟੇਜ ਸਕੱਤਰ ਕੁਲਵੰਤ ਸਿੰਘ ਨੇ ਲੜੀਬੱਧ ਤਰੀਕੇ ਨਾਲ ਚਲਾਇਆ ਤੇ ਅੰਤ ਵਿੱਚ ਸਾਰੇ ਹਾਜ਼ਰੀਨ ਦਾ ਧੰਨਵਾਦ ਕੀਤਾ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202







## Sales Person Required

**Dubai Jewellers:** Sales person required at Dubai Jewellers with Jewellery sale experience for part time/full time job. For more information contact Raj 416-465-1200.








## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)





## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

## ਲੜਕੇ ਦੀ ਲੋੜ

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjot-dahiya@gmail.com
Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com







## WANTED

Panjabi Nannies, Caregivers, Cleaning ladies and Cooks for GTA. Please contact at the earliest at: 416-275-7010



## A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952
70 Delta Park Blvd, Unit # 4, Brampton



## ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਸੰਪਰਕ: 647-205-5909, 416-618-3358**



## ਵਰਕਰਾਂ ਦੀ ਲੋੜ

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।

**ਸੰਪਰਕ: 647-391-3365**





ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Tel: 905.793.5777

Avtar Singh Tiwana
Sales Representative
416.802.5866



31 Melanie Dr. Unit #4 Brampton, ON L6T 5H8




CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿੱਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




ਬਰੈਂਪਟਨ ਵਿਚ ਬਹੁਤ ਹੀ ਵਧੀਆ 3000-3500 ਸਕੇਅਰ ਫੁੱਟ ਦਾ ਘਰ। 4+2 ਬੈਡਰੂਮ, ਡਬਲ ਸਟੋਰੀ, 5 ਵਾਸ਼ਰੂਮ, ਮੇਨ ਫਲੋਰ ਪੌਟ ਲਾਈਟਸ, ਫੈਮਿਲੀ ਰੂਮ ਵਿਚ ਫਾਇਰਪਲੇਸ, ਵੱਡਾ ਕਿਚਨ ਲਾਰਜ ਆਈਲੈਂਡ ਦੇ ਨਾਲ, ਆਫਿਸ ਨੁੱਕ, ਵੀਡੀਓ ਸਰਵਿਲਾਂਸ, ਵਾਕ ਆਊਟ ਬਾਲਕੋਨੀ, 6 ਕਾਰ ਪਾਰਕਿੰਗ, ਡਬਲ ਗਰਾਜ, ਲੀਗਲ ਬੇਸਮੈਂਟ 2 ਬੈਡਰੂਮਜ਼ ਤੇ ਵਾਸ਼ਰੂਮ ਅਤੇ ਸੈਪਰੇਟ ਇੰਟ੍ਰੈਂਸ ਦੇ ਨਾਲ। ਸਾਰੀਆਂ ਸਹੂਲਤਾਂ ਦੇ ਨੇੜੇ।

# ਉੱਘੇ ਪ੍ਰਵਾਸੀ ਸਾਹਿਤਕਾਰ ਬਿੱਕਰ ਐਸ਼ੀ ਕੰਮੇਆਣਾ ਦਾ ਨਾਵਲ 'ਬਿਨ ਖੰਭਾਂ ਪਰਵਾਸ' ਲੋਕ ਅਰਪਣ









ਜਲੰਧਰ, 2 ਸਤੰਬਰ (ਗਿਆਨ ਸਿੰਘ): ਪੰਜਾਬੀ ਸਾਹਿਤ ਸਭਾ ( ਰਜਿ.) ਜਲੰਧਰ ਛਾਉਣੀ ਵੱਲੋਂ ਦੇਸ਼ ਭਗਤ ਯਾਦਗਾਰੀ ਹਾਲ, ਜਲੰਧਰ ਵਿਖੇ ਉੱਘੇ ਪ੍ਰਵਾਸੀ ਸਾਹਿਤਕਾਰ ਬਿੱਕਰ ਐਸ਼ੀ ਕੰਮੇਆਣਾ ਦੇ ਨਾਵਲ "ਬਿਨ ਖੰਭਾਂ ਪਰਵਾਸ" ਦੇ ਲੋਕ ਅਰਪਣ ਦੀ ਰਸਮ ਕਰਨ ਦੇ ਨਾਲ ਹੀ ਨਾਵਲ ਉਪਰ ਗੋਸ਼ਟੀ ਵੀ ਕਰਵਾਈ ਗਈ। ਜਿਸ ਵਿੱਚ ਸ਼੍ਰੋਮਣੀ ਬਾਲ ਸਾਹਿਤਕਾਰ ਅਮਰੀਕ ਸਿੰਘ ਤਲਵੰਡੀ ਅਤੇ ਉਘੀ ਲੇਖਿਕਾ ਗੁਰਚਰਨ ਕੋਛੜ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਨਾਵਲ ਬਾਰੇ ਡਾ.ਸੁਦਰਸ਼ਨ ਗਾਸੋ ਅਤੇ ਡਾ. ਗੁਰਦਿੰਰਪਾਲ ਸਿੰਘ ਨੇ ਮਨ- ਮਸਤਕ ਨੂੰ ਰੁਸ਼ਨਾਉਣ ਵਾਲੇ ਪਰਚੇ ਪੜ੍ਹੇ। ਡਾ.ਰਾਮ ਮੂਰਤੀ ਕਿਸੇ ਮਜਬੂਰੀ ਕਰਕੇ ਹਾਜ਼ਰ ਨਹੀਂ ਹੋ ਸਕੇ, ਉਨ੍ਹਾਂ ਦਾ ਬਹੁਤ ਹੀ ਵਧੀਆ ਅਤੇ ਸੰਤੁਲਿਤ ਪੇਪਰ ਸਭਾ ਦੇ ਖਜ਼ਾਨਚੀ ਪਰਵਿੰਦਰ ਸਿੰਘ ਨੇ ਬਾਖੂਬੀ ਪੇਸ਼ ਕੀਤਾ। ਬਹੁਤ ਸਾਰੇ ਵਿਦਵਾਨਾਂ ਨੇ ਵਿਚਾਰ ਚਰਚਾ ਵਿੱਚ ਸਾਰਥਕ ਯੋਗਦਾਨ ਪਾਇਆ। ਇਸ ਮੌਕੇ ਸਭਾ ਵੱਲੋਂ ਉਘੇ ਲੇਖਿਕਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਗੁਰ- ਚਰਨ ਕੋਛੜ ਨੇ ਸਭਾ ਦੇ ਪ੍ਰਧਾਨ ਹਰਮੀਤ ਅਟਵਾਲ, ਸੀਨੀਅਰ ਮੀਤ ਪ੍ਰਧਾਨ ਹਰਪਾਲ ਸਿੰਘ ਸੈਣੀ ,ਜਨਰਲ ਸਕੱਤਰ ਪਰਮਜੀਤ ਸਿੰਘ ਸੰਸੋਆ ਨੂੰ ਅਤੇ ਇਨ੍ਹਾਂ ਨਾਲ ਜੁੜੀ ਸਮੁੱਚੀ ਟੀਮ ਨੂੰ ਪ੍ਰੋਗਰਾਮ ਦੀ ਸਫ਼ਲਤਾ ਲਈ ਦਿਲ ਦੀਆਂ ਅਥਾਹ ਗਹਿਰਾਈਆਂ ਤੋਂ ਮੁਬਾਰਕਬਾਦ ਦਿਤੀ ਅਤੇ ਧੰਨਵਾਦ ਕੀਤਾ ਕਿ ਉਹਨਾਂ ਨੂੰ ਬਹੁਤ ਹੀ ਖੂਬਸੂਰਤ ਸਮਾਗਮ ਦੀ ਪ੍ਰਧਾਨਗੀ ਕਰਨ ਦਾ ਮਾਣ ਬਖ਼ਸ਼ਿਆ।

**Great Invetsment Opportunity**

**In The Region of Timminis,ON**

**8 ACRE OF lAND CAN BE SEVERD IN TWO LOTS OF 4 ACRE**

**Apartment Building For Sale:**

**4 units 3 bedroom** | **2 units 1 bedroom** | **1 unit bachelor**








**For More Details Call: 416-970-5005/647-242-8667**



Jas Toor
Sales Repersentative

Sutton

Sutton Group-Realty Experts
Brokerage*

Jagdish Grewal
Sales Repersentative

Century 21

President Realty Inc.
Brokerage*




Generously Sponsored by
CN
September is
Brampton Tree Month!
Join us to celebrate Brampton trees by:
• learning about tree initiatives and programs
• taking part in scheduled events and activities
• grabbing a free tree as part of the Residential Tree Giveaway
• telling us what you think of Brampton's natural spaces (for a chance to win a prize)
Snap a photo of your favourite tree and share on social media using #BramptonTrees
Learn more at brampton.ca/trees
BRAMPTON


RIVERSTONE EYE CARE
Comprehensive Eye Exam
Diagnostic Imaging & Testing
Glaucoma Testing
OUR SERVICES ALSO INCLUDE -
- Direct Billing to all major insurance companies
- Special Testing on-site
- High quality lenses and custom frames
20 ਸਾਲ ਤੋਂ ਛੋਟੇ ਬੱਚੇ, 65 ਸਾਲ ਤੋਂ ਉਤੇ ਬਜ਼ੁਰਗ ਅਤੇ ਡਾਇਬੈਟਿਕ ਮਰੀਜਾ ਨੂੰ ਹੈਲਥ ਕਾਰਡ ਦੁਆਰਾ ਕਵਰ ਕੀਤਾ ਜਾਂਦਾ ਹੈ!
Book your appointment
Call Now at (905) 915-9255
Full Time Doctors available 6 days a week
Dr. Paramvir Gill
Dr. Harpreet Gill
Address: 25 Cherrycrest Drive, Unit #4, Brampton, ON, L6P 3W4
www.riverstoneeyecare.com


Dr. Randhawa Dentistry
Your own dentist who really cares for you
We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment
Dr. Samreet Kaur Randhawa
General Family Dentist
New Patients welcome
Deal Directly with all Insurance Companies
• ਸੀਨੀਅਰ ਡਿਸਕਾਊਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd
Mcvean Dr
DENTISTRY
Squire Ellis Dr
Gore Rd
Countryside Dr


afc
ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017

ਫੈਡਰਲ ਇਲੈਕਸ਼ਨ / ਸੋਮਵਾਰ, 20 ਸਤੰਬਰ

#ItsOurVote

# ਯਕੀਨੀ ਬਣਾਓ ਕਿ ਤੁਸੀਂ ਵੋਟ ਪਾਉਣ ਲਈ ਰਜਿਸਟਰਡ ਹੋ।

ਕੀ ਪਹਿਲੀ ਵਾਰ ਵੋਟ ਪਾ ਰਹੇ ਹੋ? ਕੀ ਹਾਲ ਹੀ ਘਰ ਬਦਲਿਆ ਹੈ? ਆਪਣੀ ਜਾਣਕਾਰੀ ਦੀ ਜਾਂਚ ਕਰੋ ਜਾਂ ਅੱਪਡੇਟ ਕਰੋ।




**ਮੇਲ ਵਿਚ ਆਪਣੇ ਵੋਟਰ ਜਾਣਕਾਰੀ ਕਾਰਡ ਲਈ ਉਡੀਕ ਕਰੋ**

ਇਹ ਤੁਹਾਨੂੰ ਦੱਸਦਾ ਹੈ ਕਿ ਤੁਸੀਂ ਕਿੱਥੇ ਅਤੇ ਕਦੋਂ ਵੋਟ ਪਾ ਸਕਦੇ ਹੋ।

**ਇਲੈਕਸ਼ਨਜ਼ ਕੈਨੇਡਾ ਨਾਲ ਸੰਪਰਕ ਕਰੋ, ਜੇ ਤੁਹਾਡੇ ਵੋਟਰ ਜਾਣਕਾਰੀ ਕਾਰਡ 'ਤੇ:**

- ਦਿੱਤੀ ਜਾਣਕਾਰੀ ਗਲਤ ਹੈ
- 10 ਸਤੰਬਰ ਤੱਕ ਨਹੀਂ ਪਹੁੰਚਿਆ

# ਤੁਹਾਡੀ ਸਿਹਤ ਅਤੇ ਸੁਰੱਖਿਆ ਸਾਡੀ ਤਰਜੀਹ ਹੈ।

ਤੁਹਾਡੇ ਪੋਲਿੰਗ ਸਟੇਸ਼ਨ ਤੇ, ਪੋਲ ਕਰਮਚਾਰੀ ਮਾਸਕ ਪਹਿਨਣਗੇ। ਉਥੇ ਇਹ ਵੀ ਹੋਣਗੇ:



ਹੈਂਡ ਸੈਨੇਟਾਈਜ਼ਰ ਸਟੇਸ਼ਨ




ਸਰੀਰਕ ਦੂਰੀ ਬਣਾਉਣ ਵਾਲੇ ਸਪਸ਼ਟ ਨਿਸ਼ਾਨ



ਇਕ ਪਲੈਕਸੀਗਲਾਸ ਬੈਰੀਅਰ ਦੇ ਪਿੱਛੇ ਪ੍ਰਤੀ ਡੈਸਕ ਇੱਕ ਪੋਲ ਕਰਮਚਾਰੀ ਹੋਵੇਗਾ

# ਜਦੋਂ ਤੁਸੀਂ ਵੋਟ ਪਾਉਣ ਜਾਂਦੇ ਹੋ, ਇਹ ਗੱਲਾਂ ਨਾ ਭੁੱਲਣਾ:



ਮਾਸਕ ਪਾਓ



ਅਸੀਂ ਤੁਹਾਨੂੰ ਆਪਣੇ ਬੈਲਟ 'ਤੇ ਨਿਸ਼ਾਨ ਲਗਾਉਣ ਲਈ ਇਕਹਿਰੀ-ਵਰਤੋਂ ਵਾਲੀ ਪੈਨਸਿਲ ਪ੍ਰਦਾਨ ਕਰਾਂਗੇ, ਜਾਂ ਤੁਸੀਂ ਖੁਦ ਆਪਣਾ ਕਲਮ ਜਾਂ ਪੈਨਸਿਲ ਲਿਆ ਸਕਦੇ ਹੋ।




ਵੋਟਰਾਂ ਅਤੇ ਪੋਲ ਕਰਮਚਾਰੀਆਂ ਤੋਂ ਘੱਟੋ-ਘੱਟ ਦੋ ਮੀਟਰ ਦੀ ਦੂਰੀ 'ਤੇ ਰਹਿ ਕੇ ਸਰੀਰਕ ਦੂਰੀਆਂ ਦਾ ਪਾਲਣ ਕਰੋ

ਜੇ ਕੋਵਿਡ-19 ਦੀ ਜਾਂਚ ਦਾ ਤੁਹਾਡਾ ਸਕਾਰਾਤਮਕ ਨਤੀਜਾ ਆਇਆ ਹੈ ਜਾਂ ਤੁਹਾਨੂੰ ਲੱਛਣ ਹਨ, ਜਾਂ ਜੇ ਤੁਸੀ ਕਿਸੇ ਅਜਿਹੇ ਵਿਅਕਤੀ ਨਾਲ ਸੰਪਰਕ ਕੀਤਾ ਹੈ ਜਸਿ ਨੂੰ ਵਾਇਰਸ ਹੈ, **ਤਾਂ ਡਾਕ ਦੁਆਰਾ ਵੋਟ ਪਾਉਣ ਦੀ ਅਰਜ਼ੀ ਦੇਣ ਲਈ ਤੁਸੀਂ elections.ca ਤੇ ਮੰਗਲਵਾਰ, 14 ਸਤੰਬਰ, ਸ਼ਾਮ 6 ਵਜੇ ਤੱਕ ਅਪਲਾਈ ਕਰ ਸਕਦੇ ਹੋ । ਸੁਰੱਖਿਅਤ ਰਹੋ। ਸੁਰੱਖਿਅਤ ਤਰੀਕੇ ਨਾਲ ਵੋਟ ਪਾਓ।**

It's Our Vote

**ਸੁਰੱਖਿਅਤ ਰਹੋ। ਸੁਰੱਖਿਅਤ ਤਰੀਕੇ ਨਾਲ ਵੋਟ ਪਾਓ।**

ਵੋਟਿੰਗ ਬਾਰੇ ਅਤੇ ਲਾਗੂ ਕੀਤੇ ਗਏ ਸਿਹਤ ਅਤੇ ਸੁਰੱਖਿਆ ਉਪਾਵਾਂ ਬਾਰੇ ਅਧਿਕਾਰਿਤ ਜਾਣਕਾਰੀ ਵਾਸਤੇ, elections.ca 'ਤੇ ਜਾਓ।

1-800-463-6868 / **elections.ca** / TTY 1-800-361-8935

Elections Canada